@Qpatrika
@qaumipatrika punjabi
instagram.com/ qaumipatrika
Largest Circulated
विश्व भर में सबसे ज्यादा पढ़ा जाने वाला
# ਕੌਮੀ ਪਤ੍ਰਿਕਾ
दिल्ली, हिमाचल, हरियाणा, पंजाब, उत्तर प्रदेश, उत्तराखण्ड से प्रसारित।
Thursday, 1 October 2026
Punjabi National Daily
Qaumi Patrika NO.1
VISIT: www.qaumipatrika.org
Email: qpatrika@gmail.com
ਨਵੀਂ ਦਿੱਲੀ: ਵੀਰਵਾਰ 1 ਅਕਤੂਬਰ 2026, 17 ਅੱਸੂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ
R.N.I. No. 39272/81— ਸੰਪਾਦਕ — ਗੁਰਚਰਨ ਸਿੰਘ ਬੱਬਰ — ਸਾਲ — 44, ਅੰਕ 328, qpatrika@gmail.com ਫੋਨ : 9971359517 www.qaumipatrika.org

## ਪਿਛਲੇ 12 ਸਾਲਾਂ 'ਚ ਪਿੰਡਾਂ ਦੇ ਬੁਨਿਆਦੀ ਢਾਂਚੇ 'ਚ ਹੋਇਆ ਜ਼ਿਕਰਯੋਗ ਸੁਧਾਰ : ਪ੍ਰਧਾਨ ਮੰਤਰੀ ਮੋਦੀ

ਕੌਮੀ ਪਤ੍ਰਿਕਾ
ਸਿੰਮੀ ਕੌਰ ਬੱਬਰ

ਨਵੀਂ ਦਿੱਲੀ 30 ਸਤੰਬਰ। ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਕਿਹਾ ਕਿ ਪਿਛਲੇ 12 ਸਾਲਾਂ 'ਚ ਭਾਰਤ 'ਚ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਅੰਤਰ ਕਾਫ਼ੀ ਘੱਟ ਹੋਇਆ ਹੈ। ਪੀਐੱਮ ਮੋਦੀ ਨੇ ਵਾਰਾਣਸੀ ਤੋਂ ਵਡਨਗਰ ਤੱਕ 'ਸੇਵਾ ਯਾਤਰਾ' ਮੋਟਰਸਾਈਕਲ ਰੈਲੀ ਦੇ ਭਾਗੀਦਾਰਾਂ ਨੂੰ ਦੱਸਿਆ ਕਿ 2014 'ਚ ਉਨ੍ਹਾਂ ਦੀ ਸਰਕਾਰ ਦੇ ਸੱਤਾ 'ਚ ਆਉਣ ਤੋਂ ਬਾਅਦ ਦੇਸ਼ ਦੀਆਂ ਔਰਤਾਂ 'ਚ ਆਤਮ ਨਿਰਭਰਤਾ ਵਧੀ ਹੈ। ਉਨ੍ਹਾਂ ਕਿਹਾ,ਪਿਛਲੇ 12 ਸਾਲਾਂ 'ਚ ਭਾਰਤ 'ਚ ਸ਼ਹਿਰਾਂ ਅਤੇ ਪਿੰਡਾਂ ਵਿਚਕਾਰ ਅੰਤਰ ਕਾਫ਼ੀ ਘੱਟ ਹੋਇਆ ਹੈ। ਪਿੰਡਾਂ 'ਚ ਬੁਨਿਆਦੀ ਢਾਂਚੇ 'ਚ ਅੱਜ ਕਾਫ਼ੀ ਸੁਧਾਰ ਹੋਇਆ ਹੈ। ਪ੍ਰਧਾਨ ਮੰਤਰੀ ਨੇ ਭਾਗੀਦਾਰਾਂ ਨੂੰ ਕਿਹਾ ਕਿ ਕੰਮ ਸਿਰਫ਼ ਵੋਟ ਬੈਂਕ ਦੀ ਰਾਜਨੀਤੀ ਲਈ ਨਹੀਂ, ਸਗੋਂ ਸਮਾਜ 'ਚ ਨਿਰੰਤਰ ਸੁਧਾਰ ਅਤੇ ਸਕਾਰਾਤਮਕ ਤਬਦੀਲੀ ਲਈ ਕੀਤਾ ਜਾਣਾ ਚਾਹੀਦਾ ਹੈ। ਪੀਐੱਮ ਮੋਦੀ ਦੇ 76ਵੇਂ ਜਨਮਦਿਨ ਮੌਕੇ 17 ਸਤੰਬਰ ਨੂੰ ਵਡਨਗਰ ਅਤੇ ਵਾਰਾਣਸੀ ਤੋਂ 2



ਮੋਟਰਸਾਈਕਲ ਰੈਲੀਆਂ ਨੂੰ ਰਵਾਨਾ ਕੀਤਾ ਗਿਆ ਸੀ ਅਤੇ ਇਨ੍ਹਾਂ ਦਾ ਸਮਾਪਨ 7 ਅਕਤੂਬਰ ਨੂੰ ਹੋਵੇਗਾ। ਵਡਨਗਰ ਤੋਂ ਵਾਰਾਣਸੀ ਅਤੇ ਵਾਰਾਣਸੀ ਤੋਂ ਵਡਨਗਰ ਤੱਕ ਇਹ ਮੋਟਰਸਾਈਕਲ ਰੈਲੀਆਂ ਪੀਐੱਮ ਮੋਦੀ ਦੇ ਚੁਣੇ ਹੋਏ ਪ੍ਰਤੀਨਿਧੀ ਵਜੋਂ ਜਨਤਕ ਸੇਵਾ ਦੇ 25 ਸਾਲ ਪੂਰਾ ਕਰਨ ਕਾਰਨ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਗੁਜਰਾਤ ਦਾ ਵਡਨਗਰ ਮੋਦੀ ਦਾ ਜਨਮ ਸਥਾਨ ਹੈ, ਜਦੋਂ ਕਿ ਉੱਤਰ ਪ੍ਰਦੇਸ਼ ਦਾ ਵਾਰਾਣਸੀ 2014 ਤੋਂ ਉਨ੍ਹਾਂ ਦਾ ਲੋਕ ਸਭਾ ਹਲਕਾ ਰਿਹਾ ਹੈ। ਦੋਵੇਂ ਰੈਲੀਆਂ ਜ਼ਮੀਨੀ ਪੱਧਰ 'ਤੇ ਸੇਵਾ ਦੀ ਭਾਵਨਾ ਫੈਲਾਉਣ ਦੇ ਉਦੇਸ਼ ਨਾਲ ਵੱਖ-ਵੱਖ ਕਸਬਿਆਂ, ਜ਼ਿਲ੍ਹਿਆਂ ਅਤੇ ਪਿੰਡਾਂ 'ਚੋਂ ਲੰਘ ਰਹੀਆਂ ਹਨ। ਪੀਐੱਮ ਮੋਦੀ ਨੇ ਕਿਹਾ ਕਿ ਵਡਨਗਰ ਨੇ ਉਨ੍ਹਾਂ ਨੂੰ ਉਹ ਸੰਸਕਾਰ ਦਿੱਤੇ, ਜਿਨ੍ਹਾਂ ਦੇ ਉਨ੍ਹਾਂ ਦੇ ਜੀਵਨ ਨੂੰ ਆਕਾਰ ਦਿੱਤਾ ਅਤੇ ਕਾਸ਼ੀ (ਵਾਰਾਣਸੀ) ਨੇ ਉਨ੍ਹਾਂ ਸੰਸਕਾਰਾਂ 'ਚ ਸੇਵਾ ਦੇ ਅਣਗਿਣਤ ਰੰਗ ਜੋੜੇ। ਉਨ੍ਹਾਂ ਕਿਹਾ,ਮੈਨੂੰ ਖੁਸ਼ੀ ਹੈ ਕਿ ਤੁਸੀਂ ਸਾਰੇ ਇਸ ਯਾਤਰਾ ਨੂੰ ਸੇਵਾ ਦੇ ਕਈ ਰੰਗਾਂ ਨਾਲ ਅਮੀਰ ਬਣਾ ਰਹੇ ਹੋ। ਇਨ੍ਹਾਂ 2 ਮੋਟਰਸਾਈਕਲ ਰੈਲੀਆਂ ਰਾਹੀਂ, ਜਨਤਕ ਚਿੰਤਾ ਦੇ ਵੱਖ-ਵੱਖ ਪਹਿਲੂਆਂ, ਜਿਵੇਂ ਕਿ ਸੇਵਾ, ਪਹੁੰਚ, ਨੌਜਵਾਨਾਂ ਦੀ ਭਾਗੀਦਾਰੀ, ਸਮਾਜ ਭਲਾਈ, ਸੱਭਿਆਚਾਰਕ ਸ਼ਮੂਲੀਅਤ ਅਤੇ ਭਾਈਚਾਰਕ ਭਾਗੀਦਾਰੀ ਨੂੰ ਇਕ ਜ਼ਮੀਨੀ ਪੱਧਰ ਤੋਂ ਦੂਜੀ ਤੱਕ ਲਿਜਾਇਆ ਜਾ ਰਿਹਾ ਹੈ। ਪ੍ਰਧਾਨ ਮੰਤਰੀ ਨੇ ਵੀਰਵਾਰ ਨੂੰ ਵਡਨਗਰ ਤੋਂ ਵਾਰਾਣਸੀ ਤੱਕ ਰੈਲੀ 'ਚ ਭਾਗੀਦਾਰਾਂ ਨਾਲ ਗੱਲਬਾਤ ਕੀਤੀ।

## ਸੋਨਮ ਵਾਂਗਚੁਕ ਨੇ ਜਤਾਇਆ ਕਤਲ ਦਾ ਸ਼ੱਕ ਲੇਹ ਹਿੰਸਾ ਲਈ ਅਮਿਤ ਸ਼ਾਹ ਨੂੰ ਠਹਿਰਾਇਆ ਜ਼ਿੰਮੇਵਾਰ

ਕੌਮੀ ਪਤ੍ਰਿਕਾ

ਜੰਮੂ 30 ਸਤੰਬਰ। ਵਾਤਾਵਰਣ ਪ੍ਰੇਮੀ ਅਤੇ ਸਿੱਖਿਆ ਸ਼ਾਸਤਰੀ ਸੋਨਮ ਵਾਂਗਚੁਕ ਨੇ ਲੇਹ ਹਿੰਸਾ ਦੀ ਪਹਿਲੀ ਬਰਸੀ 'ਤੇ ਲੋਕਾਂ ਨੂੰ ਸੰਬੋਧਨ ਕੀਤਾ। ਉਨ੍ਹਾਂ ਨੇ ਲੱਦਾਖ ਦੇ ਲੋਕਾਂ ਨਾਲ ਦੁਰਵਿਵਹਾਰ ਲਈ ਕੇਂਦਰ ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ ਅਤੇ ਕਿਹਾ ਕਿ ਉਹ ਅੰਤ ਤੱਕ ਆਪਣੇ ਹੱਕਾਂ ਲਈ ਲੜਦੇ ਰਹਿਣਗੇ। ਕੇਂਦਰ 'ਤੇ ਨਿਸ਼ਾਨਾ ਸਾਧਦਿਆਂ ਵਾਂਗਚੁਕ ਨੇ ਕਿਹਾ ਕਿ ਲੋਕ ਕਹਿੰਦੇ ਹਨ ਮੇਰਾ ਐਨਕਾਊਂਟਰ ਹੋ ਸਕਦਾ ਹੈ। ਮੈਂ ਕਹਿੰਦਾ ਹਾਂ ਹੋਵੇ, ਇਹ ਮੇਰੀ ਆਖਰੀ ਇੱਛਾ ਹੈ। ਇਸ ਨਾਲ ਦੇਸ਼ ਜਾਗੇਗਾ। ਲੇਹ ਵਿੱਚ ਹੋਈ ਹਿੰਸਾ ਅਤੇ ਨਾਗਰਿਕਾਂ ਦੀ ਮੌਤ ਦੀ ਪਹਿਲੀ ਬਰਸੀ 'ਤੇ ਵਾਂਗਚੁਕ ਨੇ ਕਿਹਾ ਕਿ ਚੀਨ ਵੀ ਤਿੱਬਤੀਆਂ ਨਾਲ ਉਸ ਤਰ੍ਹਾਂ ਦਾ ਵਿਵਹਾਰ ਨਹੀਂ ਕਰਦਾ ਜਿਸ ਤਰ੍ਹਾਂ ਨਵੀਂ ਦਿੱਲੀ ਲੱਦਾਖ ਦੇ ਲੋਕਾਂ ਨਾਲ ਕਰ ਰਹੀ ਹੈ। ਵਾਂਗਚੁਕ ਨੇ ਦਾਅਵਾ ਕੀਤਾ ਕਿ ਪਿਛਲੇ ਸਾਲ 24 ਸਤੰਬਰ ਨੂੰ ਹੋਈ ਹਿੰਸਾ ਯੋਜਨਾਬੱਧ ਸੀ ਅਤੇ ਲੱਦਾਖ ਵਿੱਚ ਫਿਰਕੂ ਦੰਗੇ ਭੜਕਾਉਣ ਦੀ ਕੋਸ਼ਿਸ਼ ਕੀਤੀ ਗਈ ਸੀ। ਹਾਲ ਹੀ ਵਿੱਚ ਦਿੱਲੀ ਵਿੱਚ ਕਾਕਰੋਚ ਪ੍ਰੋਟੈਸਟ ਦੀ ਅਗਵਾਈ ਕਰਨ ਵਾਲੇ ਵਾਂਗਚੁਕ ਨੇ ਗ੍ਰਹਿ ਮੰਤਰੀ ਅਮਿਤ ਸ਼ਾਹ ਦੇ ਅਸਤੀਫ਼ੇ ਦੀ ਭੇਜਿਆ ਗਿਆ ਸੀ। ਹੁਣ ਬੱਸ ਐਨਕਾਊਂਟਰ ਹੀ ਬਾਕੀ ਹੈ। ਮੇਰੀ ਇੱਛਾ ਹੈ ਕਿ ਉਹ ਮੈਨੂੰ ਐਨਕਾਊਂਟਰ ਵਿੱਚ ਮਾਰ ਦੇਣ। ਮਾਹਿਰ ਮੈਨੂੰ ਕਹਿੰਦੇ ਹਨ ਕਿ ਤੁਹਾਡਾ ਐਨਕਾਊਂਟਰ ਹੋ ਜਾਵੇਗਾ। ਹੋਣ ਦਿਓ, ਤਾਂ ਜੋ ਦੇਸ਼



ਮੰਗ ਕੀਤੀ ਅਤੇ ਉਨ੍ਹਾਂ ਨੂੰ ਲੱਦਾਖ ਵਿੱਚ ਹਿੰਸਾ ਅਤੇ ਨਾਗਰਿਕ ਮੌਤਾਂ ਦੀ ਜ਼ਿੰਮੇਵਾਰੀ ਲੈਣ ਲਈ ਕਿਹਾ। ਮੈਨੂੰ ਪਤਾ ਹੈ ਕਿ ਅੱਜ ਬੋਲਣ ਤੋਂ ਬਾਅਦ ਉਹ (ਸਰਕਾਰ) ਮੈਨੂੰ ਦਬਾਉਣ ਦੀ ਕੋਸ਼ਿਸ਼ ਕਰਨਗੇ, ਉਨ੍ਹਾਂ ਨੇ ਪਹਿਲਾਂ ਵੀ ਅਜਿਹਾ ਕੀਤਾ ਹੈ। ਮੈਨੂੰ ਜੇਲ੍ਹ ਜਾਗ ਸਕੇ। - ਸੋਨਮ ਵਾਂਗਚੁਕ, ਵਾਤਾਵਰਣ ਵਿਗਿਆਨੀ ਸੋਨਮ ਵਾਂਗਚੁਕ ਨੇ ਕਿਹਾ ਕਿ ਅੱਜ ਲੱਦਾਖ 'ਚ ਸੈਂਕੜੇ ਲੋਕ ਉਨ੍ਹਾਂ ਚਾਰ ਲੋਕਾਂ ਨੂੰ ਸ਼ਰਧਾਂਜਲੀ ਦੇਣ ਲਈ ਇਕੱਠੇ ਹੋਏ ਹਨ, ਜਿਨ੍ਹਾਂ ਵਿੱਚ ਇੱਕ ਸਾਬਕਾ ਯੁੱਧ ਨਾਇਕ ਵੀ ਸ਼ਾਮਲ ਸਨ

## ਨਿੱਜੀ ਵਟਸਐੱਪ ਸੰਦੇਸ਼ ਜਨਤਕ ਆਲੋਚਨਾ ਨਹੀਂ ਮੰਨੇ ਜਾ ਸਕਦੇ : ਹਿਮਾਚਲ ਹਾਈ ਕੋਰਟ

ਸ਼ਿਮਲਾ 30 ਸਤੰਬਰ। ਹਿਮਾਚਲ ਪ੍ਰਦੇਸ਼ ਹਾਈ ਕੋਰਟ ਨੇ ਐੱਚਆਰਟੀਸੀ ਦੇ ਇਕ ਕੰਡਕਟਰ ਨੂੰ ਬਹਾਲ ਕਰਨ ਦਾ ਹੁਕਮ ਦਿੰਦੇ ਹੋਏ ਕਿਹਾ ਕਿ ਵਟਸਐਪ 'ਤੇ ਹੋਈ ਨਿੱਜੀ ਗੱਲਬਾਤ ਨੂੰ ਜਨਤਕ ਆਲੋਚਨਾ ਨਹੀਂ ਮੰਨਿਆ ਜਾ ਸਕਦਾ ਅਤੇ ਕਰਮਚਾਰੀਆਂ ਨੂੰ ਆਪਣੀਆਂ ਸ਼ਿਕਾਇਤਾਂ ਅਤੇ ਅਸਹਿਮਤੀ ਪ੍ਰਗਟ ਕਰਨ ਦਾ ਅਧਿਕਾਰ ਹੈ। ਹਾਈ ਕੋਰਟ ਨੇ ਹਿਮਾਚਲ ਪ੍ਰਦੇਸ਼ ਸੜਕ ਟਰਾਂਸਪੋਰਟ ਨਿਗਮ (ਐੱਚਆਰਟੀਸੀ) ਦੇ 10 ਅਕਤੂਬਰ 2023 ਦੇ ਉਸ ਆਦੇਸ਼ ਨੂੰ ਰੱਦ ਕਰ ਦਿੱਤਾ, ਜਿਸ ਨੇ 2021 'ਚ ਨਿਯੁਕਤ ਕੀਤੇ ਗਏ ਇਕ ਕੰਟਰੈਕਟ ਆਪਰੇਟਰ ਸੁਨੀਲ ਕੁਮਾਰ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ ਸੀ। ਸਤੰਬਰ 2023'ਚ ਕੁਝ ਕੰਡਕਟਰਾਂ ਨੇ ਹਿਮਾਚਲ ਕੰਡਕਟਰ ਯੂਨਿਟੀ ਨਾਮੀ ਇਕ ਵਟਸਐਪ ਗਰੁੱਪ ਬਣਾਇਆ, ਜਿਸ 'ਚ ਕੁਮਾਰ ਨੇ 2 ਆਮ ਸੰਦੇਸ਼ ਸਾਂਝੇ ਕੀਤੇ। ਇਨ੍ਹਾਂ ਸੰਦੇਸ਼ਾਂ ਨੇ ਕਾਰਪੋਰੇਸ਼ਨ ਦੇ ਨਵੇਂ ਨਿਯਮਾਂ ਦੀ ਸਮੀਖਿਆ ਕੀਤੀ ਅਤੇ ਕਰਮਚਾਰੀਆਂ ਲਈ ਉਨ੍ਹਾਂ ਦੇ ਸੰਭਾਵੀ ਲਾਭਾਂ ਅਤੇ ਨੁਕਸਾਨਾਂ ਬਾਰੇ ਚਰਚਾ ਕੀਤੀ। ਐੱਚਆਰਟੀਸੀ ਪ੍ਰਬੰਧਨ ਨੇ ਇਨ੍ਹਾਂ ਸੰਦੇਸ਼ਾਂ ਨੂੰ ਆਪਣੇ ਸੋਸ਼ਲ ਮੀਡੀਆ ਦਿਸ਼ਾ-ਨਿਰਦੇਸ਼ਾਂ ਅਤੇ ਕੁਮਾਰ ਦੇ ਕੰਟਰੈਕਟ ਸ਼ਰਤਾਂ ਦੀ ਉਲੰਘਣਾ ਮੰਨਿਆ। ਉਸ ਨੇ ਅਕਤੂਬਰ 2023 'ਚ ਕੁਮਾਰ ਦੀਆਂ ਸੇਵਾਵਾਂ ਨੂੰ ਖਤਮ ਕਰ ਦਿੱਤਾ। ਇਸ ਤੋਂ ਬਾਅਦ ਕੁਮਾਰ ਨੇ ਇਸ ਫੈਸਲੇ ਨੂੰ ਹਾਈ ਕੋਰਟ 'ਚ ਚੁਣੌਤੀ ਦਿੱਤੀ। ਸੁਣਵਾਈ ਦੌਰਾਨ, ਹਾਈ ਕੋਰਟ ਨੇ ਕਿਹਾ ਕਿ ਕਿਸੇ ਵੀ ਸੰਗਠਨ ਦੇ ਕਰਮਚਾਰੀਆਂ ਲਈ ਪ੍ਰਬੰਧਨ ਵਿਰੁੱਧ ਸ਼ਿਕਾਇਤਾਂ ਰੱਖਣਾ ਸੁਭਾਵਿਕ ਹੈ। ਹਾਈ ਕੋਰਟ ਨੇ ਕਿਹਾ,ਖੁਦ ਸੰਸਥਾ ਦੇ ਹਿੱਤ 'ਚ ਇਹ ਬਿਹਤਰ ਹੈ ਕਿ ਅਜਿਹੀਆਂ ਸ਼ਿਕਾਇਤਾਂ ਨੂੰ ਜ਼ਾਹਰ ਕਰਨ ਦਿੱਤਾ ਜਾਵੇ, ਕਿਉਂਕਿ ਇਸ ਨਾਲ ਸੁਧਾਰ ਹੋ ਸਕਦਾ ਹੈ। ਜਦੋਂ ਤੱਕ ਅਜਿਹੀਆਂ ਸ਼ਿਕਾਇਤਾਂ ਦਾ ਪ੍ਰਸਾਰਣ ਸਿੱਧੇ ਤੌਰ 'ਤੇ ਸੰਗਠਨ ਦੀ ਸਾਖ ਨੂੰ ਨੁਕਸਾਨ ਨਹੀਂ ਪਹੁੰਚਾਉਂਦਾ, ਪ੍ਰਬੰਧਨ ਨੂੰ ਦਖਲ ਨਹੀਂ ਦੇਣਾ ਚਾਹੀਦਾ।

## ਭਾਜਪਾ ਛੱਡਣ ਦੀਆਂ ਅਟਕਲਾਂ ਵਿਚਾਲੇ ਕੈਪਟਨ ਅਮਰਿੰਦਰ ਸਿੰਘ ਦਾ ਸਪੱਸ਼ਟ ਜਵਾਬ

ਕੌਮੀ ਪਤ੍ਰਿਕਾ
ਨਵਦੀਪ ਸਿੰਘ ਸਾਹਨੀ

ਨਵੀਂ ਦਿੱਲੀ/ਚੰਡੀਗੜ੍ਹ 30 ਸਤੰਬਰ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਦੇ ਬਾਰੇ ਉਹ ਕੀ ਮਹਿਸੂਸ ਕਰਦੇ ਹਨ, ਇਹ ਆਪਣੀ ਪਾਰਟੀ (ਭਾਜਪਾ) ਨੂੰ ਦੱਸਣਾ ਉਨ੍ਹਾਂ ਦਾ ਫਰਜ਼ ਹੈ ਅਤੇ ਇਸ ਦਾ ਮਤਲਬ ਇਹ ਨਹੀਂ ਕਿ ਉਹ ਪਾਰਟੀ ਛੱਡ ਰਹੇ ਹਨ। ਕੈਪਟਨ ਨੇ ਇਹ ਵੀ ਕਿਹਾ ਕਿ ਉਹ ਮੁਸ਼ਕਲ ਦੌਰ ਵਿਚੋਂ ਗੁਜ਼ਰ ਰਹੇ ਹਨ ਪਰ ਇਸ ਮੁਸ਼ਕਲ ਦੌਰ ਬਾਰੇ ਉਨ੍ਹਾਂ ਨੇ ਕੋਈ ਸਪੱਸ਼ਟ ਜਵਾਬ ਨਹੀਂ ਦਿੱਤਾ। ਉਨ੍ਹਾਂ ਕਿਹਾ ਕਿ ਉਹ 84 ਸਾਲਾਂ ਦੇ ਹਨ ਪਰ ਅਜੇ ਬੁੱਢੇ ਨਹੀਂ ਹੋਏ। ਉਨ੍ਹਾਂ ਮੋਰਾਰਜੀ ਦੇਸਾਈ ਦਾ ਉਦਾਹਰਣ ਦਿੱਤਾ ਜੋ ਕਾਫੀ ਵੱਧ ਉਮਰ ਦੇ ਪ੍ਰਧਾਨ ਮੰਤਰੀ ਬਣੇ ਸਨ। ਸਾਬਕਾ ਕ੍ਰਿਕਟਰ ਬਿਸ਼ਨ ਸਿੰਘ ਬੇਦੀ ਦੀ ਯਾਦ ਵਿਚ ਲਿਖੀ ਗਈ ਕਿਤਾਬ 'ਬਿਸ਼ਨ ਵਿਦ ਲਵ' ਦੀ ਘੁੰਡ ਚੁਕਾਈ ਮੌਕੇ ਉਨ੍ਹਾਂ ਕਿਹਾ ਕਿ ਮੈਂ 84 ਸਾਲ ਦਾ ਹਾਂ ਪਰ ਮੋਰਾਰਜੀ ਦੇਸਾਈ ਵੀ 92 ਸਾਲ ਦੇ ਸਨ। ਇਸ ਮੌਕੇ ਜਦੋਂ ਕੈਪਟਨ ਅਮਰਿੰਦਰ ਸਿੰਘ ਤੋਂ ਨਾਰਾਜ਼ਗੀ ਦਾ ਕਾਰਣ ਪੁੱਛਿਆ ਤਾਂ ਉਨ੍ਹਾਂ ਕਿਹਾ ਕਿ ਉਹ ਪਿਛਲੇ 60



ਸਾਲਾਂ ਤੋਂ ਪੰਜਾਬ ਦੀ ਰਾਜਨੀਤੀ ਵਿਚ ਸਰਗਰਮ ਹਨ। ਉਨ੍ਹਾਂ ਗਿਲਾ ਜ਼ਾਹਰ ਕਰਦਿਆਂ ਕਿਹਾ ਕਿ ਕੁਝ ਲੋਕ ਸਾਡੇ ਤੋਂ ਬਾਅਦ ਪਾਰਟੀ ਵਿਚ ਆਏ ਹਨ, ਜਿਨ੍ਹਾਂ ਨੂੰ ਅਜੇ ਇਕ ਸਾਲ ਵੀ ਨਹੀਂ ਹੋਇਆ। ਅਸੀਂ ਇੰਨੇ ਸਾਲਾਂ ਵਿਚ ਪੰਜਾਬ ਦੇ ਉਤਾਰ-ਚੜ੍ਹਾਅ ਦੇਖੇ ਹਨ ਪਰ ਸਾਡੇ ਨਾਲ ਕੋਈ ਸਲਾਹ-ਮਸ਼ਵਰਾ ਤੱਕ ਨਹੀਂ ਕੀਤਾ ਜਾਂਦਾ। ਇਸ ਲਈ ਪਾਰਟੀ ਨੂੰ ਆਪਣੇ ਵਿਚਾਰਾਂ ਅਤੇ ਭਾਵਨਾਵਾਂ ਤੋਂ ਜਾਣੂ ਕਰਵਾਉਣਾ ਮੇਰਾ ਫ਼ਰਜ਼ ਬਣਦਾ ਹੈ। ਮੈਂ ਇਹ ਨਹੀਂ ਕਿਹਾ ਕਿ ਕਾਂਗਰਸ ਜਾਂ ਭਾਜਪਾ ਵਿਚ ਹੁਣ ਮੇਰੀ ਸਾਰਥਕਤਾ ਨਹੀਂ। ਪਾਰਟੀਆਂ ਬਦਲੀਆਂ ਰਹਿੰਦੀਆਂ ਹਨ। ਇਕ ਸਮੇਂ ਮੈਂ ਕਾਂਗਰਸ ਵਿਚ ਸੀ ਪਰ 'ਆਪ੍ਰੇਸ਼ਨ ਬਲੂ ਸਟਾਰ' ਨੂੰ ਲੈ ਕੇ ਮੈਂ ਅਕਾਲੀ ਦਲ ਵਿਚ ਚਲਾ ਗਿਆ ਸੀ ਅਤੇ ਬਾਅਦ ਵਿਚ ਮੈਂ ਕਾਂਗਰਸ ਵਿਚ ਵਾਪਸ ਪਰਤ ਆਇਆ। ਇਸ ਦਾ ਮਤਲਬ ਇਹ ਨਹੀਂ ਹੈ ਕਿ ਹੁਣ ਮੈਂ ਪਾਰਟੀ ਛੱਡ ਕੇ ਕਿਸੇ ਦੂਸਰੀ ਪਾਰਟੀ ਵਿਚ ਸ਼ਾਮਲ ਹੋ ਜਾਵਾਂਗਾ। ਕੈਪਟਨ ਨੇ ਜ਼ੋਰ ਦੇ ਕੇ ਕਿਹਾ ਕਿ ਭਾਜਪਾ ਆਗੂਆਂ ਨੂੰ ਆਪਣੇ ਵਿਚਾਰ ਅਤੇ ਆਪਣੀਆਂ ਭਾਵਨਾਵਾਂ ਦੱਸਣਾ ਮੇਰਾ ਫਰਜ਼ ਹੈ।

## ਉੱਤਰਾਖੰਡ 'ਚ 'ਤਿੰਨ ਤਲਾਕ' ਪੀੜਤਾਂ ਨੂੰ ਘਰ ਦੇਣ ਦੀ ਪਹਿਲ ਕਰੇਗਾ ਵਕ਼ਫ ਬੋਰਡ

ਦੇਹਰਾਦੂਨ, 30 ਸਤੰਬਰ। ਉੱਤਰਾਖੰਡ 'ਚ ਬੇਸਹਾਰਾ ਤਿੰਨ ਤਲਾਕ ਪੀੜਤਾਂ ਅਤੇ ਹਲਾਲਾ ਪੀੜਤਾਂ ਨੂੰ ਹੁਣ ਰਹਿਣ ਲਈ ਮੁਫ਼ਤ ਘਰ ਦੇਣ ਦੀ ਪਹਿਲ ਵਕ਼ਫ ਬੋਰਡ ਕਰੇਗਾ। ਉੱਤਰਾਖੰਡ ਵਕ਼ਫ ਬੋਰਡ ਦੇ ਪ੍ਰਧਾਨ ਸ਼ਾਦਾਬ ਸ਼ਮਸ ਨੇ ਦੱਸਿਆ ਕਿ ਤਿੰਨ ਤਲਾਕ ਦੇ ਕੇ ਘਰੋਂ ਬਾਹਰ ਕੱਢ ਦਿੱਤੀਆਂ ਗਈਆਂ ਬੇਸਹਾਰਾ ਤਲਾਕਸ਼ੁਦਾ ਔਰਤਾਂ ਅਤੇ ਬੇਘਰ ਹੋਣ ਤੋਂ ਬਚਣ ਲਈ ਉਸੇ ਆਦਮੀ ਨਾਲ ਦੁਬਾਰਾ ਨਿਕਾਹ ਤੋਂ ਪਹਿਲਾਂ ਹਲਾਲਾ ਲਈ ਮਜਬੂਰ ਕੀਤੀਆਂ ਜਾਣ ਵਾਲੀਆਂ ਔਰਤਾਂ ਨੂੰ ਆਸਰਾ ਦੇਣ ਦਾ ਪ੍ਰਸਤਾਵ ਤਿਆਰ ਕੀਤਾ ਗਿਆ ਹੈ। ਉਨ੍ਹਾਂ ਕਿਹਾ, "ਵਕ਼ਫ ਬੋਰਡ ਦੀ ਜਾਇਦਾਦ 'ਤੇ ਪਹਿਲਾ ਹੱਕ ਔਰਤਾਂ ਦਾ ਹੈ। ਅਸੀਂ ਵਕ਼ਫ ਬੋਰਡ ਦੀ ਅਗਲੀ ਬੈਠਕ 'ਚ ਇਹ ਪ੍ਰਸਤਾਵ ਲਿਆਉਣ ਜਾ ਰਹੇ ਹਾਂ ਕਿ ਤਿੰਨ ਤਲਾਕ ਅਤੇ ਹਲਾਲਾ ਦੀਆਂ ਪੀੜਤ ਬੇਘਰ ਔਰਤਾਂ ਨੂੰ ਰਹਿਣ ਲਈ ਘਰ ਦਿੱਤਾ ਜਾਵੇਗਾ।" ਸ਼ਮਸ ਨੇ ਦੱਸਿਆ ਕਿ ਇਸ ਮਹੀਨੇ ਦੇ ਅਖੀਰ ਜਾਂ ਅਗਲੇ ਮਹੀਨੇ ਦੀ ਸ਼ੁਰੂਆਤ 'ਚ ਹੋਣ ਵਾਲੀ ਬੋਰਡ ਦੀ ਬੈਠਕ 'ਚ ਇਸ ਪ੍ਰਸਤਾਵ ਨੂੰ ਪਾਸ ਕਰ ਦਿੱਤਾ ਜਾਵੇਗਾ। ਸੂਤਰਾਂ ਦੀ ਮੰਨੀਏ ਤਾਂ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਨਾਲ ਵੀ ਇਸ ਮੁੱਦੇ 'ਤੇ ਚਰਚਾ ਹੋ ਚੁੱਕੀ ਹੈ ਅਤੇ ਉਨ੍ਹਾਂ ਨੇ ਇਸ ਪ੍ਰਸਤਾਵ ਨੂੰ ਹਰੀ ਝੰਡੀ ਦੇ ਦਿੱਤੀ ਹੈ। ਸ਼ਮਸ ਨੇ ਕਿਹਾ ਕਿ ਮੁਸਲਿਮ ਸਮਾਜ 'ਚ ਔਰਤਾਂ ਨੂੰ ਅਕਸਰ ਮਾਪਿਆਂ ਦੀ ਜਾਇਦਾਦ 'ਚ ਹੱਕ ਨਹੀਂ ਦਿੱਤਾ ਜਾਂਦਾ ਜਾਂ ਉਨ੍ਹਾਂ ਦੀ ਆਰਥਿਕ ਸਥਿਤੀ ਕਮਜ਼ੋਰ ਹੋਣ ਕਾਰਨ ਉਹ ਮਦਦ ਨਹੀਂ ਕਰ ਪਾਉਂਦੇ ਜਦੋਂਕਿ ਵਿਆਹ ਦੇ ਸਮੇਂ ਤੈਅ ਕੀਤੀ ਗਈ 'ਮੇਹਰ' ਦੀ ਰਕਮ ਵੀ ਬਹੁਤ ਮਾਮੂਲੀ ਹੁੰਦੀ ਹੈ। ਉਨ੍ਹਾਂ ਕਿਹਾ, "ਨਿਕਾਹ ਦੌਰਾਨ ਅਕਸਰ 'ਮੇਹਰ' ਦੇ ਨਾਂ 'ਤੇ 500-5000 ਰੁਪਏ ਦੀ ਨਾਮਾਤਰ ਰਾਸ਼ੀ ਤੈਅ ਕਰ ਦਿੱਤੀ ਜਾਂਦੀ ਹੈ ਅਤੇ ਤਲਾਕ ਦੇ ਸਮੇਂ ਪਤੀ ਇਹ ਰਾਸ਼ੀ ਦੇ ਕੇ ਔਰਤ ਨੂੰ ਘਰੋਂ ਬਾਹਰ ਕੱਢ ਦਿੰਦਾ ਹੈ।"

## ਯੂ. ਪੀ. ਆਈ. 'ਤੇ ਪ੍ਰਸਤਾਵਿਤ ਐੱਮ. ਡੀ. ਆਰ. ਟੈਕਸ ਨਹੀਂ, ਖਪਤਕਾਰਾਂ 'ਤੇ ਨਹੀਂ ਪਵੇਗਾ ਬੋਝ : ਸੀਤਾਰਾਮਨ

ਬਿਜ਼ਨੈੱਸ ਡੈਸਕ 30 ਸਤੰਬਰ। ਵਿੱਤ ਮੰਤਰੀ ਨਿਰਮਲਾ ਸੀਤਾਰਾਮਨ ਨੇ 2,000 ਰੁਪਏ ਤੋਂ ਵੱਧ ਦੇ ਯੂ. ਪੀ. ਆਈ. ਲੈਣ-ਦੇਣ 'ਤੇ ਪ੍ਰਸਤਾਵਿਤ ਮਰਚੈਂਟ ਡਿਸਕਾਊਂਟ ਰੇਟ (ਐੱਮ. ਡੀ. ਆਰ.) ਨੂੰ ਲੈ ਕੇ ਹੋ ਰਹੀ ਆਲੋਚਨਾ ਨੂੰ ਖਾਰਿਜ ਕਰਦਿਆਂ ਕਿਹਾ ਕਿ ਇਹ ਨਾ ਤਾਂ ਟੈਕਸ ਹੈ, ਨਾ ਸੈੱਸ ਅਤੇ ਨਾ ਹੀ ਸਰਚਾਰਜ। ਉਨ੍ਹਾਂ ਸਪੱਸ਼ਟ ਕੀਤਾ ਕਿ ਇਸ ਤੋਂ ਮਿਲਣ ਵਾਲੀ ਰਕਮ



ਸਰਕਾਰ ਨੂੰ ਨਹੀਂ ਜਾਵੇਗੀ ਅਤੇ ਇਸ ਦਾ ਬੋਝ ਖਪਤਕਾਰਾਂ 'ਤੇ ਵੀ ਨਹੀਂ ਪਾਇਆ ਜਾਵੇਗਾ। ਭਾਰਤੀ ਰਾਸ਼ਟਰੀ ਭੁਗਤਾਨ ਨਿਗਮ (ਐੱਨ. ਪੀ. ਸੀ. ਆਈ.) ਅਨੁਸਾਰ 15 ਅਕਤੂਬਰ ਤੋਂ ਕਾਰੋਬਾਰੀਆਂ ਨੂੰ ਕੀਤੇ ਜਾਣ ਵਾਲੇ 2,000 ਰੁਪਏ ਤੋਂ ਵੱਧ ਦੇ ਯੋਗ ਯੂ. ਪੀ. ਆਈ. ਭੁਗਤਾਨ 'ਤੇ 0.4 ਫੀਸਦੀ ਐੱਮ. ਡੀ. ਆਰ. ਲੱਗੇਗਾ। 75,000 ਰੁਪਏ ਜਾਂ ਉਸ ਤੋਂ ਵੱਧ ਦੇ ਲੈਣ-ਦੇਣ 'ਤੇ ਫੀਸ ਵੱਧ ਤੋਂ ਵੱਧ 300 ਰੁਪਏ ਹੋਵੇਗੀ। ਵਿਅਕਤੀ-ਤੋਂ-ਵਿਅਕਤੀ ਭੁਗਤਾਨ ਅਤੇ 2,000 ਰੁਪਏ ਤੱਕ ਦੇ ਲੈਣ-ਦੇਣ ਇਸ ਤੋਂ ਬਾਹਰ ਰਹਿਣਗੇ। ਸੀਤਾਰਾਮਨ ਨੇ ਕਿਹਾ ਕਿ ਐੱਮ. ਡੀ. ਆਰ. ਤੋਂ ਮਿਲਣ ਵਾਲੀ ਰਕਮ ਯੂ. ਪੀ. ਆਈ. ਨਾਲ ਜੁੜੇ ਬੈਂਕਾਂ ਅਤੇ ਸੇਵਾਦਾਤਿਆਂ ਵਿਚਾਲੇ ਵੰਡੀ ਜਾਵੇਗੀ। ਇਸ ਦੀ ਵਰਤੋਂ ਡਿਜੀਟਲ ਭੁਗਤਾਨ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਅਤੇ ਨਵੀਨਤਾ ਨੂੰ ਉਤਸ਼ਾਹ ਦੇਣ 'ਚ ਕੀਤੀ ਜਾਵੇਗੀ।

## ਬੀਜੇਪੀ ਜਵਾਬ ਦੇਵੇ ਕਿ ਨਸ਼ੇ ਕਿੱਥੋਂ ਆ ਰਹੇ ਹਨ, ਬੀਜੇਪੀ ਆਪਣੀ 'ਨਸ਼ਾ ਮੁਕਤ ਯਾਤਰਾ' ਗੁਜਰਾਤ ਤੋਂ ਸ਼ੁਰੂ ਕਿਉਂ ਨਹੀਂ ਕਰਦੀ: ਕੁਲਦੀਪ ਸਿੰਘ ਧਾਲੀਵਾਲ

ਕੌਮੀ ਪਤ੍ਰਿਕਾ

ਚੰਡੀਗੜ੍ਹ 30 ਸਤੰਬਰ: ਆਮ ਆਦਮੀ ਪਾਰਟੀ (ਆਪ) ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਬੁੱਧਵਾਰ ਨੂੰ ਪੰਜਾਬ ਵਿੱਚ ਨਸ਼ਿਆਂ ਖ਼?ਲਾਫ਼ ਚਲਾਈ ਜਾ ਰਹੀ ਮੁਹਿੰਮ ਨੂੰ ਲੈ ਕੇ ਬੀਜੇਪੀ 'ਤੇ ਸਵਾਲ ਚੁੱਕਦਿਆਂ ਪੁੱਛਿਆ ਕਿ ਦੇਸ਼ ਵਿੱਚ ਆ ਰਿਹਾ ਨਸ਼ਾ ਕਿੱਥੋਂ ਆ ਰਿਹਾ ਹੈ ਅਤੇ ਪਾਰਟੀ ਆਪਣੀ 'ਨਸ਼ਾ ਮੁਕਤ ਯਾਤਰਾ' ਗੁਜਰਾਤ ਤੋਂ ਸ਼ੁਰੂ ਕਿਉਂ ਨਹੀਂ ਕਰਦੀ। ਉਨ੍ਹਾਂ ਕਿਹਾ ਕਿ ਪੰਜਾਬ 'ਤੇ ਨਿਸ਼ਾਨਾ ਸਾਧਣ ਤੋਂ ਪਹਿਲਾਂ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਗੁਜਰਾਤ ਦੀਆਂ ਬੰਦਰਗਾਹਾਂ 'ਤੇ ਬਰਾਮਦ ਕੀਤੀਆਂ ਗਈਆਂ ਨਸ਼ਿਆਂ ਦੀਆਂ ਵੱਡੀਆਂ ਖੇਪਾਂ, ਪੰਜਾਬ ਵਿੱਚ ਨਸ਼ਾ ਪਹੁੰਚਾਉਣ ਵਾਲੇ ਅੰਤਰ-ਰਾਜੀ ਸਪਲਾਈ ਰੂਟਾਂ ਅਤੇ ਬਿਕਰਮ ਸਿੰਘ ਮਜੀਠੀਆ ਨਾਲ ਜੁੜੇ ?6,000 ਕਰੋੜ ਦੇ ਸਿੰਥੈਟਿਕ ਡਰੱਗ ਕੇਸ 'ਤੇ ਬੀਜੇਪੀ ਦੇ ਸਟੈਂਡ ਬਾਰੇ ਜਵਾਬ ਦੇਣਾ ਚਾਹੀਦਾ ਹੈ। ਪੰਜਾਬ ਦੇ ਮੁੱਖ ਬੁਲਾਰੇ ਨੇ ਇਹ ਵੀ ਸਵਾਲ ਕੀਤਾ ਕਿ ਈਡੀ ਨੇ ਇਸ ਮਾਮਲੇ ਦੀ ਜਾਂਚ ਦੇ ਬਾਵਜੂਦ ਬਿਕਰਮ ਸਿੰਘ ਮਜੀਠੀਆ ਖ਼?ਲਾਫ਼ ਕੋਈ ਕਾਰਵਾਈ ਕਿਉਂ ਨਹੀਂ ਕੀਤੀ, ਅਤੇ ਜਦੋਂ ਜਗਦੀਸ਼ ਸਿੰਘ ਭੋਲਾ ਡਰੱਗ ਕੇਸ ਦੀ ਜਾਂਚ ਨਿਰਣਾਇਕ ਮੋੜ 'ਤੇ ਸੀ ਤਾਂ ਈਡੀ ਅਧਿਕਾਰੀ ਨਿਰੰਜਨ ਸਿੰਘ ਦਾ ਤਬਾਦਲਾ ਕਿਉਂ ਕੀਤਾ ਗਿਆ। ਉਨ੍ਹਾਂ ਕਿਹਾ ਕਿ ਜੇਕਰ ਬੀਜੇਪੀ ਨਸ਼ਿਆਂ ਨੂੰ ਖ਼ਤਮ ਕਰਨ ਲਈ ਸੱਚਮੁੱਚ ਗੰਭੀਰ ਹੈ, ਤਾਂ ਪੰਜਾਬ ਨੂੰ ਆਪਣੀ ਸਿਆਸੀ ਮੁਹਿੰਮ ਦਾ ਇਕਲੌਤਾ ਨਿਸ਼ਾਨਾ ਬਣਾਉਣ ਦੀ ਬਜਾਏ ਅਕਾਲੀ-ਬੀਜੇਪੀ ਸਰਕਾਰ ਦੇ ਰਿਕਾਰਡ ਅਤੇ ਗੁਜਰਾਤ ਰਾਹੀਂ ਚੱਲ ਰਹੇ ਨਸ਼ਿਆਂ ਦੀ ਸਪਲਾਈ ਦੇ ਰੂਟਾਂ ਦਾ ਜਵਾਬ ਦੇਵੇ। ਇੱਕ ਪ੍ਰੈੱਸ ਕਾਨਫ਼ਰੰਸ ਨੂੰ ਸੰਬੋਧਨ ਕਰਦਿਆਂ ਆਪ ਪੰਜਾਬ ਦੇ ਮੁੱਖ ਬੁਲਾਰੇ ਅਤੇ ਵਿਧਾਇਕ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, ਜਗਦੀਸ਼ ਭੋਲਾ ਅਤੇ ਬਿਕਰਮ ਸਿੰਘ ਮਜੀਠੀਆ ਨੂੰ ਆਹਮੋ-ਸਾਹਮਣੇ ਬਿਠਾ ਕੇ ਪੁੱਛਗਿੱਛ ਕੀਤੀ ਜਾਣੀ ਚਾਹੀਦੀ ਹੈ ਤਾਂ ਜੋ ਸੱਚਾਈ ਸਾਹਮਣੇ ਆ ਸਕੇ। ਨਸ਼ਾ ਨੈੱਟਵਰਕ ਦੇ ਹਰ ਪਹਿਲੂ ਦੀ ਜਾਂਚ ਹੋਣੀ ਚਾਹੀਦੀ ਹੈ ਅਤੇ ਕਿਸੇ ਵੀ ਵਿਅਕਤੀ ਨੂੰ ਕੋਈ ਵਿਸ਼ੇਸ਼ ਰਿਆਇਤ ਨਹੀਂ ਦਿੱਤੀ ਜਾਣੀ ਚਾਹੀਦੀ। ਆਪ ਪੰਜਾਬ ਦੇ ਮੁੱਖ ਬੁਲਾਰੇ ਨੇ ਕਿਹਾ, ਪੰਜਾਬ ਦਾ ਹਰ ਨਾਗਰਿਕ ਜਾਣਦਾ ਹੈ ਕਿ 2007-2017 ਦੀ ਅਕਾਲੀ-ਬੀਜੇਪੀ ਸਰਕਾਰ ਦੌਰਾਨ ਰਾਜ ਵਿੱਚ ਨਸ਼ਿਆਂ ਦਾ ਜਾਲ ਕਿਸ ਤਰ੍ਹਾਂ ਫੈਲਿਆ ਸੀ। ਬਿਕਰਮ ਸਿੰਘ ਮਜੀਠੀਆ ਅਤੇ ਉਨ੍ਹਾਂ ਦੇ ਸਾਥੀਆਂ ਨੇ ਉਸ ਦੌਰ ਵਿੱਚ ਮੁੱਖ ਭੂਮਿਕਾ ਨਿਭਾਈ ਸੀ। ਜਿਸ ਨੇ ਵੀ ਪੰਜਾਬ ਵਿੱਚ ਨਸ਼ਾ ਲਿਆਂਦਾ ਹੈ ਅਤੇ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਿਆ ਹੈ, ਉਸ ਨੂੰ ਕਾਨੂੰਨ ਤਹਿਤ ਸਖ਼ਤ ਤੋਂ ਸਖ਼ਤ ਸਜ਼ਾ ਮਿਲਣੀ ਚਾਹੀਦੀ ਹੈ। ਉਨ੍ਹਾਂ ਨੋਟ ਕੀਤਾ, ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨੇ ਨਸ਼ਿਆਂ ਵਿਰੁੱਧ ਵਿਆਪਕ ਜੰਗ ਛੇੜੀ ਹੋਈ ਹੈ। ਹਜ਼ਾਰਾਂ ਤਸਕਰਾਂ ਨੂੰ ਜੇਲ੍ਹ ਦੀਆਂ ਸੀਖਾਂ ਪਿੱਛੇ ਧੱਕਿਆ ਜਾ ਚੁੱਕਾ ਹੈ ਅਤੇ ਨਸ਼ਾ ਤਸਕਰੀ ਵਿੱਚ ਸ਼ਾਮਲ ਤਰ੍ਹਾਂ ਜਾਣਦੇ ਹਨ ਕਿ ਇਹ ਸਰਕਾਰ ਨਸ਼ਿਆਂ ਅਤੇ ਨਸ਼ਾ ਸਮੱਗਲਰਾਂ ਦੇ ਨੈੱਟਵਰਕ ਵਿਰੁੱਧ ਕੀ ਕਾਰਵਾਈ




ਲੋਕਾਂ ਖ਼?ਲਾਫ਼ ਸਖ਼ਤ ਕਾਰਵਾਈ ਜਾਰੀ ਹੈ। ਉਨ੍ਹਾਂ ਕਿਹਾ, ਵਿਰੋਧੀ ਪਾਰਟੀਆਂ ਭਗਵੰਤ ਮਾਨ ਸਰਕਾਰ ਨੂੰ ਬਦਨਾਮ ਕਰਨ ਲਈ ਹੀ ਨਸ਼ਿਆਂ ਦੇ ਮੁੱਦੇ 'ਤੇ ਰਾਜਨੀਤੀ ਕਰ ਰਹੀਆਂ ਹਨ। ਪੰਜਾਬ ਦੇ ਲੋਕ ਚੰਗੀ ਕਰ ਰਹੀ ਹੈ। ਕੁਲਦੀਪ ਸਿੰਘ ਧਾਲੀਵਾਲ ਨੇ ਜ਼ੋਰ ਦੇ ਕੇ ਕਿਹਾ, ਸ਼੍ਰੋਮਣੀ ਅਕਾਲੀ ਦਲ ਵੱਲੋਂ ਸਿਆਸੀ ਬਦਲਾਖੋਰੀ ਦੇ ਲਗਾਏ ਜਾ ਰਹੇ ਦੋਸ਼ ਬਿਲਕੁਲ ਬੇਬੁਨਿਆਦ ਹਨ। ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸਰਕਾਰ ਦਾ ਮਕਸਦ ਰਾਜਨੀਤਿਕ ਬਦਲਾਖੋਰੀ ਨਹੀਂ ਬਲਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਹੈ। ਉਨ੍ਹਾਂ ਦਾਅਵਾ ਕੀਤਾ, ਜੇਕਰ ਅਸੀਂ ਕਿਸੇ ਵਿਰੁੱਧ ਝੂਠਾ ਮਾਮਲਾ ਦਰਜ ਕਰਨਾ ਹੁੰਦਾ, ਤਾਂ ਅਸੀਂ ਪਹਿਲਾਂ ਹੀ ਕਰ ਸਕਦੇ ਸੀ। ਇਸ ਦੀ ਬਜਾਏ, ਜਾਂਚ ਉਚਿਤ ਕਾਨੂੰਨੀ ਪ੍ਰਕਿਰਿਆ ਅਤੇ ਪੂਰੀ ਪਾਰਦਰਸ਼ਤਾ ਨਾਲ ਕੀਤੀ ਜਾ ਰਹੀ ਹੈ। ਚਾਹੇ ਕੋਈ ਰਾਜਨੇਤਾ ਹੋਵੇ ਜਾਂ ਬਰਖਾਸਤ ਏਆਈਜੀ ਰਾਜਜੀਤ ਸਿੰਘ ਵਰਗਾ ਕੋਈ ਸੀਨੀਅਰ ਪੁਲਿਸ ਅਧਿਕਾਰੀ, ਜਿਸ ਨੇ ਵੀ ਪੰਜਾਬ ਦੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕਣ ਵਿੱਚ ਭੂਮਿਕਾ ਨਿਭਾਈ ਹੈ, ਉਸ ਨੂੰ ਕਾਨੂੰਨ ਅਨੁਸਾਰ ਸਜ਼ਾ ਭੁਗਤਣੀ ਪਵੇਗੀ। ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ, ਬੀਜੇਪੀ ਆਗੂਆਂ ਨੂੰ ਪੰਜਾਬ ਨੂੰ ਨਸ਼ਿਆਂ 'ਤੇ ਭਾਸ਼ਣ ਦੇਣ ਤੋਂ ਪਹਿਲਾਂ ਇਹ ਜਵਾਬ ਦੇਣਾ ਚਾਹੀਦਾ ਹੈ ਕਿ ਦੇਸ਼ ਵਿੱਚ ਇੰਨੀ ਵੱਡੀ ਮਾਤਰਾ ਵਿੱਚ ਆ ਰਿਹਾ ਨਸ਼ਾ ਕਿੱਥੋਂ ਆ ਰਿਹਾ ਹੈ।

Contd............page-3

## ਪੰਜਾਬ 'ਚ ਨਸ਼ਾ ਵਧਿਆ ਹੈ, ਹਰ ਘਰ ਤੱਕ ਪਹੁੰਚ ਰਿਹੈ: ਅਰਜੁਨ ਮੇਘਵਾਲ

ਕੌਮੀ ਪਤ੍ਰਿਕਾ

ਅੰਮ੍ਰਿਤਸਰ 30 ਸਤੰਬਰ। ਕੇਂਦਰੀ ਰਾਜ ਮੰਤਰੀ ਅਰਜੁਨ ਮੇਘਵਾਲ ਨਸ਼ਾ ਮੁਕਤ ਪੰਜਾਬ ਯਾਤਰਾ ਵਿੱਚ ਹਿੱਸਾ ਲੈਣ ਲਈ ਪਹੁੰਚੇ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਵਿਕਾਸ ਦੀ ਲੋੜ ਹੈ ਅਤੇ ਨਿਵੇਸ਼ਕ ਭੱਜ ਰਹੇ ਹਨ। ਨਸ਼ਿਆਂ ਦੀ ਲਾਹਨਤ ਨੇ ਪੰਜਾਬ ਨੂੰ ਹਰ ਤਰ੍ਹਾਂ ਨਾਲ ਤਬਾਹ ਕਰ ਦਿੱਤਾ ਹੈ। ਆਮ ਆਦਮੀ ਪਾਰਟੀ ਨੇ ਸਰਕਾਰ ਬਣਾਉਣ ਤੋਂ ਬਾਅਦ ਦੋ ਤੋਂ ਢਾਈ ਮਹੀਨਿਆਂ ਵਿੱਚ ਪੰਜਾਬ ਨੂੰ ਨਸ਼ਾ ਮੁਕਤ ਕਰਨ ਦਾ ਵਾਅਦਾ ਕੀਤਾ ਸੀ। ਆਮ ਆਦਮੀ ਪਾਰਟੀ ਦੇ ਸ਼ਾਸਨ ਕਾਲ ਵਿਚ ਨਸ਼ਾ ਵਧਿਆ ਹੈ ਅਤੇ ਪੰਜਾਬ ਦੇ ਹਰ ਘਰ ਤੱਕ ਪਹੁੰਚ ਗਿਆ ਹੈ। ਲੋਕ ਕਹਿੰਦੇ ਹਨ ਕਿ ਇਹ ਹਸਪਤਾਲਾਂ ਅਤੇ ਜੇਲ੍ਹਾਂ ਤੱਕ ਪਹੁੰਚ ਗਿਆ ਹੈ। ਪੁਲਿਸ ਕਰਮਚਾਰੀ ਵੀ ਇਸ ਵਿੱਚ ਸ਼ਾਮਲ ਹਨ, ਕਿਉਂਕਿ ਸਿਸਟਮ ਨਸ਼ੇ ਦੇ ਵਿਰੋਧ ਤੋਂ ਇਸ ਨੂੰ ਉਤਸ਼ਾਹਿਤ ਕਰਨ ਵਾਲੇ ਵਿੱਚ ਬਦਲ ਗਿਆ ਹੈ। ਸਰਕਾਰ ਇਸ ਦੇ ਵਿਰੁੱਧ ਬੋਲਣ ਵਾਲਿਆਂ ਨੂੰ ਗ੍ਰਿਫ਼ਤਾਰ ਕਰਦੀ ਹੈ ਅਤੇ ਤੰਗ ਕਰਦੀ ਹੈ, ਜਦੋਂ ਕਿ ਨਸ਼ਾ ਵੇਚਣ ਵਾਲਿਆਂ ਨੂੰ ਉਤਸ਼ਾਹਿਤ ਕਰਦੀ ਹੈ। ਇਸ ਲਈ ਖਰਾਬ ਹੋਏ ਸਿਸਟਮ ਨੂੰ ਸਹੀ ਸ਼ਾਸਨ ਰਾਹੀਂ ਸੁਧਾਰਿਆ ਜਾਣਾ ਚਾਹੀਦਾ ਹੈ। ਭਵਿੱਖ ਵਿੱਚ ਪੰਜਾਬ ਵਿੱਚ ਸਰਕਾਰ ਬਦਲੇਗੀ। ਭਾਜਪਾ ਨੇ ਪੰਜਾਬ ਨੂੰ ਨਸ਼ਾ ਮੁਕਤ ਕਰਨ ਲਈ ਇਹ ਮੁਹਿੰਮ ਸ਼ੁਰੂ ਕੀਤੀ ਹੈ। ਪੰਜਾਬ ਅਤੇ ਇਸ ਦੇ




ਭਵਿੱਖ ਨੂੰ ਬਚਾਉਣਾ ਚਾਹੀਦਾ ਹੈ। ਇੱਕ ਸਮਾਂ ਸੀ ਜਦੋਂ ਪੰਜਾਬ ਵਿਕਸਤ ਰਾਜਾਂ ਵਿੱਚੋਂ ਇੱਕ ਸੀ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਬਣਾਉਣਾ ਸਾਰਿਆਂ ਦਾ ਟੀਚਾ ਹੈ। ਇਸ ਮੌਕੇ ਰਾਜ ਸਭਾ ਮੈਂਬਰ ਵਿਕਰਮਜੀਤ ਸਿੰਘ ਸਾਹਨੀ, ਸਾਬਕਾ ਸੂਬਾ ਪ੍ਰਧਾਨ ਸੁਨੀਲ ਜਾਖੜ, ਰਾਜ ਸਭਾ ਮੈਂਬਰ ਸ਼ਵੇਤ ਮਲਿਕ ਆਦਿ ਹਾਜ਼ਰ ਸਨ।

## ਹਰਸਿਮਰਤ ਬਾਦਲ ਨੇ ਨਸ਼ਿਆਂ ਨੂੰ ਲੈ ਕੇ ਸਰਕਾਰ 'ਤੇ ਤਿੱਖੇ ਸਵਾਲ ਚੁੱਕੇ

ਕੌਮੀ ਪਤ੍ਰਿਕਾ
ਤੇਜਿੰਦਰ ਕੌਰ ਬੱਬਰ

ਨਾਭਾ 30 ਸਤੰਬਰ। ਨਾਭਾ ਪਹੁੰਚੇ ਬੀਬਾ ਹਰਸਿਮਰਤ ਕੌਰ ਬਾਦਲ ਨੇ 'ਮਾਵਾਂ ਧੀਆਂ ਨੂੰ ਇਨਸਾਫ਼' ਦਿਵਾਉਣ ਲਈ ਪੰਜਾਬ ਬਚਾਓ ਰੈਲੀ ਹਲਕਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ 'ਚ ਕੀਤੀ। ਮਹਿਲਾ ਇਕੱਠ 'ਚ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ ਨੇ ਪੰਜਾਬ 'ਚ ਨਸ਼ਿਆਂ ਦੇ ਮੁੱਦੇ ਨੂੰ ਲੈ ਕੇ ਪੰਜਾਬ ਸਰਕਾਰ ਨੂੰ ਤਿੱਖੇ ਸਵਾਲਾਂ ਦੇ ਘੇਰੇ 'ਚ ਲਿਆ। ਹਲਕਾ ਨਾਭਾ ਇੰਚਾਰਜ ਮੱਖਣ ਸਿੰਘ ਲਾਲਕਾ ਦੀ ਅਗਵਾਈ ਹੇਠ ਹੋਏ ਇਸ ਇਕੱਠ 'ਚ ਔਰਤਾਂ ਨੇ ਸ਼ਮੂਲੀਅਤ ਕੀਤੀ। ਅਕਾਲੀ ਦਲ ਵੱਲੋਂ ਇਹ ਮੁਹਿੰਮ ਨਸ਼ਿਆਂ ਤੋਂ ਪ੍ਰਭਾਵਿਤ ਪਰਿਵਾਰਾਂ, ਔਰਤਾਂ ਦੀ ਸੁਰੱਖਿਆ ਅਤੇ ਇਨਸਾਫ਼ ਦੇ ਮੁੱਦਿਆਂ ਨੂੰ ਲੈ ਕੇ ਚਲਾਈ ਜਾ ਰਹੀ ਹੈ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ 'ਚ ਰੋਜ਼ਾਨਾ ਹੀ ਨਸ਼ੇ ਕਾਰਨ ਪੰਜਾਬ ਦੀ ਜਿੱਥੇ ਨੌਜਵਾਨੀ ਬਰਬਾਦ ਹੋ ਰਹੀ ਹੈ, ਉੱਥੇ ਹੀ ਮਾਵਾਂ ਦੇ ਪੁੱਤ ਵੀ ਮਰ ਰਹੇ ਹਨ ਪਰ ਪੰਜਾਬ ਸਰਕਾਰ ਨਸ਼ੇ ਨੂੰ ਖ਼ਤਮ ਕਰਨ 'ਚ ਫੇਲ੍ਹ ਸਾਬਤ ਹੋਈ। ਉਨ੍ਹਾਂ ਕਿਹਾ ਕਿ ਨਸ਼ਿਆਂ ਕਾਰਨ ਪੰਜਾਬ ਦੀਆਂ ਮਾਵਾਂ ਆਪਣੇ ਪੁੱਤ ਗੁਆ ਰਹੀਆਂ ਹਨ ਅਤੇ ਇਨਸਾਫ਼ ਦੀ ਉਮੀਦ 'ਚ ਬੈਠੀਆਂ ਧੀਆਂ-ਭੈਣਾਂ ਦੀ ਆਵਾਜ਼ ਨੂੰ ਅਣਸੁਣਿਆ ਨਹੀਂ ਕੀਤਾ ਜਾ ਸਕਦਾ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਪਹਿਲਾਂ ਕਹਿੰਦੇ ਸਨ ਕਿ ਉਨ੍ਹਾਂ ਨੂੰ ਪਤਾ ਹੈ ਕਿ ਨਸ਼ਾ ਕੌਣ ਲੈ ਕੇ ਆਇਆ ਅਤੇ ਕਿੱਥੋਂ ਆਇਆ ਪਰ ਹੁਣ ਸਰਕਾਰ ਨੂੰ ਇਸ ਸਬੰਧੀ ਜਵਾਬ ਦੇਣਾ ਚਾਹੀਦਾ ਹੈ ਕਿ ਨਸ਼ਿਆਂ ਦੀ ਵਿਕਰੀ 'ਤੇ ਕਾਬੂ ਕਿਉਂ ਨਹੀਂ ਪਾਇਆ ਜਾ ਰਿਹਾ। ਉਨ੍ਹਾਂ ਦਾਅਵਾ ਕੀਤਾ ਕਿ ਪੰਜਾਬ 'ਚ ਨਸ਼ਾ ਘਰ-ਘਰ ਤੱਕ ਪਹੁੰਚਣ ਵਾਲੇ ਹਾਲਾਤ ਬਣ ਗਏ ਹਨ ਅਤੇ ਇਸ ਦਾ ਸਭ ਤੋਂ ਵੱਡਾ ਸੰਤਾਪ ਮਾਵਾਂ ਨੂੰ ਭੁਗਤਣਾ ਪੈ ਰਿਹਾ ਹੈ। ਅਜਿਹੇ ਹੀ ਦੋਸ਼ ਉਹ ਪਿਛਲੇ ਦਿਨਾਂ 'ਚ ਵੀ ਸਰਕਾਰ ਵਿਰੁੱਧ ਲਗਾਉਂਦੀ ਰਹੀ ਹੈ। ਹਰਸਿਮਰਤ ਨੇ ਸੰਗਰੂਰ ਜ਼ਿਲ੍ਹੇ ਦੇ ਤੂਰਬੰਜਾਰਾ ਦੇ ਗੁਲਜ਼ਾਰ ਸਿੰਘ ਦੀ ਮੌਤ ਅਤੇ ਸ਼ੇਰੋਂ ਦੇ ਨੌਜਵਾਨ ਮੋਹਨਜੀਤ ਸਿੰਘ ਵੱਲੋਂ ਮੁੱਖ ਮੰਤਰੀ ਨੂੰ ਕਾਲੀ ਝੰਡੀ ਵਿਖਾਉਣ ਤੋਂ ਬਾਅਦ ਹੋਏ ਪੁਲਸ ਕਾਰਵਾਈ ਦੇ ਵਿਵਾਦ ਦਾ



ਵੀ ਹਵਾਲਾ ਦਿੱਤਾ। ਗੁਲਜ਼ਾਰ ਸਿੰਘ ਦੀ ਮੌਤ ਨੂੰ ਲੈ ਕੇ ਵੱਖ-ਵੱਖ ਧਿਰਾਂ ਵੱਲੋਂ ਸਰਕਾਰ 'ਤੇ ਸਵਾਲ ਉਠਾਏ ਗਏ ਹਨ, ਜਦਕਿ ਮੋਹਨਜੀਤ ਸਿੰਘ ਦੇ ਮਾਮਲੇ 'ਚ ਪੁਲਸ ਕਾਰਵਾਈ 'ਤੇ ਵੀ ਵਿਰੋਧੀ ਧਿਰਾਂ ਨੇ ਇਤਰਾਜ਼ ਜਤਾਇਆ ਹੈ। ਉਨ੍ਹਾਂ ਕਿਹਾ ਕਿ ਮਾਵਾਂ ਆਪਣੇ ਪੁੱਤਾਂ ਲਈ ਰੋ ਰਹੀਆਂ ਹਨ, ਧੀਆਂ ਆਪਣੀ ਸੁਰੱਖਿਆ ਨੂੰ ਲੈ ਕੇ ਚਿੰਤਤ ਹਨ ਅਤੇ ਪੰਜਾਬ ਨਸ਼ਿਆਂ ਦੀ ਦਲਦਲ 'ਚ ਫ਼ਸਦਾ ਜਾ ਰਿਹਾ ਹੈ। ਹਰਸਿਮਰਤ ਨੇ ਕਿਹਾ ਕਿ ਜੇਕਰ ਮਾਵਾਂ-ਧੀਆਂ ਨੂੰ ਆਪਣੇ ਹੱਕ ਅਤੇ ਸੁਰੱਖਿਆ ਲਈ ਖ਼ੁਦ ਆਵਾਜ਼ ਬੁਲੰਦ ਕਰਨੀ ਪਵੇ ਤਾਂ ਇਹ ਸਰਕਾਰ ਲਈ ਗੰਭੀਰ ਸਵਾਲ ਹੈ। ਇਸ ਇਕੱਠ ਦੌਰਾਨ ਹਰਸਿਮਰਤ ਕੌਰ ਬਾਦਲ ਨੇ ਔਰਤਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ 'ਮਾਵਾਂ-ਧੀਆਂ ਇਨਸਾਫ਼ ਯਾਤਰਾ' ਦਾ ਮਕਸਦ ਉਨ੍ਹਾਂ ਪਰਿਵਾਰਾਂ ਦੀ ਆਵਾਜ਼ ਬਣਨਾ ਹੈ ਜੋ ਨਸ਼ਿਆਂ ਅਤੇ ਕਥਿਤ ਵਧੀਕੀਆਂ ਕਾਰਨ ਪੀੜਤ ਹਨ। ਅਕਾਲੀ ਦਲ ਵੱਲੋਂ ਪਿਛਲੇ ਦਿਨਾਂ 'ਚ ਪੰਜਾਬ ਦੇ ਵੱਖ-ਵੱਖ ਹਿੱਸਿਆਂ 'ਚ ਇਸੇ ਮੁੱਦੇ ਨੂੰ ਲੈ ਕੇ ਔਰਤਾਂ ਇਕੱਠ ਕੀਤੇ ਜਾ ਰਹੇ ਹਨ। ਇਸ ਮੌਕੇ ਜਨਰਲ ਕੌਂਸਲ ਮੈਂਬਰ ਅਬਜਿੰਦਰ ਸਿੰਘ ਜੋਗੀ ਗਰੇਵਾਲ ਨਾਨੋਕੀ, ਸੀਨੀਅਰ ਅਕਾਲੀ ਆਗੂ ਐਡਵੋਕੇਟ ਖੁਸ਼ਹਾਲ ਬਬਲੂ ਖੋਰਾ, ਪ੍ਰਿੰਸੀਪਲ ਮਨਦੀਪ ਗਰੇਵਾਲ, ਜ਼ਿਲਾ ਪਰਿਸ਼ਦ ਮੈਂਬਰ ਹਰਪ੍ਰੀਤ ਕੌਰ, ਅਮਰੀਕ ਸਿੰਘ ਬੂਹੀ ਸਮੇਤ ਵੱਡੀ ਗਿਣਤੀ 'ਚ ਬੀਬੀਆਂ ਹਾਜ਼ਰ ਰਹੀਆਂ।

# ਸਵਰਨਕਾਰਾਂ ਦੀ ਸੁਰੱਖਿਆ ਲਈ ਪੁਲਸ ਕਮਿਸ਼ਨਰ ਨੂੰ ਮਿਲਿਆ ਵਫਦ, ਪੁਲਸ ਤਾਇਨਾਤੀ ਦੀ ਮੰਗ

**ਕੌਮੀ ਪਤ੍ਰਿਕਾ**

ਅੰਮ੍ਰਿਤਸਰ 30 ਸਤੰਬਰ। ਨੈਸ਼ਨਲ ਰਾਜਪੂਤ ਵੈਲਫੇਅਰ ਐਸੋਸੀਏਸ਼ਨ ਰਜਿ.ਦਾ ਇਕ ਵਫਦ ਪ੍ਰਧਾਨ ਅਵਤਾਰ ਸਿੰਘ ਕੰਡਾ ਦੀ ਅਗਵਾਈ ਹੇਠ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੂੰ ਮਿਲਿਆ ਅਤੇ ਸਵਰਨਕਾਰਾਂ ਦੇ ਭਖਦੇ ਮਸਲਿਆਂ ਬਾਰੇ ਵਿਸਥਾਰ ਸਹਿਤ ਗੱਲਬਾਤ ਕੀਤੀ। ਇਸ ਮੌਕੇ ’ਤੇ ਪ੍ਰਧਾਨ ਅਵਤਾਰ ਸਿੰਘ ਕੰਡਾ ਤੇ ਸੀਨੀਅਰ ਮੀਤ ਪ੍ਰਧਾਨ ਪਰਮਜੀਤ ਸਿੰਘ ਆਸ਼ਟ ਨੇ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸੋਨੇ ਦੇ ਰੇਟ ਅਸਮਾਨ ਨੂੰ ਛੂਹਣ ਕਾਰਨ ਹਰ ਮਾੜੇ ਅਨਸਰ ਦੀ ਨਜ਼ਰ ਸੋਨਾ ਕਾਰੋਬਾਰੀ ’ਤੇ ਰਹਿੰਦੀ ਹੈ ਜਿਸ ਸਦਕਾ ਟਾਹਲੀ ਵਾਲਾ ਚੌਂਕ ’ਚ ਸੋਨੇ ਦਾ ਕਾਰੋਬਾਰ ਕਰਨ ਵਾਲੇ ਸਵਰਨਕਾਰਾਂ ਦੀ ਸੁਰੱਖਿਆ ਵਾਸਤੇ ਸਖਤ ਪ੍ਰਬੰਧ ਕੀਤੇ ਜਾਣ। ਪ੍ਰਧਾਨ ਕੰਡਾ ਤੇ ਆਸ਼ਟ ਨੇ ਕਿਹਾ ਕਿ ਟਾਹਲੀ ਵਾਲਾ ਚੌਂਕ ਦੇ ਮੇਨ ਰਸਤਿਆਂ ’ਤੇ ਪੁਲਸ ਮੁਲਾਜ਼ਮਾਂ ਦੀ ਡਿਊਟੀ ਲਗਾਈ ਜਾਵੇ ਤਾਂ ਜੋ ਮਾੜੇ ਅਨਸਰ ਕਿਸੇ ਵੀ ਸਵਰਨਕਾਰ ਨੂੰ ਨਿਸ਼ਾਨਾ ਨਾ ਬਣਾ ਸਕਣ। ਇਸ ਮੌਕੇ ’ਤੇ ਪ੍ਰਧਾਨ ਅਵਤਾਰ ਸਿੰਘ ਕੰਡਾ, ਪਰਮਜੀਤ ਸਿੰਘ ਆਸ਼ਟ ਤੇ ਵਫਦ ’ਚ ਸ਼ਾਮਲ ਸਮੂਹ ਅਹੁੱਦੇਦਾਰਾਂ ਨੇ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਵੱਲੋਂ ਸ਼ਹਿਰ ’ਚ ਜੁਰਮ ਦੇ ਖਾਤਮੇ ਅਤੇ ਅਮਨ ਕਾਨੂੰਨ ਦੀ ਸਥਿਤੀ ਬਣਾਈ ਰੱਖਣ ਲਈ ਕੀਤੇ ਜਾ ਰਹੇ ਯਤਨਾ ਦੀ ਵੀ ਖੂਬ ਸ਼ਲਾਘਾ ਕੀਤੀ। ਇਸ ਮੌਕੇ ’ਤੇ ਪੁਲਸ ਕਮਿਸ਼ਨਰ ਹਰਮਨਬੀਰ ਸਿੰਘ ਗਿੱਲ ਨੇ ਸਵਰਨਕਾਰਾਂ ਦੀ ਸੁਰੱਖਿਆ ਵਾਸਤੇ ਵੀ ਹਰ ਸੰਭਵ ਕਦਮ ਚੁੱਕਣ ਦਾ ਭਰੋਸਾ ਦਿਵਾਇਆ। ਇਸ ਸਮੇਂ ਸੁਰਜੀਤ ਸਿੰਘ ਸਹਿਜਰਾ, ਨਿਰਮਲ ਸਿੰਘ ਨਿਜਾਮਪੁਰਾ, ਕੁਲਦੀਪ ਸਿੰਘ ਮੱਮਦੂ ਚੋਹਾਨ, ਸਰਬਰਿੰਦਰਜੀਤ ਸਿੰਘ ਸੋਨੂੰ ਸੁਲਤਾਨਵਿੰਡ, ਹਰਸਿਮਰਨ ਸਿੰਘ ਕਿੰਗ ਜੋੜਾ, ਨਰਿੰਦਰ ਸਿੰਘ ਰੋਮੀ, ਮੋਹਿੰਦਰ ਸਿੰਘ ਬੱਬੂ ਤੇ ਹੋਰ ਵੀ ਸ਼ਖਸੀਅਤਾਂ ਹਾਜ਼ਰ ਸਨ।



# ਪਾਣੀ ਦੀ ਬਾਲਟੀ ’ਚ ਡੁੱਬਣ ਨਾਲ ਜਵਾਕ ਦੀ ਮੌਤ, ਖੇਡ-ਖੇਡ ’ਚ ਵਾਪਰਿਆ ਹਾਦਸਾ

**ਕੌਮੀ ਪਤ੍ਰਿਕਾ**

ਫਰੀਦਾਬਾਦ 30 ਸਤੰਬਰ। ਫਰੀਦਾਬਾਦ ਦੇ ਜੀਵਨ ਨਗਰ ਇਲਾਕੇ ’ਚ ਆਪਣੇ ਘਰ ’ਚ ਖੇਡਦੇ ਸਮੇਂ ਪਾਣੀ ਨਾਲ ਭਰੀ ਬਾਲਟੀ ’ਚ ਡੁੱਬਣ ਨਾਲ ਇਕ ਸਾਲਾ ਬੱਚੇ ਦੀ ਮੌਤ ਹੋ ਗਈ। ਪੁਲਸ ਨੇ ਬੁੱਧਵਾਰ ਨੂੰ ਇਹ ਜਾਣਕਾਰੀ ਦਿੱਤੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਬੱਚੇ ਦੀ ਪਛਾਣ ਆਰੀਅਨ ਵਜੋਂ ਹੋਈ ਹੈ। ਆਰੀਅਨ ਦੀ ਦਾਦੀ ਮੀਨਾ ਦੱਸਿਆ ਕਿ ਘਟਨਾ ਦੇ ਸਮੇਂ ਬੱਚਾ ਅਤੇ ਉਸ ਦੀ ਮਾਂ ਘਰ ਦੀ ਉੱਪਰੀ ਮੰਜ਼ਲ ’ਤੇ ਸਨ। ਉਸ ਦੀ ਮਾਂ ਇਕ ਕਮਰੇ ’ਚ ਸੀ, ਜਦੋਂ ਕਿ ਆਰੀਅਨ ਬਾਹਰ ਖੇਡ ਰਿਹਾ ਸੀ। ਉਸ ਦਾ ਪਿਤਾ ਕੰਮ ’ਤੇ ਗਿਆ ਸੀ। ਉਨ੍ਹਾਂ ਦੱਸਿਆ ਕਿ ਖੇਡਦੇ-ਖੇਡਦੇ ਉਹ ਬਾਥਰੂਮ ਕੋਲ ਰੱਖੀ ਪਾਣੀ ਨਾਲ ਭਰੀ ਬਾਲਟੀ ਵੱਲ ਚਲਾ ਗਿਆ ਅਤੇ ਉਸ ’ਚ ਸਿਰ ਦੇ ਡਿੱਗ ਗਿਆ। ਮੀਨਾ ਨੇ ਦੱਸਿਆ,”ਕੁਝ ਸਮੇਂ ਬਾਅਦ ਮੈਨੂੰ ਜਦੋਂ ਬੱਚੇ ਦੀ ਕੋਈ ਆਵਾਜ਼ ਸੁਣਾਈ ਨਹੀਂ ਦਿੱਤੀ ਤਾਂ ਮੈਨੂੰ ਕੁਝ ਗੜਬੜ ਦਾ ਅਹਿਸਾਸ ਹੋਇਆ।” ਉਨ੍ਹਾਂ ਕਿਹਾ ਕਿ ਜਦੋਂ ਉਹ ਆਰੀਅਨ ਨੂੰ ਦੇਖਣ ਗਈ ਤਾਂ ਉਨ੍ਹਾਂ ਨੇ ਉਸ ਨੂੰ ਬਾਲਟੀ ’ਚ ਵੇਖਿਆ। ਉਨ੍ਹਾਂ ਦੱਸਿਆ ਕਿ ਇਸ ਤੋਂ ਬਾਅਦ ਉਹ ਆਰੀਅਨ ਨੂੰ ਤੁਰੰਤ ਇਕ ਸਰਕਾਰੀ ਹਸਪਤਾਲ ਲੈ ਗਏ, ਜਿੱਥੋਂ ਉਸ ਨੂੰ ਦੂਜੇ ਹਸਪਤਾਲ ਲਈ ਰੈਫਰ ਕਰ ਦਿੱਤਾ ਗਿਆ। ਮੀਨਾ ਨੇ ਦੱਸਿਆ ਕਿ ਇਸ ਤੋਂ ਬਾਅਦ ਆਰੀਅਨ ਨੂੰ ਇਕ ਨਿੱਜੀ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਮੁਜੇਸਰ ਪੁਲਸ ਥਾਣੇ ਦੇ ਇਕ ਸੀਨੀਅਰ ਪੁਲਸ ਅਧਿਕਾਰੀ ਨੇ ਕਿਹਾ,”ਬੱਚੇ ਦੀ ਲਾਸ਼ ਨੂੰ ਪੋਸਟਮਾਰਟਮ ਲਈ ਈਐੱਸਆਈਸੀ ਮੈਡੀਕਲ ਕਾਲਜ ਅਤੇ ਹਸਪਤਾਲ ਦੇ ਮੁਰਦਾਘਰ ਰੱਖਵਾ ਦਿੱਤਾ ਗਿਆ ਹੈ। ਪੋਸਟਮਾਰਟਮ ਰਿਪੋਰਟ ਦੇ ਆਧਾਰ ’ਤੇ ਕਾਰਵਾਈ ਕੀਤੀ ਜਾਵੇਗੀ।”



# ਭਰਾ ਨੇ ਹੀ ਲਗਾਈ ਭਰਾ ਦੀ ਦੁਕਾਨ ਨੂੰ ਅੱਗ, ਫਰਨੀਚਰ ਦਾ ਸਮਾਨ ਸੜ ਕੇ ਸੁਆਹ



ਗੁਰਦਾਸਪੁਰ 30 ਸਤੰਬਰ। ਆਪਣੇ ਹੀ ਭਰਾ ਦੀ ਦੁਕਾਨ ਨੂੰ ਅੱਗ ਲਗਾ ਕੇ ਸਾੜਨ ਵਾਲੇ ਭਰਾ ਦੇ ਖ਼?ਲਾਫ਼ ਭੈਣੀ ਮੀਆਂ ਖਾਂ ਪੁਲਸ ਨੇ ਮਾਮਲਾ ਦਰਜ ਕੀਤਾ ਹੈ। ਇਸ ਸਬੰਧੀ ਏ. ਐੱਸ. ਆਈ. ਕੁਲਦੀਪ ਸਿੰਘ ਨੇ ਦੱਸਿਆ ਕਿ ਗੁਰਦਿਆਲ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਚੱਕ ਸਰੀਫ ਨੇ ਬਿਆਨ ਦਿੱਤਾ ਕਿ ਉਸ ਦੀਆਂ ਅੱਡਾ ਚੱਕ ਸਰੀਫ ਵਿਖੇ ਤਿੰਨ ਦੁਕਾਨਾਂ ਹਨ ਅਤੇ ਦੁਕਾਨਾਂ ਦੇ ਉੱਪਰ ਰਿਹਾਇਸ਼ ਹੈ। ਉਸ ਨੇ ਆਪਣੀਆਂ ਦੁਕਾਨਾਂ ’ਤੇ ਹਾਰਡ ਵੇਅਰ, ਬਰਤਨਾਂ ਦਾ ਸਾਮਾਨ, ਸ਼ੀਸਾ ਤੇ ਪਲਾਈ ਦਾ ਸਾਮਾਨ ਰੱਖਿਆ ਹੋਇਆ ਹੈ। ਰੋਜ਼ਾਨਾਂ ਦੀ ਤਰ੍ਹਾਂ ਦੁਕਾਨ ਬੰਦ ਕਰਕੇ ਆਪਣੀ ਰਿਹਾਇਸ਼ ਵਿਚ ਚਲਾ ਗਿਆ ਸੀ ਪਰ ਤੜਕਸਾਰ ਜਦ ਉਸ ਨੇ ਵੇਖਿਆ ਕਿ ਦੁਕਾਨ ਦੇ ਅੰਦਰ ਅੱਗ ਲੱਗੀ ਹੋਈ ਸੀ। ਅੱਗ ’ਤੇ ਸਾਰਿਆਂ ਨੇ ਰਲ-ਮਿਲ ਕੇ ਕਾਬੂ ਪਾਇਆ। ਦੁਕਾਨ ਦੇ ਅੰਦਰ ਸਾਰਾ ਸਾਮਾਨ ਸੜ ਚੁੱਕਾ ਸੀ। ਪੁਲਸ ਅਧਿਕਾਰੀ ਨੇ ਦੱਸਿਆ ਕਿ ਸ਼ਿਕਾਇਤਕਰਤਾ ਗੁਰਦਿਆਲ ਸਿੰਘ ਨੂੰ ਪਤਾ ਲੱਗਾ ਕਿ ਦੁਕਾਨ ਦੇ ਅੰਦਰ ਅੱਗ ਉਸ ਦੇ ਭਰਾ ਸਰਵਨ ਸਿੰਘ ਨੇ ਲਗਾਈ ਹੈ। ਜਿਸ ’ਤੇ ਉਸ ਦੇ ਭਰਾ ਸਰਵਨ ਸਿੰਘ ਪੁੱਤਰ ਰਣਜੀਤ ਸਿੰਘ ਵਾਸੀ ਬਥਵਾਲਾ ਨੇੜੇ ਥੇਹਵਾਲਾ ਗੁਰਦੁਆਰਾ ਗੁਰਦਾਸਪੁਰ ਦੇ ਖ਼?ਲਾਫ਼ ਮਾਮਲਾ ਦਰਜ ਕੀਤਾ ਗਿਆ।

# ਇਸ ਜ਼ਿਲ੍ਹੇ ’ਚ ਲੱਗ ਗਈਆਂ ਸਖ਼ਤ ਪਾਬੰਦੀਆਂ, ਉਲੰਘਣਾ ਕਰਨ ਵਾਲਿਆਂ ’ਤੇ ਹੋਵੇਗਾ ਐਕਸ਼ਨ

ਅੰਮ੍ਰਿਤਸਰ 30 ਸਤੰਬਰ। ਅੰਮ੍ਰਿਤਸਰ ਸ਼ਹਿਰ ਵਿੱਚ ਕਾਨੂੰਨ-ਵਿਵਸਥਾ ਨੂੰ ਹੋਰ ਮਜ਼ਬੂਤ ਕਰਨ, ਰਾਤ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਅਤੇ ਸ਼ੋਰ ਪ੍ਰਦੂਸ਼ਣ ਨੂੰ ਕਾਬੂ ਹੇਠ ਰੱਖਣ ਲਈ ਪੁਲਸ ਪ੍ਰਸ਼ਾਸਨ ਨੇ ਤਿੰਨ ਅਹਿਮ ਹੁਕਮ ਲਾਗੂ ਕੀਤੇ ਹਨ। ਇਸ ਸਬੰਧੀ ਅਧਿਕਾਰਤ ਜਾਣਕਾਰੀ ਅੰਮ੍ਰਿਤਸਰ ਦੇ ਪੁਲਸ ਕਮਿਸ਼ਨਰ ਹਰਮਨਬੀਰ ਗਿੱਲ ਵੱਲੋਂ ਸਾਂਝੀ ਕੀਤੀ ਗਈ ਹੈ। ਪੁਲਸ ਨੇ ਸਪੱਸ਼ਟ ਚਿਤਾਵਨੀ ਦਿੱਤੀ ਹੈ ਕਿ ਇਨ੍ਹਾਂ ਨਵੇਂ ਹੁਕਮਾਂ ਦੀ ਉਲੰਘਣਾ ਕਰਨ ਵਾਲੇ ਕਿਸੇ ਵੀ ਵਿਅਕਤੀ ਵਿਰੁੱਧ ਬਿਨਾਂ ਕਿਸੇ ਢਿੱਲ ਦੇ ਸਖ਼ਤ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ। ਲਾਗੂ ਕੀਤੇ ਗਏ ਪਹਿਲੇ ਹੁਕਮ ਦੇ ਤਹਿਤ ਹੁਣ ਸ਼ਹਿਰ ਵਿੱਚ ਰਾਤ ਨੂੰ 12 ਵਜੇ ਤੋਂ ਬਾਅਦ ਰੈਸਟੋਰੈਂਟ, ਢਾਬੇ ਅਤੇ ਹੋਰ ਸਾਰੀਆਂ ਖਾਣ-ਪੀਣ ਵਾਲੀਆਂ ਦੁਕਾਨਾਂ ਨੂੰ ਖੁੱਲ੍ਹੀਆਂ ਰੱਖਣ ’ਤੇ ਮੁਕੰਮਲ ਰੋਕ ਲਗਾ ਦਿੱਤੀ ਗਈ ਹੈ। ਇਸ ਦੇ ਨਾਲ ਹੀ, ਦੂਜੇ ਹੁਕਮ ਅਨੁਸਾਰ ਸ਼ੋਰ ਪ੍ਰਦੂਸ਼ਣ ਨੂੰ ਕਾਬੂ ਰੱਖਣ ਲਈ ਵਿਸ਼ੇਸ਼ ਨਿਰਦੇਸ਼ ਦਿੱਤੇ ਗਏ ਹਨ, ਜਿਸ ਤਹਿਤ ਮੈਰਿਜ ਪੈਲੇਸਾਂ, ਬਾਜ਼ਾਰਾਂ ਅਤੇ ਵਾਹਨਾਂ ਦੇ ਅੰਦਰ ਲਾਊਡਸਪੀਕਰਾਂ ਜਾਂ ਗਾਣਿਆਂ ਦੀ ਆਵਾਜ਼ ਨੂੰ ਨਿਰਧਾਰਤ ਸੀਮਾ ਦੇ ਅੰਦਰ ਹੀ ਰੱਖਣਾ ਹੋਵੇਗਾ ਅਤੇ ਸ਼ੋਰ ਪ੍ਰਦੂਸ਼ਣ ਸਬੰਧੀ ਨਿਯਮਾਂ ਦੀ ਸਖ਼ਤੀ ਨਾਲ ਪਾਲਣਾ ਕਰਨੀ ਲਾਜ਼ਮੀ ਹੋਵੇਗੀ। ਪੁਲਸ ਵੱਲੋਂ ਜਾਰੀ ਤੀਜੇ ਅਤੇ ਸਭ ਤੋਂ ਅਹਿਮ ਹੁਕਮ ਤਹਿਤ ਗੱਡੀਆਂ ਦੇ ਅੰਦਰ ਬੇਸਬਾਲ ਬੈਟ, ਸੋਟੀਆਂ ਜਾਂ ਕਿਸੇ ਵੀ ਤਰ੍ਹਾਂ ਦੀਆਂ ਹੋਰ ਨੁਕੀਲੀਆਂ ਅਤੇ ਖ਼ਤਰਨਾਕ ਵਸਤੂਆਂ ਰੱਖਣ ’ਤੇ ਮੁਕੰਮਲ ਪਾਬੰਦੀ ਲਗਾ ਦਿੱਤੀ ਗਈ ਹੈ। ਪੁਲਸ ਪ੍ਰਸ਼ਾਸਨ ਅਨੁਸਾਰ ਇਨ੍ਹਾਂ ਸਖ਼ਤ ਹੁਕਮਾਂ ਨੂੰ ਲਾਗੂ ਕਰਨ ਦਾ ਮੁੱਖ ਮਕਸਦ ਸ਼ਹਿਰ ਵਿੱਚ ਅਪਰਾਧਿਕ ਗਤੀਵਿਧੀਆਂ ਨੂੰ ਠੱਲ੍ਹ ਪਾਉਣਾ, ਹਰ ਹਾਲ ਵਿੱਚ ਅਮਨ-ਸ਼ਾਂਤੀ ਬਣਾਈ ਰੱਖਣਾ ਅਤੇ ਖ਼ਾਸ ਕਰਕੇ ਰਾਤ ਵੇਲੇ ਹੋਣ ਵਾਲੇ ਅਪਰਾਧਾਂ ਨੂੰ ਰੋਕਣਾ ਹੈ।



# ਹੁਣ ਸਕੂਲਾਂ ਤੱਕ ਪਹੁੰਚੇ ਬਦਮਾਸ਼, ਤਕਨੀਕੀ ਖਰਾਬੀ ਕਾਰਨ ਨਹੀਂ ਕਰ ਸਕੇ ਫਾਇਰ, CCTV ’ਚ ਕੈਦ ਤਸਵੀਰਾਂ

**ਕੌਮੀ ਪਤ੍ਰਿਕਾ**

ਤਰਨਤਾਰਨ 30 ਸਤੰਬਰ। ਜ਼ਿਲੇ ਦੇ ਪੱਟੀ ਸ਼ਹਿਰ ਅਤੇ ਇਸ ਦੇ ਆਸ-ਪਾਸ ਦੇ ਇਲਾਕੇ ’ਚ ਮੌਜੂਦ ਵੱਖ-ਵੱਖ ਰਸੂਖਦਾਰ ਲੋਕਾਂ, ਸਿਆਸੀ ਆਗੂਆਂ, ਹਸਪਤਾਲ ਤੋਂ ਇਲਾਵਾ ਸਕੂਲ ਮਾਲਕਾਂ ਨੂੰ ਗੈਂਗਸਟਰਾਂ ਵੱਲੋਂ ਦਿੱਤੀਆਂ ਜਾ ਰਹੀਆਂ ਫਿਰੌਤੀ ਦੀਆਂ ਧਮਕੀਆਂ ਦੇ ਚੱਲਦਿਆਂ ਉਨ੍ਹਾਂ ਦਾ ਜੀਣਾ ਮੁਹਾਲ ਹੋ ਚੁੱਕਾ ਹੈ। ਇਸ ਫਿਰੌਤੀ ਦੇ ਚੱਲਦਿਆਂ ਜਿੱਥੇ ਕਾਰੋਬਾਰੀਆਂ ਵਿਚ ਕਾਫੀ ਜ਼ਿਆਦਾ ਸਹਿਮ ਵੇਖਣ ਨੂੰ ਮਿਲ ਰਿਹਾ ਹੈ, ਉਥੇ ਹੀ ਇਨ੍ਹਾਂ ਦੇ ਕਾਰੋਬਾਰ ਉਪਰ ਵੀ ਮਾੜਾ ਅਸਰ ਪੈਣ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਹੈ। ਸੋਮਵਾਰ ਸਵੇਰੇ ਪੱਟੀ ਸ਼ਹਿਰ ਦੇ ਨਾਲ ਸਬੰਧਤ ਇਕ ਨਿੱਜੀ ਸਕੂਲ ਦੇ ਬਾਹਰ ਦੋ ਮੋਟਰਸਾਈਕਲ ਸਵਾਰ ਵਿਅਕਤੀ ਫਾਇਰਿੰਗ ਕਰਨ ਲਈ ਪੁੱਜੇ ਸਨ, ਜੋ ਕਿਸੇ ਤਕਨੀਕੀ ਕਾਰਨ ਦੇ ਚੱਲਦਿਆਂ ਆਪਣੇ ਮੱਕਸਦ ਵਿਚ ਕਾਮਯਾਬ ਨਹੀਂ ਹੋ ਸਕੇ, ਜਿਸ ਤੋਂ ਬਾਅਦ ਦੋਵੇਂ ਮੌਕੇ ਤੋਂ ਫਰਾਰ ਹੋ ਗਏ। ਇਹ ਸਾਰਾ ਮਾਮਲਾ ਸਕੂਲ ਦੇ ਬਾਹਰ ਲੱਗੇ ਸੀ.ਸੀ.ਟੀ.ਵੀ ਕੈਮਰੇ ਵਿਚ ਕੈਦ ਹੋ ਚੁੱਕਾ ਹੈ। ਸੂਤਰਾਂ ਤੋਂ ਮਿਲੀ ਜਾਣਕਾਰੀ ਦੇ ਅਨੁਸਾਰ ਜਦੋਂ ਨਿੱਜੀ ਸਕੂਲ ਵਿਚ ਬੱਚੇ ਪੜ੍ਹਾਈ ਕਰ ਰਹੇ ਸਨ ਤਾਂ ਇਸ ਦੌਰਾਨ ਗੇਟ ਦੇ ਬਾਹਰ ਮੌਜੂਦ ਚੌਂਕੀਦਾਰ ਵੱਲੋਂ ਦੋ ਸ਼ੱਕੀ ਵਿਅਕਤੀਆਂ ਨੂੰ ਸਕੂਲ ਦੇ ਨਜ਼ਦੀਕ ਆ ਕੇ ਮੋਟਰਸਾਈਕਲ ਹੌਲੀ ਕਰਦੇ ਦੇਖਿਆ ਗਿਆ, ਜਿਨ੍ਹਾਂ ਦੇ ਹੱਥ ਵਿਚ ਪਿਸਤੌਲ ਮੌਜੂਦ ਸੀ ਅਤੇ ਉਨ੍ਹਾਂ ਵੱਲੋਂ ਜਦੋਂ ਸਕੂਲ ਵੱਲ ਕਰਕੇ ਪਿਸਤੌਲ ਦੀ ਮਦਦ ਨਾਲ ਫਾਇਰ ਕਰਨ ਦੀ ਕੋਸ਼ਿਸ਼ ਕੀਤੀ ਗਈ ਤਾਂ ਉਹ ਫਾਇਰ ਕਰਨ ਵਿਚ ਕਾਮਯਾਬ ਨਹੀਂ ਹੋ ਸਕੇ, ਜਿਸ ਤੋਂ ਬਾਅਦ ਉਹ ਮੌਕੇ ਤੋਂ ਫਰਾਰ ਹੋ ਗਏ। ਇਸ ਸਬੰਧੀ ਸਕੂਲ ਪ੍ਰਬੰਧਕਾਂ ਅਤੇ ਮਾਲਕਾਂ ਵੱਲੋਂ ਤੁਰੰਤ ਥਾਣਾ ਪੱਟੀ ਦੀ ਪੁਲਸ ਨੂੰ ਸੂਚਨਾ ਦਿੱਤੀ ਗਈ। ਜਿਸ ਤੋਂ ਬਾਅਦ ਪੁਲਸ ਵੱਲੋਂ ਤੁਰੰਤ ਐਕਸ਼ਨ ਲੈਂਦੇ ਹੋਏ ਮੌਕੇ ’ਤੇ ਪੁੱਜਦੇ ਹੋਏ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ। ਬੀਤੇ ਲੰਮੇਂ ਸਮੇਂ ਤੋਂ ਜ਼ਿਲਾ ਤਰਨਤਾਰਨ ਦੇ ਲੋਕ ਵੱਖ-ਵੱਖ ਗੈਂਗਸਟਰਾਂ ਦੇ ਨਿਸ਼ਾਨੇ ਉਪਰ ਰਹਿ ਚੁੱਕੇ ਹਨ ਅਤੇ ਅੱਜ ਵੀ ਉਨ੍ਹਾਂ ਵੱਲੋਂ ਆਪਣਾ ਵੱਖ-ਵੱਖ ਕਾਰੋਬਾਰੀਆਂ ਰਸੂਖਦਾਰ ਲੋਕਾਂ ਉਪਰ ਨਿਸ਼ਾਨਾ ਜਾਰੀ ਰੱਖਿਆ ਜਾ ਰਿਹਾ ਹੈ। ਇਨ੍ਹਾਂ ਫਿਰੌਤੀ ਦੀਆਂ ਕਾਲਾਂ ਨੇ ਜਿੱਥੇ ਜ਼ਿਲੇ ਭਰ ਵਿਚ ਮੌਜੂਦ ਲੋਕਾਂ ਦਾ ਜੀਣਾ ਮੁਹਾਲ ਕਰਕੇ ਰੱਖ ਦਿੱਤਾ ਹੈ, ਉਥੇ ਹੀ ਇਨ੍ਹਾਂ ਦੇ ਕਾਰੋਬਾਰ ਉਪਰ ਵੀ ਕਾਫੀ ਜ਼ਿਆਦਾ ਮਾੜਾ ਅਸਰ ਪੈ ਰਿਹਾ ਹੈ। ਇਸ ਸਬੰਧੀ ਥਾਣਾ ਸਿਟੀ ਪੱਟੀ ਦੇ ਮੁਖੀ ਇੰਸਪੈਕਟਰ ਵਿਪਨ ਕੁਮਾਰ ਨੇ ਦੱਸਿਆ ਕਿ ਨਿੱਜੀ ਸਕੂਲ ਦੇ ਬਾਹਰ ਦੋ ਸ਼ੱਕੀ ਵਿਅਕਤੀ ਜ਼ਰੂਰ ਪੁੱਜੇ ਸਨ ਪ੍ਰੰਤੂ ਉਨ੍ਹਾਂ ਵੱਲੋਂ ਕੋਈ ਵੀ ਫਾਇਰ ਨਹੀਂ ਕੀਤਾ ਗਿਆ, ਜਿਸ ਦੇ ਸਬੰਧ ਵਿਚ ਪੁਲਸ ਵੱਲੋਂ ਸੀ.ਸੀ.ਟੀ.ਵੀ ਕੈਮਰੇ ਦੀ ਫੁਟੇਜ਼ ਨੂੰ ਆਪਣੇ ਕਬਜ਼ੇ ਵਿਚ ਲੈਂਦੇ ਹੋਏ ਅਗਲੇਰੀ ਜਾਂਚ ਅਤੇ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਥਾਣਾ ਮੁਖੀ ਨੇ ਭਰੋਸਾ ਦਿੱਤਾ ਹੈ ਕਿ ਪੁਲਸ 24 ਘੰਟੇ ਲੋਕਾਂ ਦੀ ਹਿਫਾਜ਼ਤ ਲਈ ਹਾਜ਼ਰ ਹੈ ਅਤੇ ਮਾੜੇ ਅਨਸਰਾਂ ਨੂੰ ਕਾਮਯਾਬ ਨਹੀਂ ਹੋਣ ਦਿੱਤਾ ਜਾਵੇਗਾ।



# ਕਿਰਨਾ ਸਟੋਰ ’ਚੋਂ 1.5 ਲੱਖ ਦਾ ਸਮਾਨ ਅਤੇ ਨਕਦੀ ਚੋਰੀ

ਡੇਰਾਬੱਸੀ 30 ਸਤੰਬਰ। ਤਹਿਸੀਲ ਰੋਡ ’ਤੇ ਰੇਲਵੇ ਕਰਾਸਿੰਗ ਨੇੜੇ ਸਥਿਤ ਪੁਨੀਤ ਕਿਰਨਾ ਸਟੋਰ ਨੂੰ ਤੜਕੇ ਤਿੰਨ ਚੋਰਾਂ ਨੇ ਨਿਸ਼ਾਨਾ ਬਣਾਇਆ। ਚੋਰ ਸ਼ਟਰ ਤੋੜ ਕੇ ਦੁਕਾਨ ’ਚੋਂ ਲਗਭਗ 60 ਹਜ਼ਾਰ ਰੁਪਏ ਦੀ ਨਕਦੀ ਅਤੇ ਕਰੀਬ 70 ਹਜ਼ਾਰ ਰੁਪਏ ਦਾ ਸਮਾਨ ਚੋਰੀ ਕਰਕੇ ਲੈ ਗਏ। ਕੁੱਲ ਨੁਕਸਾਨ ਲਗਭਗ 1.5 ਲੱਖ ਰੁਪਏ ਦੱਸਿਆ ਜਾ ਰਿਹਾ ਹੈ। ਵਾਰਦਾਤ ਦੁਕਾਨ ਦੇ ਅੰਦਰ ਅਤੇ ਬਾਹਰ ਲੱਗੇ ਸੀ. ਸੀ. ਟੀ. ਵੀ. ਕੈਮਰਿਆਂ ’ਚ ਕੈਦ ਹੋ ਗਈ। ਦੁਕਾਨ ਮਾਲਕ ਪੁਨੀਤ ਕੁਮਾਰ ਨੇ ਦੱਸਿਆ ਕਿ ਉਹ ਰਾਤ ਨੂੰ ਦੁਕਾਨ ਬੰਦ ਕਰਕੇ ਘਰ ਚਲਾ ਗਿਆ ਸੀ। ਸਵੇਰੇ ਕਰੀਬ 4 ਵਜੇ ਉਸ ਨੇ ਦੁਕਾਨ ਦਾ ਸ਼ਟਰ ਟੁੱਟਿਆ ਦੇਖਿਆ। ਅੰਦਰ ਸਮਾਨ ਖਿੱਲਰਿਆ ਪਿਆ ਸੀ ਅਤੇ ਨਕਦੀ ਵਾਲਾ ਕੈਸ਼ ਬਾਕਸ ਗਾਇਬ ਸੀ। ਬਾਅਦ ’ਚ ਕੈਸ਼ ਬਾਕਸ ਦੁਕਾਨ ਤੋਂ ਕੁਝ ਦੂਰੀ ’ਤੇ ਖਾਲੀ ਮਿਲਿਆ। ਸੀ.ਸੀ.ਟੀ.ਵੀ. ਫੁਟੇਜ ’ਚ ਤਿੰਨ ਵਿਅਕਤੀ ਦੁਕਾਨ ’ਚ ਦਾਖਲ ਹੋ ਕੇ ਚੋਰੀ ਕਰਦੇ ਦਿਖਾਈ ਦੇ ਰਹੇ ਹਨ। ਦੁਕਾਨ ਮਾਲਕ ਨੇ ਸ਼ੱਕ ਜਤਾਇਆ ਕਿ ਚੋਰਾਂ ਨੇ ਨੇੜਿਓਂ ਲੰਘਦੀਆਂ ਰੇਲਗੱਡੀਆਂ ਦੇ ਸ਼ੋਰ ਦਾ ਫਾਇਦਾ ਉਠਾਇਆ ਹੋਵੇਗਾ। ਪੁਲਸ ਫੁਟੇਜ ਦੇ ਆਧਾਰ ’ਤੇ ਮਾਮਲੇ ਦੀ ਜਾਂਚ ਕਰ ਰਹੀ ਹੈ।

# ਕੀਰਤਪੁਰ ਸਾਹਿਬ ਤੋਂ ਪਿਤਾ ਦੇ ਫੁੱਲ ਤਾਰ ਕੇ ਪਰਤ ਰਹੇ ਪਰਿਵਾਰ ਨਾਲ ਵਾਪਰਿਆ ਹਾਦਸਾ

ਫ਼ਤਿਹਗੜ੍ਹ ਸਾਹਿਬ 30 ਸਤੰਬਰ। ਜ਼ਿਲ੍ਹਾ ਮਾਨਸਾ ਦੇ ਪਿੰਡ ਕਾਨਗੜ੍ਹ ਦੇ ਵਾਸੀ ਗੁਰਪ੍ਰੀਤ ਸਿੰਘ ਆਪਣੇ ਪਰਿਵਾਰ ਸਮੇਤ ਸ੍ਰੀ ਕੀਰਤਪੁਰ ਸਾਹਿਬ ਵਿਖੇ ਆਪਣੇ ਪਿਤਾ ਰੂਪ ਸਿੰਘ ਦੇ ਫੁੱਲ (ਅਸਥੀਆਂ) ਤਾਰਨ ਤੋਂ ਬਾਅਦ ਵਾਪਸ ਪਰਤ ਰਹੇ ਸਨ। ਸ਼ੁੱਕਰਵਾਰ ਸਵੇਰੇ ਕਰੀਬ 9:30 ਵਜੇ ਜਦੋਂ ਉਨ੍ਹਾਂ ਦੀ ਕਾਰ ਸਰਹਿੰਦ ਸ਼ਹਿਰ ਦੇ ਰੇਲਵੇ ਫਾਟਕ ਨੇੜੇ ਪਹੁੰਚੀ, ਤਾਂ ਉੱਥੇ ਇੱਕ ਟਿੱਪਰ ਬਰੋਟੇ (ਬੋਹੜ ਦੇ ਦਰੱਖਤ) ਵਿਚ ਫਸ ਗਿਆ। ਟਿੱਪਰ ਨੂੰ ਕੱਢਣ ਦੀ ਕੋਸ਼ਿਸ਼ ਦੌਰਾਨ ਬਰੋਟਾ ਹੇਠਾਂ ਲੰਘ ਰਹੀ ਕਾਰ ਉੱਪਰ ਆ ਡਿੱਗਿਆ। ਹਾਦਸੇ ਸਮੇਂ ਕਾਰ ਵਿਚ ਕਰੀਬ ਅੱਠ ਵਿਅਕਤੀ ਸਵਾਰ ਸਨ, ਜੋ ਖੁਸ਼ਕਿਸਮਤੀ ਨਾਲ ਵਾਲ-ਵਾਲ ਬਚ ਗਏ, ਪਰ ਕਾਰ ਨੁਕਸਾਨੀ ਗਈ। ਘਟਨਾ ਦੀ ਸੂਚਨਾ ਮਿਲਦਿਆਂ ਹੀ ਸਥਾਨਕ ਲੋਕਾਂ ਅਤੇ ਪੁਲਸ ਨੇ ਮੌਕੇ ’ਤੇ ਪਹੁੰਚ ਕੇ ਰਾਹਤ ਕਾਰਜ ਸ਼ੁਰੂ ਕੀਤੇ। ਜੇ.ਸੀ.ਬੀ. ਮਸ਼ੀਨ ਦੀ ਮਦਦ ਨਾਲ ਬਰੋਟੇ ਹੇਠਾਂ ਦੱਬੀ ਕਾਰ ਨੂੰ ਬਾਹਰ ਕੱਢਿਆ ਗਿਆ। ਹਾਦਸੇ ਕਾਰਨ ਸੜਕ ’ਤੇ ਵਾਹਨਾਂ ਦੀਆਂ ਲੰਮੀਆਂ ਕਤਾਰਾਂ ਲੱਗ ਗਈਆਂ, ਜਿਸ ਨਾਲ ਕਾਫ਼ੀ ਸਮਾਂ ਟ?ਰੈਫਿਕ ਜਾਮ ਰਿਹਾ। ਜ਼ਿਕਰਯੋਗ ਹੈ ਕਿ ਰੇਲਵੇ ਵਿਭਾਗ ਵੱਲੋਂ ਮੁਰੰਮਤ ਕਾਰਜਾਂ ਲਈ ਫ਼ਤਿਹਗੜ੍ਹ ਸਾਹਿਬ ਰੇਲਵੇ ਫਾਟਕ 24 ਤੋਂ 30 ਸਤੰਬਰ ਤੱਕ ਬੰਦ ਰੱਖਿਆ ਗਿਆ ਹੈ, ਜਿਸ ਕਾਰਨ ਆਵਾਜਾਈ ਨੂੰ ਡਾਇਵਰਟ ਕੀਤਾ ਗਿਆ ਸੀ ਅਤੇ ਸੜਕਾਂ ’ਤੇ ਆਵਾਜਾਈ ਦਾ ਬੋਝ ਵਧਿਆ ਹੋਇਆ ਸੀ।

# ਪੰਜਾਬ ਬੋਰਡ ਦੇ ਵਿਦਿਆਰਥੀਆਂ ਲਈ ਵੱਡੀ ਖ਼ਬਰ, ਰੀ-ਚੈਕਿੰਗ ਲਈ ਜਾਰੀ ਕੀਤਾ ਨਵਾਂ ਸ਼ਡਿਊਲ

ਮੋਹਾਲੀ 30 ਸਤੰਬਰ। ਪੰਜਾਬ ਸਕੂਲ ਸਿੱਖਿਆ ਬੋਰਡ (ਪੀ. ਐੱਸ. ਈ. ਬੀ.) ਵੱਲੋਂ ਜੁਲਾਈ 2026 ’ਚ ਲਈਆਂ ਗਈਆਂ ਅਨੁਪੂਰਕ ਪ੍ਰੀਖਿਆਵਾਂ (ਰੀ-ਅਪੀਅਰ/ਕੰਪਾਰਟਮੈਂਟ, ਵਾਧੂ ਵਿਸ਼ਾ ਅਤੇ ਵੋਕੇਸ਼ਨਲ ਵਿਸ਼ੇ) ਦਾ ਨਤੀਜਾ ਐਲਾਨਿਆ ਜਾ ਚੁੱਕਾ ਹੈ। ਦੱਸਣਯੋਗ ਹੈ ਕਿ 12ਵੀਂ ਸ਼੍ਰੇਣੀ ਦਾ ਨਤੀਜਾ 25 ਅਗਸਤ 2026 ਅਤੇ 10ਵੀਂ ਸ਼੍ਰੇਣੀ ਦਾ ਨਤੀਜਾ 28 ਅਗਸਤ 2026 ਨੂੰ ਜਾਰੀ ਕੀਤਾ ਗਿਆ ਸੀ। ਇਸ ਸਬੰਧ ’ਚ ਜਾਣਕਾਰੀ ਦਿੰਦੇ ਹੋਏ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਇੱਕ ਬੁਲਾਰੇ ਨੇ ਦੱਸਿਆ ਕਿ ਇਨ੍ਹਾਂ ਪ੍ਰੀਖਿਆਵਾਂ ’ਚ ਸ਼ਾਮਲ ਹੋਏ ਜੋ ਪ੍ਰੀਖਿਆਰਥੀ ਆਪਣੇ ਉੱਤਰ-ਪੱਤਰਾਂ ਦੀ ਰੀ-ਚੈਕਿੰਗ (ਮੁੜ ਪੜਤਾਲ) ਜਾਂ ਰੀਵੈਲੂਏਸ਼ਨ (ਮੁੜ ਮੁਲਾਂਕਣ) ਕਰਵਾਉਣਾ ਚਾਹੁੰਦੇ ਹਨ, ਉਨ੍ਹਾਂ ਲਈ ਆਨਲਾਈਨ ਫਾਰਮ ਅਤੇ ਫ਼ੀਸ ਭਰਨ ਦਾ ਸ਼ਡਿਊਲ ਜਾਰੀ ਕਰ ਦਿੱਤਾ ਗਿਆ ਹੈ। ?ਇਨ੍ਹਾਂ ਲਈ ਅਰਜ਼ੀਆਂ ਦੇਣ ਦੀ ਮਿਤੀ 07 ਸਤੰਬਰ 2026 ਤੋਂ 30 ਸਤੰਬਰ 2026 ਤੱਕ ਹੈ। ?ਫਾਰਮ ਅਤੇ ਫ਼ੀਸ ਸਿਰਫ ਆਨਲਾਈਨ ਮਾਧਿਅਮ ਰਾਹੀਂ ਹੀ ਪ੍ਰਵਾਨ ਕੀਤੀ ਜਾਵੇਗੀ। ?ਆਨਲਾਈਨ ਫਾਰਮ ਅਤੇ ਫ਼ੀਸ ਭਰਨ ਤੋਂ ਬਾਅਦ ਪ੍ਰੀਖਿਆਰਥੀ ਇਸ ਦਾ ਪ੍ਰਿੰਟਆਊਟ ਆਪਣੇ ਕੋਲ ਰਿਕਾਰਡ ਵਜੋਂ ਸੰਭਾਲ ਕੇ ਰੱਖਣ। ਇਸ ਫਾਰਮ ਦੀ ਹਾਰਡ ਕਾਪੀ ਬੋਰਡ ਦਫ਼ਤਰ ਵਿਖੇ ਜਮ?ਹਾਂ ਕਰਵਾਉਣ ਦੀ ਕੋਈ ਲੋੜ ਨਹੀਂ ਹੈ।? ਵਧੇਰੇ ਜਾਣਕਾਰੀ ਅਤੇ ਦਿਸ਼ਾ-ਨਿਰਦੇਸ਼ਾਂ ਲਈ ਬੋਰਡ ਦੀ ਅਧਿਕਾਰਤ ਵੈੱਬਸਾਈਟ www.pseb.ac.in ’ਤੇ ਵਿਜ਼ਿਟ ਕੀਤਾ ਜਾ ਸਕਦਾ ਹੈ।




# ਔਰਤ ਦੇ ਬੈਂਕ ਖਾਤੇ ’ਚੋਂ 2.50 ਲੱਖ ਤੋਂ ਵੱਧ ਦੀ ਆਨਲਾਈਨ ਠੱਗੀ

ਫਿਰੋਜ਼ਪੁਰ 30 ਸਤੰਬਰ। ਫ਼ਿਰੋਜ਼ਪੁਰ ’ਚ ਸਾਈਬਰ ਠੱਗਾਂ ਵੱਲੋਂ ਇਕ ਔਰਤ ਦੇ ਬੈਂਕ ਖ਼ਾਤੇ ’ਚੋਂ ਲੱਖਾਂ ਰੁਪਏ ਉਡਾਉਣ ਦਾ ਮਾਮਲਾ ਸਾਹਮਣੇ ਆਇਆ ਹੈ। ਇਸ ਸਬੰਧ ’ਚ ਸਾਈਬਰ ਕ੍ਰਾਈਮ ਪੁਲਸ ਨੇ ਅਣਪਛਾਤੇ ਠੱਗਾਂ ਖ਼?ਲਾਫ਼ ਮਾਮਲਾ ਦਰਜ ਕੀਤਾ ਹੈ। ਜਾਣਕਾਰੀ ਦਿੰਦੇ ਹੋਏ ਪੁਲਸ ਨੇ ਦੱਸਿਆ ਕਿ ਸ਼ਿਕਾਇਤਕਰਤਾ ਸੋਨੀਆ ਪਤਨੀ ਸੋਨੂੰ ਵਾਸੀ ਬਸਤੀ ਬਲੋਚਾਂ ਵਾਲੀ, ਨੇੜੇ ਬੰਤਾ ਸਿੰਘ ਦੀ ਚੱਕੀ, ਫ਼ਿਰੋਜ਼ਪੁਰ ਸਿਟੀ ਨੇ ਦੱਸਿਆ ਕਿ ਜਦੋਂ ਉਸ ਨੇ 29 ਅਗਸਤ 2026 ਨੂੰ ਆਪਣਾ ਬੈਂਕ ਖ਼ਾਤਾ ਚੈੱਕ ਕੀਤਾ ਤਾਂ ਉਸ ਦੇ ਹੋਸ਼ ਉੱਡ ਗਏ। ਉਸ ਦੇ ਪੰਜਾਬ ਨੈਸ਼ਨਲ ਬੈਂਕ ਵਿੱਚੋਂ ਵੱਖ-ਵੱਖ ਟਰਾਂਸਜੈਕਸ਼ਨਾਂ ਰਾਹੀਂ ਪੈਸੇ ਕੱਢਵਾਏ ਗਏ ਸਨ। ਸੋਨੀਆ ਨੇ ਦੱਸਿਆ ਕਿ ਠੱਗਾਂ ਵੱਲੋਂ 67,100 ਰੁਪਏ, 99,000 ਰੁਪਏ ਅਤੇ 99,999 ਰੁਪਏ ਦੀਆਂ ਵੱਖ-ਵੱਖ ਕਿਸ਼ਤਾਂ ਵਿਚ ਕੁੱਲ 2,66,099 ਰੁਪਏ ਦੀ ਰਕਮ ਆਨਲਾਈਨ ਟਰਾਂਸਫ਼ਰ ਕਰ ਲਈ ਗਈ ਸੀ। ਸੋਨੀਆ ਨੇ ਦੱਸਿਆ ਕਿ ਇਸ ਧੋਖਾਧੜੀ ਦਾ ਪਤਾ ਲੱਗਦਿਆਂ ਹੀ ਉਸ ਨੇ 1930 ਹੈਲਪਲਾਈਨ ’ਤੇ ਮਿਤੀ 29 ਅਗਸਤ 2026 ਨੂੰ ਦਰਖਾਸਤ ਦਰਜ ਕਰਵਾਈ ਗਈ ਸੀ। ਇਸ ਮਾਮਲੇ ਦੀ ਜਾਂਚਹੋਸ਼ ਉੱਡ ਗਏ। ਉਸ ਦੇ ਪੰਜਾਬ ਨੈਸ਼ਨਲ ਬੈਂਕ ਵਿੱਚੋਂ ਵੱਖ-ਵੱਖ ਟਰਾਂਸਜੈਕਸ਼ਨਾਂ ਰਾਹੀਂ ਪੈਸੇ ਕੱਢਵਾਏ ਗਏ ਸਨ। ਸੋਨੀਆ ਨੇ ਦੱਸਿਆ ਕਿ ਠੱਗਾਂ ਵੱਲੋਂ 67,100 ਰੁਪਏ, 99,000 ਰੁਪਏ ਅਤੇ 99,999 ਰੁਪਏ ਦੀਆਂ ਵੱਖ-ਵੱਖ ਕਿਸ਼ਤਾਂ ਵਿਚ ਕੁੱਲ 2,66,099 ਰੁਪਏ ਦੀ ਰਕਮ ਆਨਲਾਈਨ ਕਰ ਰਹੇ ਇੰਸਪੈਕਟਰ ਸੁਖਬੀਰ ਕੌਰ ਨੇ ਦੱਸਿਆ ਕਿ ਪੁਲਸ ਨੇ ਸ਼ਿਕਾਇਤਕਰਤਾ ਦੇ ਬਿਆਨਾਂ ’ਤੇ ਅਣਪਛਾਤੇ ਠੱਗਾਂ ਖ਼?ਲਾਫ਼ ਮਾਮਲਾ ਦਰਜ ਕਰਕੇ ਅੱਗੇ ਦੀ ਜਾਂਚ ਕੀਤੀ ਜਾ ਰਹੀ ਹੈ।

# ਹਿੱਟ ਐਂਡ ਰਨ ਮਾਮਲੇ ’ਤੇ ਮਹਿਲਾ ਰਾਈਡਰ ਦੀ ਪਹਿਲੀ ਪ੍ਰਤੀਕਿਰਿਆ

**ਕੌਮੀ ਪਤ੍ਰਿਕਾ**

ਗੁਰੂਗ੍ਰਾਮ 30 ਸਤੰਬਰ। ਗੁਰੂਗ੍ਰਾਮ ਦੇ ਗੋਲਫ ਕੋਰਸ ਰੋਡ ’ਤੇ ਮਹਿਲਾ ਬਾਈਕਰ ਸੀਆ ਨਾਲ ਹੋਈ ਹਿੱਟ-ਐਂਡ-ਰਨ ਘਟਨਾ ਦਾ ਵੀਡੀਓ ਸੋਮਵਾਰ ਨੂੰ ਵਾਇਰਲ ਹੋਇਆ। ਇਸ ਘਟਨਾ ਤੋਂ ਬਾਅਦ, ਸੀਆ ਨੇ ਕਿਹਾ ਕਿ ਉਹ ਸੋਮਵਾਰ ਸ਼ਾਮ ਤੱਕ ਆਪਣੇ ਵਕੀਲ ਨਾਲ ਐਫਆਈਆਰ ਦਰਜ ਕਰਵਾਏਗੀ ਅਤੇ ਇਸ ਮਾਮਲੇ ਵਿੱਚ ਕਾਨੂੰਨੀ ਕਾਰਵਾਈ ਕਰੇਗੀ। ਇੱਕ ਇੰਸਟਾਗ੍ਰਾਮ ਸਟੋਰੀ ਵਿੱਚ, ਸੀਆ ਨੇ ਜਨਤਾ ਦੇ ਸਮਰਥਨ ਲਈ ਧੰਨਵਾਦ ਪ੍ਰਗਟ ਕੀਤਾ। ਉਸਨੇ ਕਿਹਾ ਕਿ ਘਟਨਾ ਵਿੱਚ ਸ਼ਾਮਲ ਵਿਅਕਤੀ ਦੀ ਪਛਾਣ ਕਰਨ ਦੀਆਂ ਕੋਸ਼ਿਸ਼ਾਂ ਜਾਰੀ ਹਨ। ਉਸਨੂੰ ਕਈ ਨਿਊਜ਼ ਚੈਨਲਾਂ ਅਤੇ ਪੱਤਰਕਾਰਾਂ ਤੋਂ ਇੰਟਰਵਿਊ ਲਈ ਬੇਨਤੀਆਂ ਪ੍ਰਾਪਤ ਹੋਈਆਂ ਹਨ, ਪਰ ਉਹ ਮੀਡੀਆ ਨਾਲ ਗੱਲ ਨਹੀਂ ਕਰੇਗੀ। ਸੀਆ ਨੇ ਸਪੱਸ਼ਟ ਤੌਰ ’ਤੇ ਕਿਹਾ, ਮੈਂ ਆਪਣੀ ਪਛਾਣ ਜਾਂ ਚਿਹਰਾ ਪ੍ਰਗਟ ਨਹੀਂ ਕਰਨਾ ਚਾਹੁੰਦੀ, ਅਤੇ ਮੈਂ ਇਸ ਬਾਰੇ ਕੋਈ ਇੰਟਰਵਿਊ ਨਹੀਂ ਦੇਵਾਂਗੀ। ਉਸਨੇ ਅਪੀਲ ਕੀਤੀ ਕਿ ਲੋਕ ਉਸਦੇ ਫੈਸਲੇ ਦਾ ਸਤਿਕਾਰ ਕਰਨ। ਉਹ ਅਪਡੇਟਸ ਦਿੰਦੀ ਰਹੇਗੀ ਅਤੇ ਲੋਕਾਂ ਨੂੰ ਵਧੇਰੇ ਜਾਣਕਾਰੀ ਲਈ ਇੰਸਟਾਗ੍ਰਾਮ ਰਾਹੀਂ ਉਸ ਨਾਲ ਸੰਪਰਕ ਕਰਨ ਲਈ ਕਿਹਾ। ਸੀਆ ਦੇ ਅਨੁਸਾਰ, ਉਸ ਨੇ ਅਸੁਰੱਖਿਅਤ ਮਹਿਸੂਸ ਕਰਦੇ ਹੋਏ ਅੱਗੇ ਵਧਣਾ ਜਾਰੀ ਰੱਖਿਆ। ਵੀਡੀਓ ਵਿੱਚ ਕਾਰ ਉਸਦੇ ਮੋਟਰਸਾਈਕਲ ਨਾਲ ਟਕਰਾਉਂਦੀ ਦਿਖਾਈ ਦੇ ਰਹੀ ਹੈ, ਜਿਸ ਕਾਰਨ ਉਹ ਡਿੱਗ ਪਈ ਅਤੇ ਮੋਟਰਸਾਈਕਲ ਨੂੰ ਕਈ ਮੀਟਰ ਤੱਕ ਘਸੀਟਦੀ ਹੋਈ ਭੱਜ ਗਈ। ਫਿਰ ਡਰਾਈਵਰ ਭੱਜ ਗਿਆ। ਸੀਆ ਦੇ ਇੱਕ ਦੋਸਤ ਨੇ ਕਾਰ ਦਾ ਪਿੱਛਾ ਕੀਤਾ ਅਤੇ ਟ?ਰੈਫਿਕ ਸਿਗਨਲ ’ਤੇ ਡਰਾਈਵਰ ਨੂੰ ਰੋਕਿਆ। ਡਰਾਈਵਰ ਨੇ ਘਟਨਾ ਤੋਂ ਇਨਕਾਰ ਕੀਤਾ ਅਤੇ ਗੱਡੀ ਚਲਾ ਕੇ ਭੱਜ ਗਿਆ। ਕਾਰ ਦੇ ਮਾਲਕ ਮਨੀਸ਼ ਨੇ ਕਿਹਾ ਕਿ ਗੱਡੀ ਉਸਦੀ ਸੀ ਪਰ ਦੋ ਦਿਨ ਪਹਿਲਾਂ ਉਸ ਦਾ ਦੋਸਤ ਕਲਿਆਣ ਸਿੰਘ ਲੈ ਗਿਆ ਸੀ। ਮਨੀਸ਼ ਕੰਮ ’ਤੇ ਸੀ ਅਤੇ ਉਸਨੂੰ ਸੋਮਵਾਰ ਸਵੇਰੇ ਹੀ ਇਸ ਘਟਨਾ ਬਾਰੇ ਪਤਾ ਲੱਗਾ। ਉਸਨੇ ਕਲਿਆਣ ਨਾਲ ਸੰਪਰਕ ਕਰਨ ਦੀ ਕੋਸ਼ਿਸ਼ ਕੀਤੀ, ਪਰ ਉਹ ਉਸਦਾ ਫੋਨ ਨਹੀਂ ਚੁੱਕ ਰਿਹਾ ਸੀ।



# ਮਲਬੇ ਹੇਠ ਦੱਬ ਰਿਹਾ ਪੂਰਾ ਪਿੰਡ ! ਲਗਾਤਾਰ ਜ਼ਮੀਨ ਖਿਸਕਣ ਤੇ ਬਾਰਿਸ਼ ਕਾਰਨ ਵਧਦਾ ਜਾ ਰਿਹੈ ਖ਼ਤਰਾ

ਰੰਗਟੋਕ 30 ਸਤੰਬਰ। ਸਿੱਕਿਮ ਰਾਜ ਦੇ ਗੇਜ਼ਿੰਗ ਜ਼ਿਲ੍ਹੇ ਦੇ ਰਿਮਬੀ ਪਿੰਡ ਵਿੱਚ ਪਿਛਲੇ ਲਗਭਗ ਡੇਢ ਮਹੀਨੇ ਤੋਂ ਜਾਰੀ ਜ਼ਮੀਨ ਖਿਸਕਣ ਕਾਰਨ ਹੁਣ ਸਥਿਤੀ ਗੰਭੀਰ ਹੁੰਦੀ ਜਾ ਰਹੀ ਹੈ। ਲਗਾਤਾਰ ਹੋ ਰਹੀ ਬਾਰਿਸ਼ ਦੇ ਵਿਚਕਾਰ ਪਹਾੜੀ ਤੋਂ ਖਿਸਕ ਕੇ ਆ ਰਿਹਾ ਮਲਬਾ ਹੌਲੀ-ਹੌਲੀ ਪੂਰੇ ਪਿੰਡ ਨੂੰ ਆਪਣੀ ਲਪੇਟ ਵਿੱਚ ਲੈ ਰਿਹਾ ਹੈ। ਪਿੰਡ ਦੇ ਕਈ ਹਿੱਸੇ ਮਲਬੇ ਨਾਲ ਢੱਕ ਚੁੱਕੇ ਹਨ। ਖ਼ਤਰੇ ਨੂੰ ਦੇਖਦੇ ਹੋਏ ਪੂਰੇ ਪਿੰਡ ਨੂੰ ਖਾਲੀ ਕਰਵਾ ਲਿਆ ਗਿਆ ਹੈ ਅਤੇ ਲਗਭਗ 40 ਪਰਿਵਾਰਾਂ ਨੂੰ ਸੁਰੱਖਿਅਤ ਥਾਵਾਂ ’ਤੇ ਪਹੁੰਚਾਇਆ ਗਿਆ ਹੈ। ਰਿਮਬੀ ਪਿੰਡ ਵਿੱਚ ਲਗਾਤਾਰ ਜ਼ਮੀਨ ਖਿਸਕਣ ਕਾਰਨ ਲੋਕਾਂ ਦੇ ਘਰ ਅਤੇ ਆਲੇ-ਦੁਆਲੇ ਦਾ ਇਲਾਕਾ ਪ੍ਰਭਾਵਿਤ ਹੋ ਰਿਹਾ ਹੈ। ਸਥਿਤੀ ਅਜਿਹੀ ਬਣ ਗਈ ਹੈ ਕਿ ਪਿੰਡ ਵਾਸੀ ਆਪਣੇ ਘਰਾਂ ਵਿੱਚੋਂ ਸਿਰਫ਼ ਜ਼ਰੂਰੀ ਦਸਤਾਵੇਜ਼ ਅਤੇ ਲੋੜੀਂਦੇ ਕੱਪੜੇ ਹੀ ਕੱਢ ਪਾ ਰਹੇ ਹਨ। ਘਰ ਦੇ ਹੋਰ ਸਾਮਾਨ ਨੂੰ ਸੁਰੱਖਿਅਤ ਥਾਂ ’ਤੇ ਰੱਖਣ ਦੀ ਕੋਈ ਵਿਵਸਥਾ ਨਾ ਹੋਣ ਕਾਰਨ ਲੋਕਾਂ ਨੂੰ ਆਪਣਾ ਸਾਮਾਨ ਪਿੱਛੇ ਛੱਡਣਾ ਪਿਆ ਹੈ। ਭੂਸਖਲਨ ਕਾਰਨ ਰਿਮਬੀ ਨੂੰ ਯੁਕਸੋਮ ਨਾਲ ਜੋੜਨ ਵਾਲੀ ਸੜਕ ਵੀ ਨੁਕਸਾਨੀ ਗਈ ਹੈ। ਇਸ ਨਾਲ ਇਲਾਕੇ ਦਾ ਸੜਕੀ ਸੰਪਰਕ ਪ੍ਰਭਾਵਿਤ ਹੋਇਆ ਹੈ। ਉੱਥੇ ਹੀ ਪਹਾੜੀ ਤੋਂ ਵੱਡੀ ਮਾਤਰਾ ਵਿੱਚ ਮਲਬਾ ਰਿਮਬੀ ਨਦੀ ਵਿੱਚ ਪਹੁੰਚਣ ਕਾਰਨ ਨਦੀ ਦਾ ਕੁਦਰਤੀ ਵਹਾਅ ਵੀ ਬਦਲ ਗਿਆ ਹੈ। ਨਦੀ ਦਾ ਕੁਝ ਹਿੱਸਾ ਮਲਬੇ ਨਾਲ ਭਰ ਗਿਆ ਹੈ, ਜਿਸ ਕਾਰਨ ਪਾਣੀ ਇੱਕ ਥਾਂ ਇਕੱਠਾ ਹੋ ਰਿਹਾ ਹੈ। ਇਸ ਨਾਲ ਨਦੀ ਦੇ ਦੂਜੇ ਕੰਢੇ ਵਾਲੇ ਇਲਾਕੇ ਵਿੱਚ ਵੀ ਖ਼ਤਰਾ ਵਧ ਗਿਆ ਹੈ। ਪਿੰਡ ਵਾਸੀਆਂ ਮੁਤਾਬਕ ਰਿਮਬੀ ਇਲਾਕੇ ਵਿੱਚ ਪਹਿਲਾਂ ਵੱਡੇ ਪੱਧਰ ’ਤੇ ਵੱਡੀ ਇਲਾਇਚੀ ਦੀ ਖੇਤੀ ਕੀਤੀ ਜਾਂਦੀ ਸੀ। ਲਗਾਤਾਰ ਹੋ ਰਹੇ ਜ਼ਮੀਨ ਖਿਸਕਣ ਕਾਰਨ ਹੁਣ ਵੱਡੀ ਇਲਾਇਚੀ ਦੇ ਖੇਤ ਵੀ ਪੂਰੀ ਤਰ੍ਹਾਂ ਪ੍ਰਭਾਵਿਤ ਹੋ ਕੇ ਉਜੜ ਗਏ ਹਨ।

# ਗੀਅਰ ਬਾਕਸ ਹੇਠਾਂ ਲੁਕਾ ਕੇ ਲਿਜਾ ਰਹੇ ਸਨ ਸੋਨਾ, ਚੰਦੌਲੀ ’ਚ 3.92 ਕਰੋੜ ਦਾ Gold ਬਰਾਮਦ, 2 ਗ੍ਰਿਫ਼ਤਾਰ

**ਕੌਮੀ ਪਤ੍ਰਿਕਾ**

ਚੰਦੌਲੀ 30 ਸਤੰਬਰ। ਬਿਹਾਰ ਤੋਂ ਦਿੱਲੀ ਜਾ ਰਹੀ ਇਕ ਕਾਰ ’ਚ ਗੀਅਰ ਬਾਕਸ ਦੇ ਹੇਠਾਂ ਬਣਾਏ ਗਏ ਵਿਸ਼ੇਸ਼ ਬਾਕਸ ’ਚ ਲੁਕਾ ਕੇ ਲਿਜਾਇਆ ਜਾ ਰਿਹਾ ਕਰੀਬ 3.92 ਕਰੋੜ ਰੁਪਏ ਮੁੱਲ ਦਾ 2.565 ਕਿਲੋਗ੍ਰਾਮ ਸੋਨਾ ਪੁਲਸ ਨੇ ਬਰਾਮਦ ਕਰ ਕੇ 2 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਸ ਸੂਤਰਾਂ ਨੇ ਬੁੱਧਵਾਰ ਨੂੰ ਦੱਸਿਆ ਕਿ ਸਵੈਟ/ਐੱਸਓਜੀ ਟੀਮ ਨੂੰ ਸੂਚਨਾ ਮਿਲੀ ਸੀ ਕਿ ਬਿਹਾਰ ਵੱਲੋਂ ਇਕ ਚਿੱਟੇ ਰੰਗ ਦੀ ਕੀਆ ਕੈਰੇਂਸ ਕਾਰ ’ਚ 2 ਲੋਕ ਸੋਨਾ ਲੈ ਕੇ ਦਿੱਲੀ ਜਾ ਰਹੇ ਹਨ। ਸੂਚਨਾ ਦੇ ਆਧਾਰ ’ਤੇ ਚੰਦੌਲੀ ਪੁਲਸ ਅਤੇ ਸਵੈਟ/ਐੱਸਓਜੀ ਦੀ ਸੰਯੁਕਤ ਟੀਮ ਨੇ ਨਵਹੀ ਪੁਲੀਆ ਹਾਈਵੇਅ ’ਤੇ ਵਾਹਨਾਂ ਦੀ ਜਾਂਚ ਸ਼ੁਰੂ ਕੀਤੀ। ਇਸੇ ਦੌਰਾਨ ਸ਼ੱਕੀ ਕਾਰ ਨੂੰ ਰੁਕਣ ਦਾ ਇਸ਼ਾਰਾ ਕੀਤਾ ਗਿਆ ਪਰ ਡਰਾਈਵਰ ਨੇ ਵਾਹਨ ਲੈ ਕੇ ਦੌੜਨ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਘੇਰਾਬੰਦੀ ਕਰ ਕੇ ਕਾਰ ਨੂੰ ਰੋਕ ਲਿਆ। ਪੁੱਛ-ਗਿੱਛ ’ਚ ਡਰਾਈਵਰ ਦੀ ਪਛਾਣ ਮਹਾਰਾਸ਼ਟਰ ਵਾਸੀ ਜ਼ੁਬੇਰ ਮੁਬਾਰਕ ਸ਼ੇਖ ਅਤੇ ਉਸ ਨਾਲ ਬੈਠੇ ਹਰਿਆਣਾ ਵਾਸੀ ਮਨੀਸ਼ ਕੁਮਾਰ ਵਜੋਂ ਹੋਈ। ਦੋਵਾਂ ਨੇ ਦੱਸਿਆ ਕਿ ਕਾਰ ਦੇ ਗੀਅਰ ਬਾਕਸ ਦੇ ਹੇਠਾਂ ਵਿਸ਼ੇਸ਼ ਬਾਕਸ ਬਣਾ ਕੇ ਸੋਨਾ ਲੁਕਾਇਆ ਗਿਆ ਹੈ। ਉਨ੍ਹਾਂ ਦੀ ਨਿਸ਼ਾਨਦੇਹੀ ’ਤੇ ਬਾਕਸ ਖੁੱਲ੍ਹਵਾਉਣ ’ਤੇ ਕੱਪੜੇ ਦੇ ਲੰਬੇ ਬੈਲਟ ’ਚ ਭੂਰੇ ਰੰਗ ਦੇ ਸੈਲੋਟੇਪ ਨਾਲ ਲਿਪਟੀਆਂ 2 ਸੋਨੇ ਦੀਆਂ ਛੜਾਂ ਬਰਾਮਦ ਹੋਈਆਂ। ਪੁਲਸ ਅਨੁਸਾਰ, ਦੋਵੇਂ ਦੋਸ਼ੀ ਜ਼ਬਤ ਕੀਤੇ ਸੋਨੇ ਸੰਬੰਧੀ ਕੋਈ ਵੀ ਜਾਇਜ਼ ਦਸਤਾਵੇਜ਼ ਪੇਸ਼ ਨਹੀਂ ਕਰ ਸਕੇ। ਇਹ ਜਾਣਕਾਰੀ ਇਨਕਮ ਟੈਕਸ ਵਿਭਾਗ ਅਤੇ ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ ਨੂੰ ਪ੍ਰਦਾਨ ਕੀਤੀ ਗਈ ਸੀ। ਅਧਿਕਾਰੀਆਂ ਦੀ ਮੌਜੂਦਗੀ ’ਚ ਸਰਕਾਰੀ ਵੈਲਿਊਅਰ ਤੋਂ ਸੋਨੇ ਦਾ ਭਾਰ ਅਤੇ ਮੁਲਾਂਕਣ ਕਰਵਾਇਆ ਗਿਆ, ਜਿਸ ’ਚ ਇਸ ਦਾ ਭਾਰ 2 ਕਿਲੋ 565.720 ਗ੍ਰਾਮ ਅਤੇ ਅਨੁਮਾਨਤ ਕੀਮਤ ਕਰੀਬ 3 ਕਰੋੜ 92 ਲੱਖ ਰੁਪਏ ਪਾਈ ਗਈ। ਇਨਕਮ ਟੈਕਸ ਵਿਭਾਗ ਦੀ ਮੁੱਢਲੀ ਜਾਂਚ ’ਚ ਜ਼ਬਤ ਕੀਤਾ ਗਿਆ ਸੋਨਾ ਵਿਦੇਸ਼ ’ਚ ਬਣਿਆ ਦੱਸਿਆ ਗਿਆ ਹੈ। ਜ਼ਰੂਰੀ ਪ੍ਰਕਿਰਿਆਵਾਂ ਤੋਂ ਬਾਅਦ, ਨਿਯਮਾਂ ਅਨੁਸਾਰ ਸੋਨਾ DRI ਨੂੰ ਸੌਂਪ ਦਿੱਤਾ ਗਿਆ। ਪੁਲਸ ਨੇ ਮੁਲਜ਼ਮਾਂ ਤੋਂ ਪੰਜ ਮੋਬਾਈਲ ਫੋਨ ਅਤੇ ਹਰਿਆਣਾ ਰਜਿਸਟ?ਰੇਸ਼ਨ ਨੰਬਰ ਵਾਲੀ ਇਕ Kia Carenz ਕਾਰ ਵੀ ਬਰਾਮਦ ਕੀਤੀ। ਉਨ੍ਹਾਂ ਵਿਰੁੱਧ ਲੋੜੀਂਦੀ ਕਾਨੂੰਨੀ ਕਾਰਵਾਈ ਕੀਤੀ ਜਾ ਰਹੀ ਹੈ। ਇਹ ਕਾਰਵਾਈ ਚੰਦੌਲੀ ਪੁਲਸ ਸਟੇਸ਼ਨ ਅਤੇ SWAT/SOG ਦੀ ਸਾਂਝੀ ਟੀਮ ਦੁਆਰਾ ਕੀਤੀ ਗਈ, ਜਿਸ ਦੀ ਅਗਵਾਈ ਇੰਸਪੈਕਟਰ-ਇਨ-ਚਾਰਜ ਬਿੰਦੇਸ਼ਵਰ ਪਾਂਡੇ ਅਤੇ SWAT/SOG ਇੰਸਪੈਕਟਰ-ਇਨ-ਚਾਰਜ ਰਾਮ ਜਨਮ ਯਾਦਵ ਨੇ ਕੀਤੀ।



**ਕੌਮੀ ਪਤ੍ਰਿਕਾ**

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689, 011-23315814

Mob. : 9971359517, 9312262300

**E-mail address:** qpatrika@gmail.com

**R.N.I. No. 39272/81**

**Legal Advisors:**
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

# ਸਮਾਜਿਕ ਦਰਪਣ



# ਬੁਰੇ ਕੰਮ ਦਾ ਬੁਰਾ ਨਤੀਜਾ

■ ਬਲਰਾਜ ਸਿੰਘ ਸਿੱਧੂ ਐੱਸ.ਪੀ.

ਇਹ ਅਸਲ ਵਾਕਿਆ 1948-49 ਦੌਰਾਨ ਅਜਨੇਕੇ ਤਰਨ ਤਾਰਨ ਜ਼ਿਲ੍ਹੇ ਦੇ ਇੱਕ ਪਿੰਡ ਵਿੱਚ ਵਾਪਰਿਆ ਸੀ। ਹਰਨਾਮ ਸਿੰਘ ਢਿੱਲੋਂ ਪੰਜਾਹ ਕਿੱਲੇ ਜ਼ਮੀਨ ਦਾ ਮਾਲਕ ਸਿਰ ਕੱਢਵਾਂ ਜ਼ਿਮੀਂਦਾਰ ਸੀ। 13-14 ਸਾਲ ਦਾ ਗੰਗਾ ਸਿੰਘ ਉਸ ਦਾ ਇਕਲੌਤਾ ਪੁੱਤਰ ਸੀ। ਹਰਨਾਮ ਸਿੰਘ ਦੀ ਪਤਨੀ ਤੇਜ ਕੌਰ ਨੇ ਬਾਂ ਸੁੱਖਾਂ ਸੁੱਖ ਕੇ ਪੁੱਤ ਲਿਆ ਸੀ। ਹਰਨਾਮ ਸਿੰਘ ਦਾ ਕੋਈ ਹੋਰ ਸਕਾ ਭੈਣ ਭਰਾ ਨਹੀਂ ਸੀ। ਸ਼ਰੀਕੇ ਵਾਲਿਆਂ ਦੀ ਅੱਖ ਉਸ ਦੀ ਜ਼ਮੀਨ ਉੱਪਰ ਟਿਕੀ ਹੋਈ ਸੀ। ਉਨ੍ਹਾਂ ਨੂੰ ਪਤਾ ਸੀ ਕਿ ਜੇ ਗੰਗਾ ਸਿੰਘ ਮਾਰਿਆ ਗਿਆ ਤਾਂ ਹਰਨਾਮ ਸਿੰਘ ਤੇ ਤੇਜ ਕੌਰ ਹਉਕੇ ਨਾਲ ਹੀ ਮਰ ਜਾਣਗੇ। ਫਿਰ ਜ਼ਮੀਨ ਵੀ ਆਪਣੀ ਤੇ ਹਵੇਲੀ ਵਰਗਾ ਮਕਾਨ ਵੀ ਆਪਣਾ। ਉਹ ਬਾਲਕ ਗੰਗਾ ਸਿੰਘ ਨੂੰ ਮਾਰਨ ਦੀ ਤਿੰਨ ਚਾਰ ਵਾਰ ਕੋਸ਼ਿਸ਼ ਕਰ ਚੁੱਕੇ ਸਨ। ਇੱਕ ਵਾਰ ਚਾਚੀ ਬਚਨੀ ਨੇ ਗੰਗਾ ਸਿੰਘ ਨੂੰ ਦੁੱਧ ਵਿੱਚ ਜ਼ਹਿਰ ਮਿਲਾ ਕੇ ਪਿਆ ਦਿੱਤਾ ਸੀ, ਪਰ ਡਾਕਟਰ ਨੇ ਬਚਾ ਲਿਆ। ਦੂਜੀ ਵਾਰ ਸ਼ਰੀਕੇ ਵਾਲੇ ਧੋਖੇ ਨਾਲ ਗੰਗਾ ਸਿੰਘ ਨੂੰ ਵੰਡ ਵੇਲੇ ਪਾਕਿਸਤਾਨ ਜਾ ਰਹੇ ਸ਼ਰਨਾਰਥੀਆਂ ਦਾ ਕਾਫ਼ਲਾ ਲੁੱਟਣ ਨਾਲ ਲੈ ਗਏ ਕਿ ਰੌਲੇ-ਗੌਲੇ ਵਿੱਚ ਪਾਰ ਬੁਲਾ ਦਿਆਂਗੇ। ਪਰ ਭਾਣਾ ਰੱਬ ਦਾ! ਅਚਾਨਕ ਫ਼ੌਜ ਆ ਗਈ ਤੇ ਉਸ ਨੇ ਲੁਟੇਰਿਆਂ ਉੱਪਰ ਗੋਲੀਬਾਰੀ ਕਰ ਦਿੱਤੀ। ਗੋਲੀ ਨਾਲ ਸਭ ਤੋਂ ਵੱਡਾ ਵੈਰੀ ਤਾਇਆ ਕੰਸ ਸਿੰਘ ਹੀ ਮਾਰਿਆ ਗਿਆ। ਵਰ੍ਹਦੀ ਗੋਲੀ ਵਿੱਚੋਂ ਭੱਜ ਕੇ ਘਰ ਆਏ ਗੰਗਾ ਸਿੰਘ ਨੂੰ ਹਰਨਾਮ ਸਿੰਘ ਨੇ ਰੂਹ ਨਾਲ ਭੇਟਿਆ। ਉਸ ਘਟਨਾ ਤੋਂ ਬਾਅਦ ਗੰਗਾ ਸਿੰਘ ਸ਼ਰੀਕਾਂ ਦਾ ਬਿਲਕੁਲ ਵਿਸ਼ਵਾਸ ਨਹੀਂ ਸੀ ਖਾਂਦਾ। ਕੁਝ ਦਿਨ ਬਾਅਦ ਸ਼ਰੀਕੇ 'ਚੋਂ ਚਾਚਾ ਲੱਗਦਾ ਮਾਹਣਾ ਦੋਧੀ, ਗੰਗਾ ਸਿੰਘ ਦੇ ਮਗਰ ਕਿਰਪਾਨ ਲੈ ਕੇ ਭੱਜਿਆ, ਪਰ ਚੌਕੰਨਾ ਗੰਗਾ ਸਿੰਘ ਭੱਜ ਕੇ ਘਰ ਆ ਵੜਿਆ। ਇਸ ਕਲੇਸ਼ ਕਾਰਨ ਹਰਨਾਮ ਸਿੰਘ ਪਹਿਲਾਂ ਵੀ ਕਈ ਵਾਰ ਪੰਚਾਇਤ ਇਕੱਠੀ ਕਰ ਚੁੱਕਾ ਸੀ, ਪਰ ਦੁਸ਼ਮਣ ਪੰਚਾਇਤ ਵਿੱਚ ਮੰਨੇ ਹੀ ਨਾ ਕਿ ਅਸੀਂ ਜ਼ਹਿਰ ਦਿੱਤਾ ਜਾਂ ਸਾਡਾ ਹਰਨਾਮ ਸਿੰਘ ਨਾਲ ਕੋਈ ਵੈਰ ਹੈ।

ਹਰਨਾਮ ਸਿੰਘ ਨੇ ਦੁਨੀਆਂ ਵੇਖੀ ਹੋਈ ਸੀ। ਉਹ ਸਮਝ ਗਿਆ ਕਿ ਹੁਣ ਪੰਚਾਇਤ ਵਿੱਚ ਜਾਣ ਦਾ ਕੋਈ ਲਾਭ ਨਹੀਂ। ਜੋ ਕੁਝ ਕਰਨਾ ਹੈ ਉਹ ਆਪ ਹੀ ਕਰਨਾ ਪਵੇਗਾ। ਬੰਦੇ ਘੱਟ ਹੋਣ ਕਾਰਨ ਸਿੱਧੀ ਟੱਕਰ ਵਿੱਚ ਉਹ ਸ਼ਰੀਕਾਂ ਦਾ ਮੁਕਾਬਲਾ ਨਹੀਂ ਸੀ ਕਰ ਸਕਦਾ। ਉਂਜ ਵੀ ਜੇ ਉਹ ਕਤਲ ਕਰਦਾ ਤਾਂ ਪੁਲੀਸ ਨੇ ਫੜ ਕੇ ਜੇਲ੍ਹ ਵਿੱਚ ਤੁੰਨ ਦੇਣਾ ਸੀ ਤੇ ਪਿੱਛੋਂ ਗੰਗਾ ਸਿੰਘ ਨੇ ਫਿਰ ਵੀ ਨਹੀਂ ਸੀ ਬਚਣਾ। ਕਈ ਦਿਨ ਸੋਚਣ ਤੋਂ ਬਾਅਦ ਉਹ ਗੰਗਾ ਸਿੰਘ ਤੇ ਤੇਜ ਕੌਰ ਨੂੰ ਸਹੁਰੀਂ ਛੱਡ ਕੇ ਅੰਮ੍ਰਿਤਸਰੋਂ ਹਰਿਦੁਆਰ ਵਾਲੀ ਗੱਡੀ ਚੜ੍ਹ ਗਿਆ। ਉੱਥੇ ਉਸ ਦਾ ਪੁਰਾਣਾ ਦੋਸਤ ਗੋਪਾਲ ਸਿੰਘ, ਬਾਵਾ ਗੋਪਾਲ ਦਾਸ ਬਣਕੇ ਆਸ਼ਰਮ ਖੋਲ੍ਹੀ ਬੈਠਾ ਸੀ। ਗੋਪਾਲ ਦਾਸ ਨੇ ਸਾਰੀ ਜ਼ਿੰਦਗੀ ਕੋਈ ਚੰਗਾ ਕੰਮ ਨਹੀਂ ਸੀ ਕੀਤਾ, ਪਰ ਪਿਛਲੀ ਉਮਰੇ ਸਭ ਕੁਝ ਛੱਡ ਕੇ ਸਾਧ ਬਣ ਗਿਆ ਸੀ। ਹਰਨਾਮ ਸਿੰਘ ਨੇ ਉਸ ਨੂੰ ਸਾਰੀ ਵਿਥਿਆ ਖੋਲ੍ਹ ਕੇ ਦੱਸੀ ਤੇ ਉਸ ਦੇ ਗਲ ਲੱਗ ਕੇ ਉੱਚੀ ਉੱਚੀ ਰੋਣ ਲੱਗ ਪਿਆ। ਇਕੱਲੇ ਪੁੱਤਰ ਦੇ ਸਿਰ 'ਤੇ ਮੌਤ ਨੱਚਦੀ ਵੇਖ ਕੇ ਉਸ ਦੀਆਂ ਅੱਖਾਂ ਅੱਗੇ ਹਨੇਰਾ ਛਾਇਆ ਹੋਇਆ ਸੀ। ਦੋਵਾਂ ਨੇ ਨਿੱਤ ਦੀ ਘੈਂਸ ਘੈਂਸ ਖ਼ਤਮ ਕਰਨ ਲਈ ਇੱਕ ਖ਼ਤਰਨਾਕ ਯੋਜਨਾ ਬਣਾਈ ਤੇ ਹਰਨਾਮ ਸਿੰਘ ਵਾਪਸ ਪਿੰਡ ਆ ਗਿਆ। ਉਹ ਆਮ ਵਾਂਗ ਰੋਜ਼ਮਰ੍ਹਾ ਦੇ ਕੰਮ ਕਰਨ ਲੱਗ ਪਿਆ ਤੇ ਸ਼ਰੀਕਾਂ ਨੂੰ ਇਉਂ ਮਿਲਦਾ ਜਿਵੇਂ ਕੁਝ ਹੋਇਆ ਹੀ ਨਾ ਹੋਵੇ।

ਕੁਝ ਦਿਨਾਂ ਬਾਅਦ ਗੋਪਾਲ ਦਾਸ ਨੇ ਵੀ ਚੇਲਿਆਂ ਸਮੇਤ ਉਸ ਦੇ ਪਿੰਡ ਆਣ ਉਤਾਰਾ ਕੀਤਾ। ਹਰਨਾਮ ਸਿੰਘ ਨੇ ਬੈਂਡ ਵਾਜਿਆਂ ਨਾਲ ਉਸ ਦਾ ਸਵਾਗਤ ਕੀਤਾ ਤੇ ਲੋਕਾਂ ਵਿੱਚ ਪ੍ਰਚਾਰ ਕਰ ਦਿੱਤਾ ਕਿ ਰਿੱਧੀਆਂ ਸਿੱਧੀਆਂ ਦੇ ਮਾਲਕ ਮੇਰੇ ਗੁਰੂ ਹਿਮਾਲਿਆ ਪਰਬਤ ਤੋਂ ਪਧਾਰੇ ਹਨ। ਹਰਨਾਮ ਸਿੰਘ ਦੇ ਘਰ ਕਥਾ-ਕੀਰਤਨ ਅਤੇ ਹਵਨ ਯੱਗ ਦੇ ਦੌਰ ਚੱਲ ਪਏ। ਮਿੱਠੇ ਚੌਲਾਂ ਤੇ ਲੱਡੂ ਜਲੇਬੀਆਂ ਦੇ ਲੰਗਰ ਲੱਗ ਗਏ। ਜਦੋਂ ਗੋਪਾਲ ਦਾਸ ਨੇ ਹਰਨਾਮ ਸਿੰਘ ਦੀ ਸੇਵਾ ਤੋਂ ਜ਼ਿਆਦਾ ਪ੍ਰਸੰਨ ਹੋ ਜਾਣਾ ਤਾਂ ਹੁਕਮ ਦੇਣਾ, ਜਾਹ! ਘਰ ਦੀ ਫਲਾਣੀ ਨੁੱਕਰ ਪੁੱਟ, ਰੱਬ ਭਲੀ ਕਰੇਗਾ। ਹਰਨਾਮ ਸਿੰਘ ਨੇ ਬਾਬਿਆਂ ਦੇ ਪੈਰਾਂ ਨੂੰ ਹੱਥ ਲਾ ਕੇ, ਜਲ ਛਿੜਕ ਕੇ ਜਾਣਬੁੱਝ ਕੇ ਲੋਕਾਂ ਨੂੰ ਵਿਖਾ ਕੇ ਜਗ੍ਹਾ ਪੁੱਟਣੀ ਤਾਂ ਕਦੇ ਸੋਨੇ ਦੀ ਅੰਗੂਠੀ, ਕਦੇ ਹਾਰ ਤੇ ਕਦੇ ਚਾਂਦੀ ਦੇ ਸਿੱਕਿਆਂ ਦਾ ਭਰਿਆ ਘੜਾ ਨਿਕਲ ਆਉਣਾ। ਉਹ ਗੱਲ ਵੱਖਰੀ ਹੈ ਕਿ ਸਾਮਾਨ ਪਹਿਲਾਂ ਹੀ ਗੁਪਤ ਤੌਰ 'ਤੇ ਦਬਾਇਆ ਗਿਆ ਹੁੰਦਾ ਸੀ। ਹੌਲੀ ਹੌਲੀ ਸਾਰੇ ਪਿੰਡ ਵਿੱਚ ਖ਼ਬਰ ਫੈਲ ਗਈ ਕਿ ਮਹਾਨ ਕਰਨੀ ਵਾਲੇ ਸੰਤ, ਹਰਨਾਮ ਸਿੰਘ ਨੂੰ ਖ਼ਜ਼ਾਨੇ ਬਖ਼ਸ਼ ਰਹੇ ਹਨ। ਹੌਲੀ ਹੌਲੀ ਹਰਨਾਮ ਸਿੰਘ ਦੇ ਦੁਸ਼ਮਣ ਵੀ ਬਾਬਿਆਂ ਦੇ ਲੱਤਾਂ ਗੋਡੇ ਘੁੱਟਣ ਲੱਗ ਪਏ। ਇੱਕ ਦਿਨ ਮੌਕਾ ਵੇਖ ਕੇ ਉਨ੍ਹਾਂ ਵਿੱਚੋਂ ਕੁਝ ਜ਼ਿਆਦਾ ਕਾਹਲੇ ਸੰਤੇ ਟਾਂਡੇ ਭੰਨ ਨੇ ਬਾਬੇ ਨੂੰ ਬੇਨਤੀ ਕੀਤੀ, ਬਾਬਾ ਜੀ ਕ੍ਰਿਪਾ ਕਰੋ। ਸਾਨੂੰ ਵੀ ਕੋਈ ਖ਼ਜ਼ਾਨਾ ਬਖ਼ਸ਼ ਦਿਉ। ਇਹੋ ਤਾਂ ਗੋਪਾਲ ਦਾਸ ਤੇ ਹਰਨਾਮ ਸਿੰਘ ਚਾਹੁੰਦੇ ਸਨ। ਫਿਰ ਵੀ ਨਕਲੀ ਗੁੱਸੇ ਨਾਲ ਬਾਬੇ ਨੇ ਕੱਸ ਕੇ ਸੰਤੇ ਦੀ ਵੱਖੀ ਵਿੱਚ ਲੱਤ ਮਾਰੀ, ਹਟ ਪਰ੍ਹੇ ਦੁਸ਼ਟਾ। ਖ਼ਜ਼ਾਨੇ ਇਸ ਤਰ੍ਹਾਂ ਨਹੀਂ ਮਿਲਦੇ ਹੁੰਦੇ। ਹਰਨਾਮ ਸਿੰਘ ਨੇ ਤਾਂ ਮੇਰੇ ਨਾਲ ਰਾਤਾਂ ਜਾਗ ਜਾਗ ਕੇ ਛਿਲੇ ਕੱਟੇ ਨੇ ਤਾਂ ਕਿਤੇ ਜਾ ਕੇ ਉਸ 'ਤੇ ਮਾਤਾ ਲਕਸ਼ਮੀ ਦੀ ਕ੍ਰਿਪਾ ਹੋਈ ਐ। ਢਿੱਡੋਂ ਖ਼ੁਸ਼ ਹੁੰਦਾ ਗੋਪਾਲ ਦਾਸ ਗਰਜਿਆ। ਸਾਰੇ ਸ਼ਰੀਕਾਂ ਨੇ ਲੰਮੇ ਪੈ ਕੇ ਗੋਪਾਲ ਦਾਸ ਦੇ ਚਰਨ ਫੜ ਲਏ ਤੇ ਡੰਡੌਤ ਕਰਦੇ ਹੋਏ ਬਖ਼ਸ਼ਿਸ਼ਾਂ ਕਰਨ ਦੀਆਂ ਬੇਨਤੀਆਂ ਕਰਨ ਲੱਗੇ, ਪਰ ਗੋਪਾਲ ਦਾਸ ਨੇ ਉਨ੍ਹਾਂ ਨੂੰ ਗਾਲ੍ਹਾਂ ਕੱਢ ਕੇ ਭਜਾ ਦਿੱਤਾ। ਅਖੀਰ ਕਈ ਦਿਨਾਂ ਬਾਅਦ ਹਰਨਾਮ ਸਿੰਘ ਦੀ ਸ਼ਿਫਾਰਸ਼ ਮੰਨ ਕੇ ਬਾਬਾ ਪ੍ਰਸੰਨ ਹੋਇਆ। ਬਾਬੇ ਨੇ ਫਰਮਾਇਆ ਕਿ ਆਉਣ ਵਾਲੀ ਜੇਠ ਦੀ ਮੱਸਿਆ ਦੀ ਰਾਤ ਟੂਣਾ ਕਰਕੇ ਦੇਵੀ ਨੂੰ ਪ੍ਰਸੰਨ ਕੀਤਾ ਜਾਵੇਗਾ।

ਬਾਬੇ ਨੇ ਹੁਕਮ ਦਿੱਤਾ, ਮੱਸਿਆ ਦੀ ਰਾਤ ਨੂੰ 12 ਵਜੇ ਸ਼ਹਾਬਪੁਰੇ ਵਾਲੀ ਨਹਿਰ ਦੇ ਸੁੰਨੇ ਪੁਲ ਉੱਪਰ ਇੱਕ ਕਾਲਾ ਬੱਕਰਾ, ਦੋ ਕਿੱਲੋ ਸੰਧੂਰ, ਪੰਜ ਕਿੱਲੋ ਸੂਰ ਦਾ ਮਾਸ, ਢਾਈ ਕਿੱਲੋ ਮਾਂਹ, 28 ਲੋਹੇ ਦੇ ਕਿੱਲ ਤੇ ਸੱਤ ਮੰਜੀਆਂ ਲੈ ਕੇ ਪਹੁੰਚ ਜਾਇਉ। ਜੇ ਲੇਟ ਹੋ ਗਏ ਤਾਂ ਖ਼ਜ਼ਾਨਾ ਗਿਆ ਸਮਝੋ। ਹਰਨਾਮ ਸਿੰਘ ਦੇ ਮੁੱਖ ਸੱਤ ਦੁਸ਼ਮਣ ਖ਼ਜ਼ਾਨੇ ਦੇ ਲਾਲਚ ਵਿੱਚ ਛਿਲਾ ਕੱਟਣ ਲਈ ਤਿਆਰ ਹੋ ਗਏ। ਅੱਧੀ ਰਾਤ ਨੂੰ ਸੱਤੇ ਜਣੇ ਬਾਬੇ ਅਤੇ ਦੋ ਸਭ ਤੋਂ ਵਿਸ਼ਵਾਸਪਾਤਰ ਚੇਲਿਆਂ ਨਾਲ ਸੁੰਨੇ ਪੁਲ 'ਤੇ ਪਹੁੰਚ ਗਏ। ਮੱਸਿਆ ਦੀ ਕਾਲੀ ਬੋਲੀ ਰਾਤ ਵਿੱਚ ਬਾਬੇ ਨੇ ਆਪਣਾ ਪਾਖੰਡ ਸ਼ੁਰੂ ਕਰ ਦਿੱਤਾ। ਕਾਲੇ ਬੱਕਰੇ ਦੀ ਬਲੀ ਦੇ ਕੇ ਉਸ ਦਾ ਖ਼ੂਨ ਮੰਜੀਆਂ ਦੇ ਪਾਵਿਆਂ 'ਤੇ ਲਾਇਆ ਗਿਆ। ਸੱਤਾਂ ਮੰਜੀਆਂ ਦੇ ਪਾਵਿਆਂ ਵਿੱਚ ਇੱਕ ਇੱਕ ਕਿੱਲ ਠੋਕਿਆ ਗਿਆ। ਬਾਬੇ ਨੇ ਸੰਧੂਰ ਮੂੰਹ 'ਤੇ ਮਲ ਕੇ ਬੜਾ ਖ਼ੌਫ਼ਨਾਕ ਭੇਸ ਬਣਾਇਆ ਹੋਇਆ ਸੀ। ਅੱਧਾ ਪੌਣਾ ਘੰਟਾ ਪੁੱਠੇ ਸਿੱਧੇ ਮੰਤਰ ਪੜ੍ਹ ਕੇ ਬਾਬੇ ਨੇ ਸਮੱਗਰੀ ਜਲ ਪ੍ਰਵਾਹ ਕਰ ਦਿੱਤੀ। ਮੰਤਰ ਪੜ੍ਹਦਾ ਬਾਬਾ ਕੜਕਿਆ, ਹੋ ਗਈ ਦੇਵੀ ਦਿਆਲ, ਚਲੋ ਸਾਰੇ ਇੱਕ ਦੂਜੇ ਨੂੰ ਮੰਜੀਆਂ ਨਾਲ ਬੰਨ੍ਹੋ। ਹੁਣ ਆਖ਼ਰੀ ਮੰਤਰ ਪੜ੍ਹਦੇ ਹੀ ਖ਼ਜ਼ਾਨੇ ਦੇਣ ਵਾਲੀ ਦੇਵੀ ਪ੍ਰਗਟ ਹੋਵੇਗੀ। ਲਾਲਚ ਵਿੱਚ ਅੰਨ੍ਹੇ ਹੋਏ ਦੁਸ਼ਮਣਾਂ ਨੇ ਮੰਜੀਆਂ ਦੀਆਂ ਪੈਂਦਾਂ ਖੋਲ੍ਹ ਕੇ ਖ਼ੁਦ ਹੀ ਇੱਕ ਦੂਜੇ ਨੂੰ ਕੱਸ ਕੱਸ ਕੇ ਮੰਜੀਆਂ ਨਾਲ ਬੰਨ੍ਹ ਦਿੱਤਾ। ਕਿਸੇ ਨੇ ਨਾ ਪੁੱਛਿਆ ਕਿ ਖ਼ਜ਼ਾਨੇ ਦਾ ਮੰਜੀਆਂ ਨਾਲ ਕੀ ਸਬੰਧ ਹੈ? ਆਖ਼ਰੀ ਬੰਦੇ ਨੂੰ ਬਾਬਿਆਂ ਨੇ ਆਪਣੇ ਕਰ ਕਮਲਾਂ ਨਾਲ ਮੰਜੀ ਨਾਲ ਨੂੜ ਦਿੱਤਾ। ਜਦੋਂ ਸਾਰੇ ਬੰਨ੍ਹ ਦਿੱਤੇ ਗਏ ਤਾਂ ਬਾਬੇ ਨੇ ਆਵਾਜ਼ ਮਾਰੀ, ਆ ਜਾ ਭਾਈ ਹਰਨਾਮ ਸਿੰਹਾਂ, ਕੰਮ ਸਿੱਧ ਹੋ ਗਿਆ। ਨੇੜੇ ਹੀ ਲੁਕਿਆ ਹਰਨਾਮ ਸਿੰਘ ਛਾਲ ਮਾਰ ਕੇ ਬਾਹਰ ਨਿਕਲਿਆ। ਹਰਨਾਮ ਸਿੰਘ ਨੂੰ ਵੇਖ ਕੇ ਸ਼ਰੀਕਾਂ ਨੂੰ ਸਮਝ ਆ ਗਿਆ ਕਿ ਧੋਖਾ ਹੋ ਗਿਆ ਹੈ। ਉਹ ਛਟਪਟਾਉਣ ਲੱਗੇ, ਮੁਆਫ਼ੀਆਂ ਮੰਗ ਕੇ ਬਚਾਅ ਲਈ ਚੀਕਾਂ ਮਾਰਨ ਲੱਗੇ, ਪਰ ਸਮਾਂ ਲੰਘ ਚੁੱਕਾ ਸੀ। ਉਸ ਰਸਤੇ ਡਰਦੇ ਮਾਰੇ ਦਿਨੇ ਕੋਈ ਨਹੀਂ ਸੀ ਲੰਘਦਾ, ਰਾਤ ਨੂੰ ਕਿਸ ਨੇ ਆਉਣਾ ਸੀ।

ਹਰਨਾਮ ਸਿੰਘ ਨੇ ਫਟਾਫਟ ਬਾਬੇ ਅਤੇ ਚੇਲਿਆਂ ਦੀ ਮਦਦ ਨਾਲ ਸ਼ਰੀਕਾਂ ਨੂੰ ਮੰਜੀਆਂ ਸਮੇਤ ਵਗਦੀ ਨਹਿਰ ਵਿੱਚ ਵਗਾਹ ਮਾਰਿਆ। ਉਨ੍ਹਾਂ ਦੀ ਅੱਜ ਤਕ ਉੱਘ ਸੁੱਘ ਨਹੀਂ ਨਿਕਲੀ।

# ਜਦੋਂ ਮੈਂ ਪੈਰਾਗਲਾਈਡਿੰਗ ਲਈ ਬੀੜ ਬਿਲਿੰਗ ਗਿਆ

■ ਪ੍ਰੋ. ਕੁਲਬੀਰ ਸਿੰਘ

ਜਦੋਂ ਵੀ ਮੈਂ ਪਾਲਮਪੁਰ ਜਾਂਦਾ ਹਾਂ ਤਾਂ ਖੇਤੀਬਾੜੀ ਯੂਨੀਵਰਸਿਟੀ ਦੇ ਗੈਸਟ ਹਾਊਸ ਜਾਂ ਹਿਮਾਚਲ ਟੂਰਿਜ਼ਮ ਦੇ ਹੋਟਲ ਵਿੱਚ ਠਹਿਰਦਾ ਹਾਂ। ਮੈਂ ਜਲੰਧਰ ਤੋਂ ਸਵੇਰੇ ਦਸ ਵਜੇ ਚੱਲ ਕੇ ਬਾਅਦ ਦੁਪਹਿਰ ਤਿੰਨ ਵਜੇ ਹੋਟਲ ਪੁੱਜ ਗਿਆ।

ਅਗਲੇ ਦਿਨ ਕਾਰ ਦਾ ਪ੍ਰਬੰਧ ਕਰਕੇ ਮੈਂ ਡਰਾਈਵਰ ਸਮੇਤ ਦਸ ਵਜੇ ਬੀੜ ਬਿਲਿੰਗ ਲਈ ਚੱਲ ਪਿਆ। ਡਰਾਈਵਰ ਨੂੰ ਦੱਸ ਦਿੱਤਾ ਸੀ ਕਿ ਮੈਂ ਪੈਰਾਗਲਾਈਡਿੰਗ ਕਰਨ ਅਤੇ ਵੇਖਣ ਦੇ ਮਕਸਦ ਨਾਲ ਵਿਸ਼ੇਸ਼ ਤੌਰ 'ਤੇ ਆਇਆ ਹਾਂ। ਇਹ ਦੱਸਣ ਦੀ ਦੇਰ ਸੀ ਕਿ ਡਰਾਈਵਰ ਨੇ ਕਾਫ਼ੀ ਜਾਣਕਾਰੀ ਮੁਹੱਈਆ ਕਰ ਦਿੱਤੀ। ਕਈ ਵਿਦੇਸ਼ੀ ਸੈਲਾਨੀ ਬਿਲਿੰਗ ਤੋਂ ਪੈਰਾਗਲਾਈਡਿੰਗ ਕਰਦੇ ਹੋਏ ਮਨਾਲੀ ਚਲੇ ਜਾਂਦੇ ਹਨ। ਇਹ ਸੁਣਦੇ ਸਾਰ ਮੈਂ ਡਾਢਾ ਹੈਰਾਨ ਹੋਇਆ। ਜਦੋਂ ਉਸ ਨੇ ਦੱਸਿਆ ਕਿ ਅਜਿਹਾ ਕਰਦੇ ਸਮੇਂ ਕਈ ਵਾਰ ਵੱਡੇ ਹਾਦਸੇ ਵਾਪਰ ਜਾਂਦੇ ਹਨ ਤਾਂ ਮੇਰੀ ਹੈਰਾਨੀ, ਪ੍ਰੇਸ਼ਾਨੀ ਵਿੱਚ ਬਦਲ ਗਈ।

ਬੀੜ ਬਿਲਿੰਗ ਹਿਮਾਚਲ ਦੀ ਬਿਹਤਰੀਨ ਪੈਰਾਗਲਾਈਡਿੰਗ ਸਾਈਟ ਮੰਨੀ ਜਾਂਦੀ ਹੈ। 2015 ਵਿੱਚ ਇੱਥੇ ਵਰਲਡ ਕੱਪ ਮੁਕਾਬਲੇ ਹੋਏ ਸਨ ਜਿਸ ਵਿੱਚ 140 ਮੁਲਕਾਂ ਨੇ ਹਿੱਸਾ ਲਿਆ ਸੀ। 1984 ਵਿੱਚ ਹੋਈ 'ਹੈਂਗ ਗਲਾਈਡਿੰਗ ਰੈਲੀ' ਸਮੇਂ ਇਹ ਸਥਾਨ ਪਹਿਲੀ ਵਾਰ ਚਰਚਾ ਵਿੱਚ ਆਇਆ ਸੀ। ਬੀੜ ਤੋਂ ਬਿਲਿੰਗ ਤਕ 14 ਕਿਲੋਮੀਟਰ ਰੌਕ ਰੋਡ ਰਾਹੀਂ ਜਾਣਾ ਪੈਂਦਾ ਹੈ। ਇਹ ਰੌਕ ਰੋਡ 1962 ਵਿੱਚ ਬਣਾਈ ਗਈ ਸੀ। ਬਿਲਿੰਗ ਦੀ ਚੋਟੀ 'ਤੇ ਖੜ੍ਹ ਕੇ ਮਨਮੋਹਕ ਦ੍ਰਿਸ਼ ਵੇਖਣ ਦਾ ਆਪਣਾ ਹੀ ਆਨੰਦ ਹੈ। ਚਾਹ ਦੇ ਖੇਤ ਬੀੜ ਪਿੰਡ ਦੇ ਕੁਦਰਤੀ ਸੁਹੱਪਣ ਨੂੰ ਚਾਰ ਚੰਦ ਲਾਉਂਦੇ ਹਨ। ਪਾਰਕਿੰਗ ਤੋਂ ਸਾਹਮਣੇ ਵਿਸ਼ਾਲ ਖ਼ੂਬਸੂਰਤ ਹਰੀ ਭਰੀ ਵਾਦੀ ਨਜ਼ਰ ਆਈ। ਇੱਥੇ ਪੈਰਾਗਲਾਈਡਿੰਗ ਕਰਨ ਵਾਲੇ ਲੈਂਡ ਕਰਦੇ ਹਨ। ਮੈਂ ਸਮੁੱਚਾ ਆਲਾ-ਦੁਆਲਾ ਨਿਹਾਰਿਆ। ਲੈਂਡ ਕਰ ਰਹੇ ਪਾਇਲਟਾਂ ਨੂੰ ਨੀਝ ਨਾਲ ਨੇੜਿਓਂ ਵੇਖਿਆ। ਫਿਰ ਉਸ ਤਰਫ਼ ਨਜ਼ਰ ਦੌੜਾਈ ਜਿੱਥੋਂ ਉਡਾਣ ਭਰੀ ਜਾਂਦੀ ਹੈ। ਕੁਝ ਸਾਫ਼ ਨਜ਼ਰ ਨਾ ਆਇਆ, ਪਰ ਪੰਛੀਆਂ ਵਾਂਗ ਉੱਚੀਆਂ-ਨੀਵੀਆਂ ਉੱਡਦੀਆਂ ਰੰਗ-ਬਿਰੰਗੀਆਂ ਧਾਰੀਦਾਰ ਛੱਤਰੀਆਂ ਦਿਸੀਆਂ। ਆਲੇ-ਦੁਆਲੇ ਮੇਰੇ ਵਰਗੇ ਹੋਰ ਬਥੇਰੇ ਲੋਕ ਸਨ ਜਿਹੜੇ ਇਹ ਸਭ ਵੇਖਣ- ਮਾਣਨ ਆਏ ਸਨ। ਕੁਝ ਉਹ ਸਨ, ਜਿਨ੍ਹਾਂ ਦੇ ਸਾਥੀ ਉਡਾਣ ਭਰਨ ਗਏ ਸਨ ਅਤੇ ਉਹ 'ਲੈਂਡਿੰਗ ਪੁਆਇੰਟ' ਉੱਤੇ ਉਡੀਕ ਕਰ ਰਹੇ ਸਨ। ਨੇੜੇ ਹੀ ਚਾਹ ਦੇ ਖੋਖੇ 'ਤੇ ਛਾਵੇਂ ਬੈਠੇ ਵਿਦੇਸ਼ੀਆਂ ਦਾ ਝੁੰਡ ਖਾ-ਪੀ ਰਿਹਾ ਸੀ। ਡਰਾਈਵਰ ਅਤੇ ਪੈਰਾਗਲਾਈਡਿੰਗ ਕਰਵਾਉਣ ਵਾਲਿਆਂ ਤੋਂ ਤਰ੍ਹਾਂ ਤਰ੍ਹਾਂ ਦੇ ਸਵਾਲ ਪੁੱਛ ਕੇ ਮੈਂ ਜਾਣਕਾਰੀ ਹਾਸਲ ਕਰਨ ਲੱਗਾ।

ਦਰਅਸਲ, ਇੱਥੋਂ ਉਹ ਆਪਣੀ ਕਾਰ ਜਾਂ ਜੀਪ 'ਤੇ 14 ਕਿਲੋਮੀਟਰ ਉੱਪਰ ਬਿਲਿੰਗ ਲੈ ਕੇ ਜਾਂਦੇ ਹਨ ਅਤੇ ਫੀਸ ਇੱਥੇ ਅਗਾਊਂ ਜਮ੍ਹਾਂ ਕਰਵਾਉਣੀ ਹੁੰਦੀ ਹੈ। ਮਨ ਵਿੱਚ ਕਈ ਸ਼ੰਕੇ ਤੇ ਸਵਾਲ ਸਨ। ਮੈਂ ਇਸ ਸ਼ਰਤ 'ਤੇ 2500 ਰੁਪਏ ਜਮ੍ਹਾਂ ਕਰਵਾਏ ਕਿ ਜੇਕਰ ਮਨ ਮੰਨੇਗਾ ਤਾਂ ਪੈਰਾਗਲਾਈਡਿੰਗ ਕਰਾਂਗਾ, ਜੇ ਨਹੀਂ ਮੰਨੇਗਾ ਤਾਂ ਨਹੀਂ ਕਰਾਂਗਾ। ਬੀੜ ਤੋਂ ਬਿਲਿੰਗ ਸੌੜੀ ਸੜਕ ਦਾ ਪੈਂਡਾ ਖ਼ੌਫ਼ ਤੇ ਉਤਸ਼ਾਹ ਦੇ ਰਲੇ-ਮਿਲੇ ਭਾਵਾਂ ਸੰਗ ਬੀਤਦਾ ਹੈ। ਟੀਸੀ 'ਤੇ ਪੁੱਜਿਆ ਤਾਂ ਹੱਕਾ-ਬੱਕਾ ਰਹਿ ਗਿਆ। ਸਰਕਾਰੀ ਦੇਖ-ਰੇਖ ਹੇਠ ਚੱਲ ਰਿਹਾ ਪੈਰਾਗਲਾਈਡਿੰਗ ਦਾ ਇਹ ਕੇਂਦਰ ਸੁਰੱਖਿਆ ਮਾਪਦੰਡਾਂ ਪੱਖੋਂ ਮੂਲੋਂ ਸੱਖਣਾ ਸੀ। ਹਵਾ 'ਚ ਉਡਾਰੀ ਭਰਨ ਦਾ ਅੱਧਾ ਜੋਸ਼ ਤਾਂ ਪੈਂਦੀ ਸੱਟੇ ਲੱਥ ਗਿਆ। ਇੱਕ ਭਾਰਾ ਜਿਹਾ ਸਰਦਾਰ ਉਡਾਰੀ ਭਰਨ ਸਮੇਂ ਖੱਡ ਵਿੱਚ ਰਿੜ੍ਹਦਾ-ਰਿੜ੍ਹਦਾ ਬਚਿਆ। ਮੇਰਾ ਹੌਸਲਾ ਪਸਤ ਹੋ ਗਿਆ। ਉਡਾਣ ਭਰਨ ਲਈ ਲੋੜੀਂਦੇ ਪ੍ਰਬੰਧ ਨਹੀਂ ਸਨ। ਲੱਕ ਦੁਆਲੇ ਰੱਸੀਆਂ ਬੰਨ੍ਹੋ ਤੇ ਟੀਸੀ ਤੋਂ ਖੱਡ ਵਿੱਚ ਛਾਲ ਮਾਰ ਦਿਓ। ਦਰਅਸਲ, ਉੱਥੇ ਉਹ ਲੋਕ ਹਵਾ ਵਿੱਚ ਉੱਡ ਰਹੇ ਸਨ ਜਿਹੜੇ ਮਾਹਿਰ ਸਨ ਜਾਂ ਜਿਹੜੇ 10-15 ਦਿਨ ਦੀ ਸਿਖਲਾਈ ਦੌਰਾਨ ਉਡਾਰੀਆਂ ਭਰ ਰਹੇ ਸਨ। ਮੇਰੇ ਵਰਗੇ ਯਾਤਰੀ ਲੋਕ ਨਾਂਮਾਤਰ ਸਨ। ਇਹ ਵੇਖ ਕੇ ਰਹਿੰਦਾ-ਖੂੰਹਦਾ ਸਾਹ-ਸੱਤ ਵੀ ਜਾਂਦਾ ਰਿਹਾ। ਪਾਇਲਟ ਵਾਰ ਵਾਰ ਪੁੱਛ ਰਿਹਾ ਸੀ। ਮੈਂ ਪੰਜ-ਦਸ ਮਿੰਟ ਹੋਰ ਸੋਚਣ ਸਮਝਣ, ਵੇਖਣ ਵਿਚਾਰਨ ਦਾ ਸਮਾਂ ਮੰਗਿਆ। ਮੈਂ ਦੁਬਿਧਾ ਵਿੱਚ ਘਿਰ ਗਿਆ। ਤੀਬਰ ਇੱਛਾ ਵੀ ਸੀ, ਪਰ ਕਿਤੇ ਡੂੰਘਾ ਛੁਪਿਆ ਡਰ ਵੀ ਸੀ। ਹੁਣ ਡਰ ਨੇ ਸਿਰੀ ਚੁੱਕ ਲਈ ਸੀ। ਪਹਾੜ ਦੀ ਟੀਸੀ, ਸਾਹਮਣੇ ਵਿਸ਼ਾਲ ਵਾਦੀ। ਟੀਸੀ ਤੋਂ ਦੌੜਦੇ ਹੋਏ ਖੱਡ ਵਿੱਚ ਛਾਲ ਮਾਰ ਦੇਣੀ ਹੈ। ਛੱਤਰੀ ਹਵਾ ਵਿੱਚ ਫੈਲਣੀ ਹੈ। ਛੱਤਰੀ ਨੇ ਤੁਹਾਨੂੰ ਹਵਾ ਵਿੱਚ ਉਡਾਉਣਾ ਸ਼ੁਰੂ ਕਰ ਦੇਣਾ ਹੈ। ਉਸ ਵਕਤ ਚਿਹਰੇ ਦੇ ਹਾਵ-ਭਾਵ ਵੇਖਿਆਂ ਹੀ ਬਣਦੇ ਹਨ। ਅੰਤਾਂ ਦੀ ਚਿੰਤਾ, ਖ਼ੁਸ਼ੀ, ਡਰ, ਹੈਰਾਨੀ, ਪ੍ਰੇਸ਼ਾਨੀ, ਤਸੱਲੀ, ਜਿੱਤ, ਜਜ਼ਬਾ, ਜਨੂੰਨ, ਸਕੂਨ, ਉਤਸ਼ਾਹ ਤੇ ਭਰੋਸਾ ਸਟਿੱਕ 'ਤੇ ਲੱਗੇ ਸੈਲਫੀ ਕੈਮਰੇ 'ਤੇ ਬਣ ਰਹੀ ਵੀਡੀਓ 'ਚੋਂ ਇਹ ਸਭ ਸਹਿਜੇ ਪੜ੍ਹਿਆ ਜਾ ਸਕਦਾ ਹੈ। ਕਹਿੰਦੇ ਹਨ ਕਿ ਡਰ ਦੇ ਅੱਗੇ ਜਿੱਤ ਹੈ। ਜਿਹੜਾ ਡਰ 'ਤੇ ਕਾਬੂ ਪਾ ਗਿਆ, ਉਹੀ ਜਿੱਤ ਦਾ ਸੁਆਦ ਚਖਦਾ ਹੈ। ਮੈਂ ਉਤਾਂਹ, ਆਸੇ-ਪਾਸੇ, ਦੂਰ ਤਕ ਨਜ਼ਰ ਦੌੜਾਈ। ਬੰਦੇ ਪੰਛੀਆਂ ਵਾਂਗ ਉੱਡ ਰਹੇ ਸਨ। ਉਨ੍ਹਾਂ ਵਿੱਚ ਉਹ ਵੀ ਸਨ ਜਿਹੜੇ ਕੁਝ ਪਲ ਪਹਿਲਾਂ ਮੇਰੇ ਕੋਲ ਖੜ੍ਹੇ ਸਨ।

# ਮੇਰੀਆਂ ਯਾਦਾਂ ਵਿਚਲੇ ਪੰਜਾਬ ਦੇ ਪਿੰਡਾਂ ਦੇ ਲੋਕ

ਗੁਲਜ਼ਾਰ ਸਿੰਘ ਸੰਧੂ

> "ਜੇ ਘਰ ਦੇ ਨੇੜੇ ਕੋਈ ਵੱਡਾ ਪਿੱਪਲ ਜਾਂ ਬੋਹੜ ਹੁੰਦਾ ਤਾਂ ਮਰਦ ਉਸ ਦੇ ਥੱਲੇ ਮੰਜੀਆਂ ਡਾਹ ਕੇ ਆਰਾਮ ਕਰਦੇ ਤੇ ਦਿਨ ਵੇਲੇ ਕੀਤੇ ਕੰਮ ਦਾ ਲੇਖਾ-ਜੋਖਾ ਆਪਣੇ ਸਾਥੀਆਂ ਨਾਲ ਸਾਂਝਾ ਕਰਦੇ। ਨੇੜੇ ਹੀ ਕੋਈ ਹੋਰ ਰੁੱਖ ਹੁੰਦਾ ਤਾਂ ਜ਼ਨਾਨੀਆਂ ਉਸ ਥੱਲੇ ਚਰਖਾ ਕੱਤਦੀਆਂ ਤੇ ਆਪਣੇ ਘਰ ਦੇ ਵਡੇਰਿਆਂ ਦਾ ਗੁਣਗਾਣ ਜਾਂ ਨਿੰਦਾ ਚੁਗਲੀ ਕਰਦੀਆਂ।"

ਮੇਰਾ ਜਨਮ ਦੋ ਵਿਸ਼ਵ ਯੁੱਧਾਂ ਦੇ ਵਿੱਚ ਵਿਚਾਲੇ ਹੋਇਆ। 22 ਮਾਰਚ 1934 ਨੂੰ। ਦੇਸੀ ਮਹੀਨੇ ਦੀ ਨੌਂ ਚੇਤ। ਉਂਜ, ਸਰਕਾਰੀ ਕਾਗਜ਼ਾਂ ਵਿੱਚ ਮੇਰੀ ਜਨਮ ਮਿਤੀ 27 ਫਰਵਰੀ 1935 ਹੈ। ਪਹਿਲੀ ਕੱਚੀ ਵਿੱਚ ਦਾਖਲ ਕਰਨ ਵਾਲੇ ਮੌਲਵੀ ਦੀ ਮਿਹਰ ਸਦਕਾ।

ਮੇਰੇ ਨਾਨਕਿਆਂ ਨੇ, ਜਿੱਥੇ ਮੈਂ ਜੰਮਿਆ, ਮੇਰਾ ਨਾਂ ਬਲਬੀਰ ਸਿੰਘ ਰੱਖਿਆ, ਪਰ ਮੇਰੀ ਦਾਦੀ ਨੇ ਗੁਰੂ ਗ੍ਰੰਥ ਸਾਹਿਬ ਦਾ ਵਾਕ ਲੈਣ ਸਮੇਂ ਨਿਕਲੇ ਪਹਿਲੇ ਅੱਖਰ 'ਗ' ਦੇ ਆਧਾਰ 'ਤੇ ਮੇਰਾ ਨਾਂ ਗੁਲਜ਼ਾਰਾ ਸਿੰਘ ਰੱਖ ਦਿੱਤਾ ਅਤੇ ਜ਼ਿੱਦ ਕੀਤੀ ਕਿ ਸਕੂਲ ਵਿੱਚ ਵੀ ਮੇਰਾ ਨਾਂ ਇਹੀਓ ਲਿਖਿਆ ਜਾਵੇ। ਮੇਰੇ ਐਮ.ਏ. ਤਕ ਦੀ ਪੜ੍ਹਾਈ ਦੇ ਸਰਟੀਫਿਕੇਟਾਂ ਉੱਤੇ ਮੇਰਾ ਨਾਂ ਗੁਲਜ਼ਾਰਾ ਸਿੰਘ ਹੀ ਹੈ।

ਮੇਰਾ ਜਨਮ ਮੇਰੇ ਨਾਨਕੇ ਪਿੰਡ ਕੋਟਲਾ ਬਡਲਾ ਦਾ ਹੈ। ਮੈਂ ਆਪਣੇ ਜੀਵਨ ਦੇ ਪਹਿਲੇ ਚੌਦਾਂ ਸਾਲ ਉੱਥੇ ਹੀ ਰਿਹਾ ਸਮਝੋ। ਮੇਰੇ ਜਨਮ ਸਮੇਂ ਮੇਰੇ ਜੱਦੀ ਪਿੰਡ ਸੂਨੀ (ਹੁਸ਼ਿਆਰਪੁਰ) ਤੇ ਨਾਨਕਾ ਪਿੰਡ ਕੋਟਲਾ ਬਡਲਾ (ਲੁਧਿਆਣਾ) ਦੇ ਸਾਰੇ ਘਰ ਕੱਚੇ ਸਨ। ਸਿਰਫ਼ ਦੋ ਹੀ ਘਰ ਪੱਕੇ ਸਨ। ਇੱਕ ਨਾਨਕਾ ਪਿੰਡ ਦੇ ਹਟਵਾਣੀਏ ਤੇ ਦੂਜਾ ਦਾਦਕਾ ਪਿੰਡ ਦੇ ਹਟਵਾਣੀਏ ਦਾ। ਪੈਸੇ ਸਿਰਫ਼ ਹਟਵਾਣੀਏ ਕੋਲ ਹੁੰਦੇ ਸਨ। ਕਿਰਤੀ ਕਿਸਾਨ ਤਾਂ ਪੈਸੇ ਦਾ ਮੂੰਹ ਹਾੜ੍ਹੀ ਸਾਉਣੀ ਦੀ ਫ਼ਸਲ ਵੱਢਿਆਂ ਹੀ ਦੇਖਦੇ ਸਨ। ਮੈਂ ਕੱਚੇ ਘਰਾਂ ਦਾ ਜੰਮਪਲ ਹਾਂ।

ਬਹੁਤੇ ਮਕਾਨ ਤਿੰਨ ਕਮਰੇ ਦੇ ਸਨ। ਅੱਗੇ ਦਲਾਨ ਤੇ ਪਿੱਛੇ ਦੋ ਕੋਠੜੀਆਂ। ਇਨ੍ਹਾਂ ਦੇ ਅੱਗੇ ਵਿਹੜਾ: ਛੋਟੇ ਤੋਂ ਛੋਟਾ ਤੇ ਵੱਡੇ ਤੋਂ ਵੱਡਾ। ਵਿਹੜੇ ਵਿੱਚ ਇੱਕ ਪਾਸੇ ਚੁੱਲ੍ਹਾ ਚੌਂਕਾ ਤੇ ਦੂਜੇ ਪਾਸੇ ਅਜਿਹਾ ਘੁਰਨਾ ਜਿਸ ਵਿੱਚ ਖਾਣ ਪਕਾਉਣ ਦੇ ਕੰਮ ਆਉਣ ਵਾਲੀਆਂ ਵਸਤਾਂ ਰੱਖੀਆਂ ਹੁੰਦੀਆਂ ਸਨ। ਆਟਾ ਪੀਹਣ ਵਾਲੀ ਚੱਕੀ ਸਮੇਤ। ਘਰ ਦੇ ਸਾਰੇ ਮੈਂਬਰ ਦਲਾਨ ਵਿੱਚ ਹੀ ਬਹਿੰਦੇ, ਸੌਂਦੇ ਤੇ ਕੱਤਣ-ਤੁੰਬਣ ਦਾ ਕੰਮ ਕਰਦੇ ਸਨ। ਮੀਂਹ ਹੋਵੇ ਜਾਂ ਹਨੇਰੀ, ਇਹ ਸਭ ਨੂੰ ਸ਼ਰਨ ਦਿੰਦਾ ਸੀ। ਇਹਦੇ ਪਿੱਛੇ ਵਾਲੀ ਇੱਕ ਕੋਠੜੀ ਵਿੱਚ ਗੁੜ, ਸ਼ੱਕਰ, ਦਾਣੇ ਰੱਖੇ ਹੁੰਦੇ ਅਤੇ ਦੂਜੀ ਵਿੱਚ ਕੱਪੜਿਆਂ ਵਾਲਾ ਸੰਦੂਕ।

ਮੈਂ 1998 ਵਿੱਚ ਸ਼ੇਖ਼ੂਪੁਰਾ (ਪਾਕਿਸਤਾਨ) ਦੇ ਪਿੰਡ ਵੇਖੇ। ਉੱਥੇ ਉਦੋਂ ਤਕ ਇਵੇਂ ਹੀ ਸੀ। ਰਜਾਈਆਂ, ਤਲਾਈਆਂ ਤੇ ਦਰੀਆਂ ਲਈ ਟੰਗਣਾ। ਕੋਠੜੀ ਦੇ ਦਰਾਂ ਕੋਲ ਦਲਾਨ ਵੱਲ ਖੁੱਲ੍ਹਦੀਆਂ ਲੱਕੜੀ ਦੀਆਂ ਅਲਮਾਰੀਆਂ ਜਿਨ੍ਹਾਂ ਨੂੰ ਘਰ ਵਾਲੇ ਭਾਂਤ ਭਾਂਤ ਦੀਆਂ ਚੀਜ਼ਾਂ ਰੱਖਣ ਲਈ ਵਰਤਦੇ। ਕਿਹੜੀ ਅਲਮਾਰੀ ਵਿੱਚ ਕੀ ਰੱਖਣਾ ਹੈ ਤੇ ਕਿਹੜੀ ਕੋਠੜੀ ਵਿੱਚ ਕੀ, ਘਰ ਦੀ ਮਾਲਕਣ ਨੇ ਤੈਅ ਕਰਨਾ ਹੁੰਦਾ ਸੀ। ਬਹੁਤ ਵਾਰੀ ਸੱਸ ਦੀ ਮੌਤ ਪਿੱਛੋਂ ਨਵੀਂ ਮਾਲਕਣ, ਭਾਵ ਵੱਡੀ ਨੂੰਹ, ਘਰ ਦੀ ਸਾਫ਼ ਸਫ਼ਾਈ ਕਰਵਾ ਕੇ ਸਭ ਕੁਝ ਨਵੇਂ ਸਿਰਿਓਂ ਰੱਖਦੀ ਸੀ। ਉਸ ਦੇ ਤੁਰ ਜਾਣ ਉੱਤੇ ਉਸ ਦੀ ਵੱਡੀ ਨੂੰਹ ਵੀ।

ਗਰਮ ਰੁੱਤ ਵਿੱਚ ਸਾਰੇ ਘਰ ਵਾਲੇ ਕੋਠਿਆਂ ਉੱਤੇ ਸੌਂਦੇ। ਜੇ ਗੁਆਂਢੀ ਨਾਲ ਸੁਲ੍ਹਾ ਹੁੰਦੀ ਤਾਂ ਕਿੰਨੀ ਦੇਰ ਤਕ ਗੱਲਾਂ ਕਰਦੇ। ਸਰਦੀਆਂ ਵਿੱਚ ਸੌਣ ਲਈ ਦਲਾਨ ਵਰਤਿਆ ਜਾਂਦਾ। ਜੇ ਕੋਠੜੀ ਵਿੱਚ ਥਾਂ ਹੁੰਦੀ ਤਾਂ ਘਰ ਦੇ ਵਡੇਰਿਆਂ ਦੀ ਮੰਜੀ ਉਹਦੇ ਵਿੱਚ ਡਾਹ ਦਿੱਤੀ ਜਾਂਦੀ।

ਮੰਜੀ ਨੂੰ ਕੋਠੇ ਉੱਤੇ ਚੜ੍ਹਾਉਣ ਤੇ ਉੱਥੋਂ ਲਾਹੁਣ ਦਾ ਤਰੀਕਾ ਵੀ ਕਮਾਲ ਸੀ। ਇੱਕ ਜੀਅ ਕੋਠੇ ਉੱਤੇ ਹੁੰਦਾ ਤੇ ਦੂਜਾ ਮੰਜੀ ਦੀ ਪੈਂਦ ਵਾਲਾ ਪਾਸਾ ਥੱਲੇ ਤੇ ਸਿਰਾਹਣੇ ਵਾਲਾ ਉੱਤੇ ਕਰਕੇ ਕੋਠੇ ਉੱਤੇ ਖੜ੍ਹੇ ਵਿਅਕਤੀ ਤਕ ਅਪੜਦਾ ਕਰ ਦਿੰਦਾ ਜਿੱਥੋਂ ਉਹ ਸਾਂਭ ਲੈਂਦਾ। ਲਾਹੁਣ ਵੇਲੇ ਇਹੀਓ ਅਮਲ ਉਲਟ ਜਾਂਦਾ। ਸਰਦੀਆਂ ਵਿੱਚ ਰਾਤ ਨੂੰ ਰੌਸ਼ਨੀ ਕਰਨ ਲਈ ਸਰ੍ਹੋਂ ਦੇ ਤੇਲ ਵਿੱਚ ਰੂੰ ਦੀ ਬੱਤੀ ਵਾਲੇ ਦੀਵੇ ਹੁੰਦੇ। ਇਹੋ ਜਿਹੇ ਦੀਵੇ ਬੱਤੀਆਂ ਅੱਜਕੱਲ੍ਹ ਸਮਾਗਮਾਂ ਵਿੱਚ ਰਸਮੀ ਉਦਘਾਟਨ ਸਮੇਂ ਵਰਤੇ ਜਾਂਦੇ ਹਨ।

ਪਖਾਨੇ ਲਈ ਘਰ ਵਿੱਚ ਕੋਈ ਥਾਂ ਨਹੀਂ ਸੀ ਹੁੰਦੀ। ਸਾਰੇ ਲੋਕ ਖੇਤਾਂ ਵਿੱਚ ਜਾਂਦੇ ਤੇ ਧਿਆਨ ਰੱਖਦੇ ਕਿ ਨੇੜੇ ਕਿਧਰੇ ਪਾਣੀ ਹੋਣਾ ਚਾਹੀਦਾ ਹੈ ਜਿਹੜਾ ਸਫ਼ਾਈ ਲਈ ਵਰਤਿਆ ਜਾ ਸਕੇ।

ਜੇ ਘਰ ਦੇ ਨੇੜੇ ਕੋਈ ਵੱਡਾ ਪਿੱਪਲ ਜਾਂ ਬੋਹੜ ਹੁੰਦਾ ਤਾਂ ਮਰਦ ਉਸ ਦੇ ਥੱਲੇ ਮੰਜੀਆਂ ਡਾਹ ਕੇ ਆਰਾਮ ਕਰਦੇ ਤੇ ਦਿਨ ਵੇਲੇ ਕੀਤੇ ਕੰਮ ਦਾ ਲੇਖਾ-ਜੋਖਾ ਆਪਣੇ ਸਾਥੀਆਂ ਨਾਲ ਸਾਂਝਾ ਕਰਦੇ। ਨੇੜੇ ਹੀ ਕੋਈ ਹੋਰ ਰੁੱਖ ਹੁੰਦਾ ਤਾਂ ਜ਼ਨਾਨੀਆਂ ਉਸ ਥੱਲੇ ਚਰਖਾ ਕੱਤਦੀਆਂ ਤੇ ਆਪਣੇ ਘਰ ਦੇ ਵਡੇਰਿਆਂ ਦਾ ਗੁਣਗਾਣ ਜਾਂ ਨਿੰਦਾ ਚੁਗਲੀ ਕਰਦੀਆਂ।

ਹਰ ਘਰ ਵਿੱਚ ਆਟਾ ਪੀਹਣ ਦੀ ਚੱਕੀ ਹੁੰਦੀ। ਭਾਵੇਂ ਵੱਡੇ ਪੀਹਣ ਲਈ ਪਿੰਡ ਦੇ ਲੁਹਾਰ ਜਾਂ ਤਰਖਾਣ ਨੇ ਪੱਥਰ ਦੇ ਭਾਰੇ ਪੁੜਾਂ ਵਾਲੇ ਖਰਾਸ ਦਾ ਪ੍ਰਬੰਧ ਕੀਤਾ ਹੁੰਦਾ। ਇਸ ਦੇ ਭਾਰੀ ਪੁੜ ਊਠ ਜਾਂ ਬਲਦਾਂ ਦੀ ਜੋੜੀ ਦੁਆਰਾ ਵਰਤੋਂ ਵਿੱਚ ਆਉਂਦੇ। ਕੁਝ ਇਸ ਤਰ੍ਹਾਂ ਜਿਵੇਂ ਖੂਹ ਵਿੱਚੋਂ ਪਾਣੀ ਕੱਢਣ ਵੇਲੇ ਹਲਟ ਦੀ ਵਰਤੋਂ ਹੁੰਦੀ ਸੀ। ਖਰਾਸ ਦੀ ਵਰਤੋਂ ਲਈ ਤਰਖਾਣ ਜਾਂ ਲੁਹਾਰ ਤੋਂ ਸਮਾਂ ਮੰਗਿਆ ਜਾਂਦਾ ਤੇ ਇਸ ਦੀ ਵਰਤੋਂ ਲਈ ਵਰਤਣ ਵਾਲਿਆਂ ਨੇ ਵਾਰੀਆਂ ਨਿਸ਼ਚਿਤ ਕੀਤੀਆਂ ਹੁੰਦੀਆਂ।

ਮੇਰੇ ਬਚਪਨ ਸਮੇਂ ਪਿੰਡਾਂ ਵਿੱਚ ਆਟਾ ਪੀਹਣ ਵਾਲੀਆਂ ਮਸ਼ੀਨਾਂ ਵੀ ਲੱਗਣ ਲੱਗੀਆਂ ਜਿਨ੍ਹਾਂ ਦੇ ਚਾਲੂ ਹੋਣ ਦੀ ਸੂਚਨਾ ਮਸ਼ੀਨ ਦੇ ਧੂੰਏਂ ਨਿਕਲਣ ਤੋਂ ਪੈਦਾ ਹੋਣ ਵਾਲੀ ਉੱਚੀ ਆਵਾਜ਼ ਤੋਂ ਮਿਲਦੀ ਸੀ। ਪੀਣ ਵਾਲੇ ਪਾਣੀ ਲਈ ਹਰ ਪਿੰਡ ਜਾਂ ਪੱਤੀ ਵਿੱਚ ਖੂਹ ਸੀ ਜਿਸ ਵਿੱਚੋਂ ਪਾਣੀ ਕੱਢ ਕੇ ਘਰਾਂ ਵਿੱਚ ਪਹੁੰਚਾਉਣ ਦਾ ਕੰਮ ਮਹਿਰਾ ਕਰਦਾ ਸੀ। ਉਸ ਨੇ ਘਰ ਵਾਲਿਆਂ ਦੀ ਲੋੜ ਮੁਤਾਬਿਕ ਇੱਕ, ਦੋ ਜਾਂ ਤਿੰਨ ਘੜੇ ਪਾਣੀ ਸਵੇਰੇ ਤੇ ਸ਼ਾਮ ਦੇ ਜਾਣੇ ਹੁੰਦੇ ਸਨ ਤੇ ਪਰਿਵਾਰ ਨੇ ਇਨ੍ਹਾਂ ਨਾਲ ਹੀ ਗੁਜ਼ਾਰਾ ਕਰਨਾ ਹੁੰਦਾ ਸੀ। ਬੱਚਿਆਂ ਨੂੰ ਇਨ੍ਹਾਂ ਘੜਿਆਂ ਤੋਂ ਦੂਰ ਰੱਖਿਆ ਜਾਂਦਾ ਕਿਉਂਕਿ ਉਹ ਖੇਡ ਖੇਡ ਵਿੱਚ ਘੜੇ ਦਾ ਪਾਣੀ ਖ਼ਤਮ ਕਰ ਸਕਦੇ ਸਨ।

ਨਹਾਉਣ ਲਈ ਘਰਾਂ ਵਿੱਚ ਕੋਈ ਪ੍ਰਬੰਧ ਨਹੀਂ ਸੀ। ਮਰਦ ਵਿਹਲ ਮਿਲਣ 'ਤੇ ਆਪੋ ਆਪਣੀ ਲੱਜ ਬਾਲਟੀ ਲਿਜਾ ਕੇ ਪਿੰਡ ਦੀ ਖੂਹੀ ਉੱਤੇ ਨਹਾ ਆਉਂਦੇ ਸਨ। ਜ਼ਨਾਨੀਆਂ ਘਰ ਵਿੱਚ ਮਹਿਰੀ ਦੇ ਦਿੱਤੇ ਪਾਣੀ ਨਾਲ ਸਾਰ ਲੈਂਦੀਆਂ। ਮੇਰੀ ਮਾਂ ਇੱਕ ਗੜਵੀ ਪਾਣੀ ਨਾਲ ਨਹਾ ਲੈਂਦੀ ਸੀ। ਪਿੰਡ ਦੀਆਂ ਪੰਡਤਾਣੀਆਂ ਤੜਕੇ ਉੱਠ ਕੇ ਮੂੰਹ ਹਨੇਰੇ ਸਾਂਝੀ ਖੂਹੀ ਉੱਤੇ ਨਹਾ ਆਉਂਦੀਆਂ ਸਨ। ਇਸ ਵੇਲੇ ਮਰਦ ਖੇਤਾਂ ਵਿੱਚ ਕੰਮ ਕਰਨ ਜਾ ਚੁੱਕੇ ਹੁੰਦੇ ਸਨ। ਮਰਦ ਖੇਤਾਂ ਦੇ ਮਾਲਕ ਸਨ ਤੇ ਔਰਤਾਂ ਘਰ ਦੀਆਂ ਮਾਲਕਣਾਂ।

ਮੇਰੇ ਨਾਨਕੇ ਪਿੰਡ ਵਿੱਚ ਧੀ-ਧਿਆਣੀ ਦੇ ਨਾਂ ਨਾਲ ਬੀਬੀ ਸ਼ਬਦ ਲਾਇਆ ਜਾਂਦਾ ਸੀ ਜਿਵੇਂ ਬੀਬੀ ਗੁਰਦਿੱਤੋ, ਬੀਬੀ ਚਰਨੋ, ਬੀਬੀ ਦੇਵੋ ਤੇ ਬੀਬੀ ਬਚਨੋ। ਵਿਆਹ ਪਿੱਛੋਂ ਉਨ੍ਹਾਂ ਦੀ ਪਛਾਣ ਸਹੁਰੇ ਪਿੰਡ ਜਾਂ ਖੇਤਰ ਨਾਲ ਜੁੜ ਜਾਂਦੀ ਸੀ ਜਿਵੇਂ ਰਾਮਗੜ੍ਹ ਵਾਲੀ, ਦੁਆਬੇ ਵਾਲੀ, ਬਾਹੋਮਾਜਰੇ ਵਾਲੀ ਤੇ ਸੁੰਢਰਿਆਂ ਵਾਲੀ। ਨੂੰਹਾਂ ਦੇ ਨਾਂ ਉਨ੍ਹਾਂ ਦੇ ਮਾਪੇ ਪਿੰਡਾਂ ਨਾਲ ਜੋੜ ਲਏ ਜਾਂਦੇ ਜਿਵੇਂ ਮਹਿਦੂਦੋ, ਕੋਟਲੋ, ਸਲੌਦੋ ਤੇ ਜਾਂ ਫਿਰ ਨਾਭੇ ਵਾਲੀ, ਪਟਿਆਲੇ ਵਾਲੀ ਤੇ ਖਮਾਣੋਂ ਵਾਲੀ। ਮੇਰੀ ਮਾਂ ਦਾ ਨਾਂ ਗੁਰਚਰਨ ਕੌਰ ਸੀ। ਵਿਆਹ ਤੋਂ ਪਹਿਲਾਂ ਉਹ ਬੀਬੀ ਚਰਨੋ ਸੀ ਤੇ ਵਿਆਹ ਪਿੱਛੋਂ ਉਹ ਦੁਆਬੇ ਵਾਲੀ ਬੀਬੀ ਹੋ ਗਈ। ਉਸ ਦੀ ਸੱਸ ਨੂੰ ਮੇਰੇ ਦਾਦਕੇ ਪਿੰਡ ਵਾਲੇ ਪਿੱਪਲ ਵਾਲੀ ਬੇਬੇ ਕਹਿੰਦੇ ਸਨ ਤੇ ਦਾਦੀ ਦੀ ਇੱਕ ਦਰਾਣੀ ਨੂੰ ਕੁੱਕੜਾਂ ਵਾਲੀ। ਦਾਦੀ ਦੇ ਵਿਹੜੇ ਦੇ ਬਾਹਰ ਪਿੱਪਲ ਸੀ ਤੇ ਦਿਉਰਾਣੀ ਨੇ ਮੁਰਗੀਆਂ ਪਾਲ ਰੱਖੀਆਂ ਸਨ ਜਿਨ੍ਹਾਂ ਦੇ ਅੰਡੇ ਵਿਕ ਜਾਂਦੇ ਸਨ।

ਦੇਸ਼ ਵੰਡ ਤੋਂ ਪਹਿਲਾਂ ਪੂਜਾ ਸਥਾਨ ਤੇ ਮੜ੍ਹੀਆਂ ਵੀ ਆਪੋ ਆਪਣੇ ਢੰਗ ਦੀਆਂ ਹੁੰਦੀਆਂ ਸਨ। ਮੇਰੇ ਨਾਨਕੇ ਪਿੰਡ ਗੁਰਦੁਆਰਾ ਨਹੀਂ ਸੀ। ਪਿੰਡ ਦੇ ਟੋਭੇ ਕੰਢੇ ਇੱਕ ਸ਼ਿਵਦੁਆਲਾ ਹੁੰਦਾ ਸੀ। ਸਾਰੇ ਉੱਥੇ ਹੀ ਮੱਥਾ ਟੇਕਦੇ ਸਨ। ਦਾਦਕੇ ਪਿੰਡ ਦੇ ਸਿੱਖ ਆਪਣੇ ਵੱਡੇ-ਵਡੇਰਿਆਂ ਦੇ ਸਸਕਾਰ ਵਾਲੀ ਥਾਂ ਨੂੰ ਬਾਬੇ ਸ਼ਹੀਦ ਕਹਿੰਦੇ ਸਨ ਤੇ ਉੱਥੇ ਹੀ ਮੱਥਾ ਟੇਕਦੇ ਤੇ ਸੁੱਖਾਂ ਸੁੱਖਦੇ ਸਨ। ਗੁਰਦੁਆਰਾ ਉੱਥੇ ਵੀ ਨਹੀਂ ਸੀ। ਪਿੰਡ ਦੇ ਵੱਡੇ ਤੋਂ ਵੱਡੇ ਮਸਲੇ ਪਿੰਡ ਵਾਲੇ ਆਪ ਹੀ ਹੱਲ ਕਰਦੇ ਸਨ। ਇੱਕ ਵਾਰੀ ਮੇਰੇ ਜੱਦੀ ਪਿੰਡ ਵਿੱਚ ਸੱਤ ਭਰਾਵਾਂ ਨੇ ਆਪਣੀ ਭੈਣ ਨੂੰ ਵੇਲੇ-ਕੁਵੇਲੇ ਇੱਕ ਚਾਚੇ ਦੇ ਘਰ ਗਈ ਵੇਖ ਕੇ ਉਸ ਚਾਚੇ ਤੇ ਭੈਣ ਨੂੰ ਕਹੀਆਂ ਤੇ ਗੰਡਾਸਿਆਂ ਨਾਲ ਵੱਢ ਦਿੱਤਾ ਸੀ। ਖ਼ਬਰ ਮਿਲਣ ਉੱਤੇ ਮਾਹਿਲਪੁਰ ਥਾਣੇ ਦਾ ਸਿਪਾਹੀ ਆਇਆ ਤਾਂ ਮੇਰੇ ਬਾਪੂ ਜੀ ਨੇ ਉਸ ਨੂੰ ਚਾਹ-ਪਾਣੀ ਪਿਲਾ ਕੇ ਸਾਫ਼-ਸਾਫ਼ ਕਹਿ ਦਿੱਤਾ ਕਿ ਇਸ ਦੇ ਸੱਚ ਤੋਂ ਪਿੰਡ ਦਾ ਬੱਚਾ ਬੱਚਾ ਜਾਣੂੰ ਹੈ, ਪਰ ਮੇਰੇ ਪਿੰਡ ਦਾ ਇੱਕ ਵੀ ਜੀਅ ਥਾਣੇ ਜਾ ਕੇ ਇਹ ਬਿਆਨ ਨਹੀਂ ਦੇਣ ਲੱਗਿਆ। ਪਿੰਡ ਦੇ ਕਈ ਸਿਆਣਿਆਂ ਨੇ ਉਨ੍ਹਾਂ ਨੂੰ ਵਰਜਿਆ ਸੀ, ਪਰ ਉਹ ਬਾਜ਼ ਨਹੀਂ ਸਨ ਆਏ। ਉਸ ਵੇਲੇ ਪਿੰਡ ਦਾ ਮੋਹਰੀ ਮੇਰਾ ਬਾਪ ਸੀ। ਗੱਲ ਉੱਥੇ ਹੀ ਠੱਪੀ ਗਈ।

ਇਸੇ ਤਰ੍ਹਾਂ ਮੇਰੇ ਨਾਨਕੇ ਪਿੰਡ ਮੇਰੇ ਨਾਨੇ ਦਾ ਛੋਟਾ ਭਰਾ ਪਿੰਡ ਦੇ ਨਾਈਆਂ ਦੀ ਕੁੜੀ ਨੂੰ ਆਪਣੇ ਘਰ ਲੈ ਜਾਣ ਲੱਗਿਆ ਤਾਂ ਪਿੰਡ ਵਾਲਿਆਂ ਨੇ ਨਾਨਕੇ ਪਰਿਵਾਰ ਨਾਲ ਬੋਲ-ਚਾਲ ਬੰਦ ਕਰ ਦਿੱਤੀ। ਇਸ ਨੂੰ ਹੁੱਕਾ ਪਾਣੀ ਬੰਦ ਕਰਨਾ ਕਹਿੰਦੇ ਸਨ। ਇੱਕ ਤਰ੍ਹਾਂ ਦਾ ਦੇਸ ਨਿਕਾਲਾ। ਨਤੀਜੇ ਵਜੋਂ ਸਾਰੇ ਟੱਬਰ ਨੂੰ ਲੰਮਾ ਸਮਾਂ ਮੇਰੇ ਨਾਨੇ ਦੇ ਨਾਨਕੀਂ ਰੋਪੜ ਨੇੜਲੇ ਮਾਜਰੀ ਨਾਂ ਦੇ ਪਿੰਡ ਰਹਿਣਾ ਪਿਆ। ਛੋਟੇ ਨਾਨੇ ਦੀ ਬਠਿੰਡੇ ਨੌਕਰੀ ਲੱਗਣ ਪਿੱਛੋਂ ਉਹ ਮਾਮਲਾ ਮੁਸ਼ਕਿਲ ਨਾਲ ਰਫ਼ਾ-ਦਫ਼ਾ ਹੋਇਆ।

ਮੇਰੇ ਸਕੇ ਨਾਨੇ ਨੂੰ ਇਸ ਦੇਸ ਨਿਕਾਲੇ ਦਾ ਬੜਾ ਲਾਭ ਹੋਇਆ। ਇਸ ਅਰਸੇ ਵਿੱਚ ਨਾਨੇ ਦੇ ਨਾਨੇ ਦੀ ਮੌਤ ਹੋਣ ਕਾਰਨ ਨਾਨੀ ਇਕੱਲੀ ਰਹਿ ਗਈ। ਉਸ ਕੋਲ ਆਪਣੀ ਧੀ ਕੋਲ ਰਹਿਣ ਤੋਂ ਬਿਨਾਂ ਕੋਈ ਚਾਰਾ ਨਹੀਂ ਸੀ। ਇਹ ਧੀ ਮੇਰੇ ਨਾਨੇ ਦੀ ਮਾਂ ਸੀ। ਮੇਰੇ ਨਾਨੇ ਨੇ ਆਪਣੀ ਨਾਨੀ ਵੱਲੋਂ ਮਿਲੇ ਲੰਮੇ ਸਮੇਂ ਦੇ ਪਿਆਰ ਦਾ ਕਰਜ਼ ਚੁਕਾਉਣ ਲਈ ਉਸ ਨਾਨੀ ਦੀ ਆਖ਼ਰੀ ਉਮਰੇ ਖ਼ੂਬ ਸੇਵਾ ਕੀਤੀ। ਇੰਨੀ ਕਿ ਉਸ ਨੇ ਅੰਤਿਮ ਸਾਹ ਲੈਣ ਤੋਂ ਪਹਿਲਾਂ ਆਪਣੀ ਚਾਂਦੀ ਦੇ ਰੁਪਈਆਂ ਤੇ ਗਹਿਣਿਆਂ ਵਾਲੀ ਗਾਗਰ, ਜਿਹੜੀ ਉਹ ਮਜਾਰੀ ਪਿੰਡ ਤੋਂ ਤੁਰਨ ਸਮੇਂ ਆਪਣੇ ਨਾਲ ਲੈ ਕੇ ਆਈ ਸੀ, ਨਾਨੇ ਨੂੰ ਦੇ ਦਿੱਤੀ। ਉਨ੍ਹੀਂ ਦਿਨੀਂ ਗਹਿਣਿਆਂ ਤੇ ਚਾਂਦੀ ਦੇ ਰੁਪਈਆਂ ਲਈ ਬੈਂਕ ਨਹੀਂ ਸਨ ਹੁੰਦੇ। ਮੇਰੇ ਨਾਨੇ ਨੇ ਉਹ ਮਾਇਆ ਲੋੜਵੰਦ ਜੱਟਾਂ ਨੂੰ ਸੂਦ ਉੱਤੇ ਦੇਣੀ ਸ਼ੁਰੂ ਕਰ ਦਿੱਤੀ। ਪੈਸੇ ਦਿੰਦੇ ਸਮੇਂ ਸਕਿਓਰਿਟੀ ਵਜੋਂ ਉਹ ਜ਼ਮੀਨ ਆਪਣੇ ਕੋਲ ਗਿਰਵੀ (ਗਹਿਣੇ) ਰਖਵਾ ਲੈਂਦਾ। ਇਸ ਦਾ ਭਾਵ ਇਹ ਸੀ ਕਿ ਜਦੋਂ ਤਕ ਸੂਦ ਉੱਤੇ ਦਿੱਤੀ ਰਕਮ ਵਾਪਸ ਨਹੀਂ ਸੀ ਆਉਂਦੀ, ਗਹਿਣੇ ਪਈ ਭੋਇੰ ਦੀ ਉਪਜ ਦਾ ਮਾਲਕ ਵੀ ਉਹੀਓ ਹੁੰਦਾ ਸੀ।

ਨਾਨੇ ਦਾ ਸ਼ਾਹੂਕਾਰਾ ਉਦੋਂ ਤਕ ਖ਼ੂਬ ਚੱਲਿਆ ਜਦੋਂ ਤਕ ਹਰਿਆਣਾ ਦੇ ਜੰਮਪਲ ਸਰ ਛੋਟੂ ਰਾਮ ਨੇ ਗੋਰੀ ਸਰਕਾਰ ਤੋਂ ਅਜਿਹਾ ਐਕਟ ਨਹੀਂ ਪਾਸ ਕਰਵਾਇਆ ਜਿਸ ਅਧੀਨ ਮਿੱਥੇ ਸਮੇਂ ਪਿੱਛੋਂ ਉਸ ਜ਼ਮੀਨ ਨੇ ਅਸਲੀ ਮਾਲਕਾਂ ਕੋਲ ਚਲੇ ਜਾਣਾ ਹੁੰਦਾ। ਦਲੀਲ ਇਹ ਸੀ ਕਿ ਓਨੇ ਸਾਲਾਂ ਵਿੱਚ ਸੂਦ ਉੱਤੇ ਪੈਸੇ ਦੇਣ ਵਾਲਾ ਬੇਅੰਤ ਲਾਭ ਲੈ ਚੁੱਕਿਆ ਹੁੰਦਾ ਸੀ। ਮੈਂ ਆਪਣੇ ਨਾਨੇ ਦੀਆਂ ਬਾਦਸ਼ਾਹੀਆਂ ਤੇ ਮਾੜੇ ਦਿਨਾਂ ਦਾ ਚਸ਼ਮਦੀਦ ਗਵਾਹ ਹਾਂ। ਮੈਂ ਆਪਣੇ ਜੀਵਨ ਦੇ ਪਹਿਲੇ 14 ਸਾਲ ਨਾਨਕੇ ਪਿੰਡ ਹੀ ਰਿਹਾ। ਦੁੱਧ ਘਿਓ ਦੀ ਬਹੁਲਤਾ ਸਮੇਂ ਵੀ ਤੇ ਰੁੱਖੀ ਮਿੱਸੀ ਨਾਲ ਗੁਜ਼ਾਰਾ ਕਰਨ ਸਮੇਂ ਵੀ। ਇਨ੍ਹਾਂ ਸਾਲਾਂ ਨੇ ਮੇਰੇ ਮਨ ਵਿੱਚੋਂ ਗ਼ਰੀਬੀ ਅਮੀਰੀ ਦਾ ਫ਼ਰਕ ਮਿਟਾ ਦਿੱਤਾ। ਉੱਥੇ ਮੇਰਾ ਨਾਂ ਬਲਬੀਰ ਸਿੰਘ ਹੀ ਸੀ। ਛੋਟਾ ਨਾਂ ਬੱਲਾ। ਮੇਰੀ ਦਾਦੀ ਵਾਲਾ ਨਾਂ ਗੁਲਜ਼ਾਰਾ ਸਿੰਘ ਤਾਂ ਸਕੂਲੀ ਕਾਗਜ਼ਾਂ ਤਕ ਹੀ ਸੀਮਿਤ ਰਿਹਾ। ਮੈਂ ਹੁਣ ਵੀ ਆਪਣੇ ਨਾਨਕੀਂ ਜਾਂਦਾ ਹਾਂ ਤਾਂ ਮੈਨੂੰ ਦੱਸਣਾ ਪੈਂਦਾ ਹੈ ਕਿ ਮੈਂ ਬੱਲਾ ਹਾਂ। ਪਹਿਲੇ ਵਿਸ਼ਵ ਯੁੱਧ ਦੀ ਮੈਨੂੰ ਕੋਈ ਸਾਰ ਨਹੀਂ, ਪਰ ਦੂਜੇ ਵਿਸ਼ਵ ਯੁੱਧ ਦੇ ਦੋ ਪ੍ਰਭਾਵ ਮੇਰੇ ਚੇਤੇ ਵਿੱਚ ਹਾਲ ਵੀ ਕਾਇਮ ਹਨ। ਪਹਿਲਾ ਇਹ ਹੈ ਕਿ ਇਸ ਦੀ ਆਮਦ ਨਾਲ ਸੂਤੀ ਕੱਪੜੇ ਦੀ ਥਾਂ ਮਸ਼ੀਨਾਂ ਦੇ ਬੁਣੇ ਕੱਪੜੇ ਲੈਣ ਲੱਗੇ ਤੇ ਸ਼ੱਕਰ ਦੀ ਥਾਂ ਖੰਡ ਨੇ ਲੈ ਲਈ। ਸ਼ੱਕਰ ਨੂੰ ਕੱਚਾ ਮਿੱਠਾ ਕਿਹਾ ਜਾਂਦਾ ਤੇ ਖੰਡ ਨੂੰ ਪੱਕਾ ਮਿੱਠਾ। ਸ਼ਾਇਦ ਦੀਵੇ ਦੀ ਥਾਂ ਲਾਲਟੈਣ ਵੀ ਉਦੋਂ ਹੀ ਆਈ। ਮਾੜੀ ਗੱਲ ਇਹ ਹੋਈ ਕਿ ਇਨ੍ਹਾਂ ਵਸਤਾਂ ਨੇ ਲੋਕ ਮਨਾਂ ਨੂੰ ਚੇਟਕ ਤਾਂ ਲਾ ਦਿੱਤੀ, ਪਰ ਇਹ ਮਾਰਕੀਟ ਵਿੱਚ ਬਿਲਕੁਲ ਨਹੀਂ ਸਨ ਆਈਆਂ। ਸਰਕਾਰ ਨੇ ਇਨ੍ਹਾਂ ਦੀ ਰਾਸ਼ਨਿੰਗ ਕਰ ਰੱਖੀ ਸੀ। ਸਰਕਾਰੀ ਸੋਮਿਆਂ ਤੋਂ ਮਿਲਣ ਵਾਲੇ ਕੱਪੜੇ ਨੂੰ ਦੋ ਨਾਂ ਦਿੱਤੇ ਹੋਏ ਸਨ। ਕੋਰਸ ਤੇ ਫਾਈਨ। ਫਾਈਨ ਕੱਪੜਾ ਗਿਣਤੀ-ਮਿਣਤੀ ਦਾ ਹੋਣ ਕਾਰਨ ਲੈਣ ਵਾਲੇ ਨੂੰ ਪਹਿਲਾਂ ਸੋਚਣਾ ਪੈਂਦਾ ਸੀ ਕਿ ਉਸ ਟੁਕੜੇ ਦਾ ਕੀ ਬਣੇਗਾ। ਪੱਕੇ ਮਿੱਠੇ ਦਾ ਵੀ ਇਹੀਓ ਹਾਲ ਸੀ, ਪਰ ਇਹ ਘੱਟ ਵੀ ਮਿਲਦਾ ਤਾਂ ਕੋਈ ਨਾਂਹ ਨਹੀਂ ਸੀ ਕਰਦਾ। ਸੁਆਣੀਆਂ ਇਸ ਨੂੰ ਸਾਂਭ ਕੇ ਰੱਖਦੀਆਂ ਅਤੇ ਉਦੋਂ ਵਰਤਦੀਆਂ ਜਦੋਂ ਕੋਈ ਖ਼ਾਸ ਪ੍ਰਾਹੁਣਾ ਆਉਂਦਾ ਸੀ।



ਦੂਜੇ ਪ੍ਰਭਾਵ ਦਾ ਸਬੰਧ ਜਬਰੀ ਭਰਤੀ ਨਾਲ ਹੈ। ਪੇਂਡੂ ਪੰਜਾਬੀ ਇਸ ਦਾ ਬੁਰਾ ਨਾ ਮਨਾਉਂਦੇ। ਯੁੱਧ ਵਿੱਚ ਫੱਟੜ ਹੋਣ ਵਾਲੇ ਜਾਂ ਸ਼ਹੀਦੀ ਪਾਉਣ ਵਾਲੇ ਲਈ ਸਰਕਾਰ ਕੋਲ ਹੋਰ ਪ੍ਰਾਜੈਕਟ ਸਨ। ਪੈਨਸ਼ਨ ਲੱਗਣੀ ਉਨ੍ਹਾਂ ਵਿੱਚੋਂ ਪ੍ਰਮੁੱਖ ਸੀ। ਉਹ ਲੜਾਈ 'ਤੇ ਜਾਂਦੇ ਸਮੇਂ ਨਿਰਾਸ਼ ਨਾ ਹੁੰਦੇ। ਮੈਂ ਉਨ੍ਹਾਂ ਦੀਆਂ ਜੀਪਾਂ ਤੇ ਗੱਡੀਆਂ ਨੂੰ ਖੰਨੇ ਕੋਲ ਜਰਨੈਲੀ ਸੜਕ ਤੋਂ ਲੰਘਦੀ ਦੇਖਦਾ ਸਾਂ। ਅਸੀਂ ਉਨ੍ਹਾਂ ਵਿੱਚ ਬੈਠੇ ਸਿਪਾਹੀਆਂ ਨੂੰ ਸਲੂਟ ਮਾਰਦੇ ਤਾਂ ਉਹ ਸਾਡੇ ਲਈ ਸੜਕ ਉੱਤੇ ਬਿਸਕੁਟਾਂ ਦੇ ਡੱਬੇ ਸੁੱਟ ਜਾਂਦੇ। ਹੋ ਸਕਦਾ ਹੈ ਕਿ ਅਸੀਂ ਉਨ੍ਹਾਂ ਨੂੰ ਉਨ੍ਹਾਂ ਦੇ ਪਿੱਛੇ ਰਹਿ ਗਏ ਬੱਚਿਆਂ ਵਰਗੇ ਜਾਪਦੇ ਹੋਈਏ। ਉਹ ਖ਼ੁਸ਼ ਹੁੰਦੇ। ਸੇਵਾਮੁਕਤੀ ਪਿੱਛੋਂ ਆਪਣੇ ਪਿੰਡ ਆਉਂਦੇ ਤਾਂ ਹੋਰਨਾਂ ਪੇਂਡੂਆਂ ਨਾਲੋਂ ਵੱਖਰਾ ਤੇ ਬਹੁਤੀ ਵਾਰੀ ਪੱਕੀਆਂ ਇੱਟਾਂ ਦਾ ਮਕਾਨ ਬਣਾਉਂਦੇ ਜਿਸ ਵਿੱਚ ਗੁਸਲਖਾਨੇ ਤੇ ਪਖਾਨੇ ਦਾ ਪ੍ਰਬੰਧ ਹੁੰਦਾ। ਜੇ ਕਿਸੇ ਸੈਨਿਕ ਦਾ ਖੇਤ ਪਿੰਡ ਤੋਂ ਦੂਰ ਨਾ ਹੁੰਦਾ ਤਾਂ ਉਹ ਖੇਤ ਵਿੱਚ ਰਹਿਣ ਲਈ ਉਸਾਰੇ ਮਕਾਨ ਦੇ ਨਾਲ ਨਲਕਾ ਵੀ ਲਵਾ ਲੈਂਦਾ। ਉਨ੍ਹਾਂ ਨੇ ਪੇਂਡੂ ਜੀਵਨ ਵਿੱਚ ਗੌਲਣਯੋਗ ਬਦਲਾਅ ਲਿਆਂਦਾ। ਇਹ ਬਦਲਾਅ ਇਸ ਪੰਜਾਬੀ ਟੱਪੇ ਦੀ ਆਤਮਾ ਵਿੱਚ ਦਰਜ ਹੈ:

ਕੇਹੇ ਚੰਦਰੇ ਲੁਆ ਲਏ ਨਲਕੇ
ਖੂਹ ਟੋਭੇ ਮਿਲਣੋਂ ਗਈ।

ਭਾਵ ਇਹ ਹੈ ਕਿ ਪਿੰਡਾਂ ਦੇ ਲੋਕ ਆਤਮ-ਨਿਰਭਰ ਤੇ ਸਵੈ-ਸੰਤੁਸ਼ਟ ਹੋ ਗਏ ਸਨ।

## ਸੰਪਾਦਕੀ

# ਨਿੱਜੀ ਯੂਨੀਵਰਸਿਟੀਆਂ ਆਪਣੇ ਵਿੱਤੀ ਸਾਧਨ ਤੇ ਕਮਾਈ, ਪ੍ਰਬੰਧ ਤੇ ਵਰਤੋਂ ਦਾ ਹਿਸਾਬ ਦੇਣ

ਦੇਸ਼ ਦੀ ਉੱਚ ਅਦਾਲਤ ਨੇ ਸੁਪਰੀਮ ਕੋਰਟ ਵੱਲੋਂ ਦੇਸ਼ ਭਰ ਦੀਆਂ ਨਿੱਜੀ ਯੂਨੀਵਰਸਿਟੀਆਂ ਨੂੰ ਇਹ ਹੁਕਮ ਦੇਣਾ ਬਹੁਤ ਹੀ ਸ਼ਲਾਘਾਯੋਗ ਕਦਮ ਹੈ ਕਿ ਉਹ ਆਪਣੇ ਵਿੱਤੀ ਸਾਧਨ ਤੇ ਕਮਾਈ, ਪ੍ਰਬੰਧ ਤੇ ਵਰਤੋਂ ਦਾ ਹਿਸਾਬ ਦੇਣ। ਇਹ ਹੁਕਮ ਸਿਰਫ਼ ਆਮ ਆਮਦਨ-ਖਰਚੇ ਦੇ ਆਡਿਟ ਤੱਕ ਹੀ ਸੀਮਿਤ ਨਹੀਂ ਸਗੋਂ ਇਸ ਦਾ ਮੁੱਖ ਮਕਸਦ ਇਹ ਦੇਖਣਾ ਹੈ ਕਿ ਇਹ ਸੰਸਥਾਵਾਂ ਵਿਦਿਆਰਥੀਆਂ ਨਾਲ ਜੋ ਵਾਅਦੇ ਕਰਦੀਆਂ ਹਨ, ਜ਼ਮੀਨੀ ਪੱਧਰ 'ਤੇ ਉਨ੍ਹਾਂ ਨੂੰ ਕਿੰਨਾ ਕੁ ਨਿਭਾਅ ਰਹੀਆਂ ਹਨ। ਸਮੇਂ ਦੀ ਸਭ ਤੋਂ ਵੱਡੀ ਲੋੜ ਇਹ ਹੈ ਕਿ ਸਿੱਖਿਆ ਦੇ ਖੇਤਰ ਵਿੱਚ ਅਸਲੀ ਹਾਲਾਤ ਦੀ ਪੜਚੋਲ ਕੀਤੀ ਜਾਵੇ। ਲੋਕਾਂ ਵਿੱਚ ਆਮ ਤੌਰ 'ਤੇ ਇਹ ਧਾਰਨਾ ਬਣ ਚੁੱਕੀ ਹੈ (ਅਤੇ ਇਸ ਦੇ ਠੋਸ ਕਾਰਨ ਵੀ ਹਨ) ਕਿ ਸਿੱਖਿਆ ਦਾ ਖੇਤਰ ਹੁਣ ਮਹਿਜ਼ ਵਪਾਰ ਅਤੇ ਰੀਅਲ ਅਸਟੇਟ ਦਾ ਮਾਡਲ ਬਣ ਕੇ ਰਹਿ ਗਿਆ ਹੈ। ਅੱਜਕੱਲ੍ਹ ਸਭ ਕੁਝ ਇਸੇ ਗੱਲ 'ਤੇ ਨਿਰਭਰ ਕਰਦਾ ਹੈ ਕਿ ਸੰਸਥਾ ਵਿੱਚ ਕਿੰਨੇ ਵੱਧ ਤੋਂ ਵੱਧ ਵਿਦਿਆਰਥੀ ਦਾਖਲ ਹੁੰਦੇ ਹਨ ਅਤੇ ਤਰ੍ਹਾਂ-ਤਰ੍ਹਾਂ ਦੀਆਂ ਫ਼ੀਸਾਂ ਵਸੂਲ ਕੇ ਸੰਸਥਾ ਨੂੰ ਕਿਵੇਂ ਮੋਟਾ ਮੁਨਾਫ਼ਾ ਮਿਲ ਰਿਹਾ ਹੈ। ਅਦਾਲਤ ਦੀ ਇਹ ਟਿੱਪਣੀ ਬਿਲਕੁਲ ਸਹੀ ਨਿਸ਼ਾਨੇ 'ਤੇ ਹੈ ਕਿ ਨਿੱਜੀ ਯੂਨੀਵਰਸਿਟੀਆਂ ਦਾ ਮੁੱਖ ਮਕਸਦ ਸਿੱਖਿਆ ਦੇ ਵੱਡੇ ਲੋਕ-ਭਲਾਈ ਦੇ ਟੀਚੇ ਨੂੰ ਪੂਰਾ ਕਰਨਾ ਹੋਣਾ ਚਾਹੀਦਾ ਹੈ, ਨਾ ਕਿ ਮੁਨਾਫ਼ਾ ਕਮਾਉਣਾ। ਵਿਦਿਆਰਥੀਆਂ ਦੀ ਕਿਸੇ ਵੀ ਕਿਸਮ ਦੀ ਲੁੱਟ-ਖਸੁੱਟ ਜਾਂ ਸ਼ੋਸ਼ਣ ਨੂੰ ਰੋਕਣ ਲਈ ਸਖ਼ਤ ਕਾਨੂੰਨੀ ਨਿਗਰਾਨੀ ਹੋਣੀ ਬਹੁਤ ਜ਼ਰੂਰੀ ਹੈ। ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਦੇਸ਼ ਦੀ ਨੌਜਵਾਨ ਆਬਾਦੀ ਨੂੰ ਦੇਖਦਿਆਂ ਉੱਚ ਸਿੱਖਿਆ ਦੀ ਵਧ ਰਹੀ ਮੰਗ ਨੂੰ ਪੂਰਾ ਕਰਨ ਲਈ ਹੀ ਨਿੱਜੀ ਯੂਨੀਵਰਸਿਟੀਆਂ ਦਾ ਪਸਾਰ ਹੋਇਆ ਹੈ। ਇਹ ਇਸ ਗੱਲ ਵੱਲ ਵੀ ਇਸ਼ਾਰਾ ਕਰਦਾ ਹੈ ਕਿ ਫੰਡਾਂ ਦੀ ਘਾਟ ਨਾਲ ਜੂਝ ਰਹੇ ਸਰਕਾਰੀ ਅਦਾਰੇ ਵੱਡੀ ਗਿਣਤੀ ਵਿੱਚ ਵਿਦਿਆਰਥੀਆਂ ਨੂੰ ਦਾਖ਼ਲਾ ਦੇਣ ਵਿੱਚ ਅਸਮਰੱਥ ਹਨ ਪਰ ਦੂਜੇ ਪਾਸੇ, ਸਖ਼ਤ ਮੁਕਾਬਲੇ ਵਾਲੇ ਇਸ ਨਿੱਜੀ ਖੇਤਰ ਨੇ ਪਿਛਲੇ ਕੁਝ ਸਾਲਾਂ ਵਿੱਚ ਸੋਹਣੀ ਪੈਕਿੰਗ ਵਿੱਚ ਲਪੇਟੇ ਹੋਏ ਅੱਧ-ਪਚੱਧੇ ਸੱਚ ਦਾ ਸਹਾਰਾ ਲਿਆ ਹੈ। ਪ੍ਰਭਾਵਸ਼ਾਲੀ ਅਕਾਦਮਿਕ ਖੋਜ ਵੱਲ ਬਹੁਤ ਘੱਟ ਧਿਆਨ ਦਿੱਤਾ ਜਾਂਦਾ ਹੈ ਅਤੇ ਅਕਸਰ ਕੈਂਪਸ ਵਿੱਚ ਮੌਜੂਦ ਸਹੂਲਤਾਂ ਤੇ ਪਲੇਸਮੈਂਟ ਦੇ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕੀਤਾ ਜਾਂਦਾ ਹੈ। ਜੇਕਰ ਅਧਿਆਪਕਾਂ ਦੀ ਯੋਗਤਾ ਨਾ ਵਧਾਉਣਾ ਇੱਕ ਵੱਡੀ ਸਮੱਸਿਆ ਹੈ ਤਾਂ ਉਸ ਤੋਂ ਵੀ ਵੱਧ ਚਿੰਤਾ ਵਾਲੀ ਗੱਲ ਇਹ ਹੈ ਕਿ ਇਹ ਸੰਸਥਾਵਾਂ ਘੱਟ ਯੋਗਤਾ ਅਤੇ ਲੋੜ ਨਾਲੋਂ ਵੱਧ ਕੰਮ ਕਰਨ ਵਾਲੇ ਸਟਾਫ ਦੇ ਆਸਰੇ ਚੱਲ ਰਹੀਆਂ ਹਨ। ਆਖ਼ਰਕਾਰ, ਇਸ ਸਭ ਦਾ ਖ਼ਮਿਆਜ਼ਾ ਵਿਦਿਆਰਥੀਆਂ ਨੂੰ ਹੀ ਭੁਗਤਣਾ ਪੈਂਦਾ ਹੈ ਕਿਉਂਕਿ ਉਨ੍ਹਾਂ ਦੇ ਹਿੱਤਾਂ ਨਾਲ ਸਮਝੌਤਾ ਕੀਤਾ ਜਾਂਦਾ ਹੈ।

ਨਿੱਜੀ ਯੂਨੀਵਰਸਿਟੀਆਂ ਲਈ ਫੀਸਾਂ ਦੇ ਢਾਂਚੇ, ਮੁਲਾਜ਼ਮਾਂ ਦੀਆਂ ਤਨਖ਼ਾਹਾਂ, ਖ਼ਰਚਿਆਂ, ਸਰਕਾਰਾਂ ਵੱਲੋਂ ਮਿਲਦੀਆਂ ਰਿਆਇਤਾਂ ਜਾਂ ਭਰਤੀ ਅਤੇ ਪੜ੍ਹਾਈ ਦੇ ਮਿਆਰਾਂ ਬਾਰੇ ਜਾਣਕਾਰੀ ਦੇਣੀ ਕੋਈ ਔਖਾ ਕੰਮ ਨਹੀਂ ਹੋਵੇਗਾ। ਕਾਗ਼ਜ਼ੀ ਕਾਰਵਾਈ ਪੂਰੀ ਕਰਨ ਵਿੱਚ ਉਹ ਪਹਿਲਾਂ ਹੀ ਮਾਹਿਰ ਹਨ। ਅਸਲ ਚੁਣੌਤੀ ਤਾਂ ਇਸ ਦੀ ਸਖ਼ਤ ਪੜਤਾਲ ਕਰਨ ਦੀ ਹੋਵੇਗੀ, ਖ਼ਾਸਕਰ ਅਜਿਹੇ ਮਾਹੌਲ ਵਿੱਚ ਜਿੱਥੇ ਲੰਮੇ ਸਮੇਂ ਤੋਂ ਅਸੂਲਾਂ ਅਤੇ ਨੇਮਾਂ ਨੂੰ ਛਿੱਕੇ ਟੰਗਿਆ ਜਾਂਦਾ ਰਿਹਾ ਹੈ। ਜ਼ਿੰਮੇਵਾਰੀ ਅਤੇ ਜਵਾਬਦੇਹੀ ਤੈਅ ਕਰਨਾ ਹੀ ਇਸ ਸਭ ਦਾ ਅੰਤਿਮ ਟੀਚਾ ਹੋਣਾ ਚਾਹੀਦਾ ਹੈ।

# ਜ਼ਿਲ੍ਹਾ ਤਰਨ ਤਾਰਨ ਵਿਖੇ 5 ਅਕਤੂਬਰ ਤੱਕ ਹੋਣਗੀਆਂ ਜ਼ਿਲ੍ਹਾ ਪੱਧਰੀ ਖੇਡਾਂ :ਸਤਵੰਤ ਕੌਰ



**ਤਰਨ ਤਾਰਨ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਅਤੇ ਖੇਡ ਵਿਭਾਗ ਵੱਲੋਂ ਜ਼ਿਲ੍ਹਾ ਤਰਨ ਤਾਰਨ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ 2026' ਤਹਿਤ ਜ਼ਿਲ੍ਹਾ ਪੱਧਰੀ ਖੇਡਾਂ (ਲੜਕੇ-ਲੜਕੀਆਂ) ਵੱਖ-ਵੱਖ ਉਮਰ ਵਰਗਾਂ ਤੇ ਵੱਖੋ-ਵੱਖਰੇ ਭਾਰ ਗਰੁੱਪਾਂ ਵਿੱਚ ਕਰਵਾਈਆਂ ਜਾ ਰਹੀਆਂ ਹਨ। ਜ਼ਿਲ੍ਹਾ ਤਰਨ ਤਰਨ ਵਿਖੇ ਜ਼ਿਲ੍ਹਾ ਪੱਧਰੀ ਖੇਡਾਂ 5 ਅਕਤੂਬਰ ਤੱਕ ਕਰਵਾਈਆਂ ਜਾ ਰਹੀਆਂ ਹਨ। ਇਹ ਜਾਣਕਾਰੀ ਦਿੰਦਿਆਂ ਜ਼ਿਲ੍ਹਾ ਖੇਡ ਅਫ਼ਸਰ ਸਤਵੰਤ ਕੌਰ ਨੇ ਦੱਸਿਆ ਕਿ ਜ਼ਿਲ੍ਹਾ ਪੱਧਰੀ ਖੇਡਾਂ ਵਿੱਚ ਵੱਖ-ਵੱਖ ਉਮਰ ਵਰਗ (ਅੰਡਰ-14, ਅੰਡਰ-17, ਅੰਡਰ-21, 21 ਤੋ 30, 31 ਤੋਂ 40, 41 ਤੋ 50, 51 ਤੋਂ 60, 61 ਤੋਂ 70 ਅਤੇ 70 ਤੋਂ ਉੱਪਰ) ਵਿੱਚ ਆਯੋਜਿਤ ਕਰਵਾਈਆਂ ਜਾਣੀਆਂ ਹਨ।

ਸਿਲਾ ਪੱਧਰੀ ਖੇਡਾਂ ਦਾ ਸ਼ਡਿਊਲ ਜਾਰੀ ਕਰਦਿਆਂ ਜ਼ਿਲ੍ਹਾ ਖੇਡ ਅਫ਼ਸਰ ਨੇ ਦੱਸਿਆ ਕਿ ਦੱਸਿਆ ਕਿ ਜ਼ਿਲ੍ਹਾ ਤਰਨਤਾਨ ਵਿਖੇ ਰੋਲਰ ਸਕੇਟਿੰਗ ਸ੍ਰੀ ਗੁਰੂ ਨਾਨਕ ਦੇਵ ਅਕੈਡਮੀ ਤਰਨ ਤਾਰਨ ਐਥਲੈਟਿਕਸ ਸ੍ਰੀ ਗੁਰੂ ਅਰਜਨ ਦੇਵ ਸਟੇਡੀਅਮ ਤਰਨ ਤਾਰਨ ਵਿਖੇ ਲੜਕੀਆਂ ਤੇ 29-09-26 ਨੂੰ ਲੜਕੇ, ਟੈਨਿਸ ਬਾਲ ਕ੍ਰਿਕਟ ਪੁਲਿਸ ਲਾਈਨ ਤਰਨ ਤਾਰਨ ਵਿਖੇ ਮਿਤੀ 28-09-26 ਤੋ 29-09-26 ਤੱਕ, ਬੈਡਮਿੰਟਨ ਮਲਟੀਪਰਪਜ ਇੰਡੋਰ ਹਾਲ ਤਰਨ ਤਾਰਨ ਵਿਖੇ ਮਿਤੀ 28-09-26 ਨੂੰ ਲੜਕੀਆਂ ਤੇ 01-10-26 ਨੂੰ ਲੜਕੇ, ਖੋ-ਖੋ ਪੁਲਿਸ ਲਾਈਨ ਤਰਨ ਤਾਰਨ ਵਿਖੇ ਮਿਤੀ 30-09-26 ਤੋਂ 01-10-26 ਤੱਕ, ਸ਼ੂਟਿੰਗ ਸ਼ਹੀਦ ਬਾਬਾ ਦੀਪ ਸਿੰਘ ਸ਼ੂਟਿੰਗ ਰੇਂਜ ਪਹੂਵਿੰਡ ਸਾਹਿਬ ਵਿਖੇ ਮਿਤੀ 01-10-26 ਤੋਂ 02-10-26 ਤੱਕ, ਵਾਲੀਬਾਲ ਸਮੈਸਿੰਗ ਪੁਲਿਸ ਲਾਈਨ ਤਰਨ ਤਾਰਨ ਵਿਖੇ ਮਿਤੀ 01-10-26 ਤੋਂ 03-10-26 ਤੱਕ , ਗਤਕਾ ਸ੍ਰੀ ਗੁਰੂ ਅਰਜਨ ਦੇਵ ਸਟੇਡੀਅਮ ਤਰਨ ਤਾਰਨ ਵਿਖੇ ਮਿਤੀ 02-10-26 ਲੜਕੇ ਅਤੇ 03-10-26 ਲੜਕੀਆਂ,ਫੁੱਟਬਾਲ ਪੁਲਿਸ ਲਾਈਨ ਤਰਨ ਤਾਰਨ ਵਿਖੇ ਮਿਤੀ 02-10-26 ਤੋਂ 04-10-26 ਤੱਕ , ਕਬੱਡੀ ਸਰਕਲ ਸਟਾਈਲ ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਤਰਨਤਰਨ ਵਿਖੇ ਮਿਤੀ 02-10-26 ਲੜਕੇ ਤੇ 03-10-26 ਨੂੰ ਲੜਕੀਆਂ, ਕੁਸ਼ਤੀ ਮਲਟੀਪਰਪਜ ਇੰਡੋਰ ਹਾਲ ਤਰਨ ਤਾਰਨ ਵਿਖੇ ਮਿਤੀ 03-10-26 ਲੜਕੇ ਤੇ 04-10-26 ਲੜਕੀਆਂ, ਕਬੱਡੀ ਨੈਸ਼ਨਲ ਸਟਾਈਲ ਸ੍ਰੀ ਗੁਰੂ ਅਰਜਨ ਦੇਵ ਖੇਡ ਸਟੇਡੀਅਮ ਤਰਨ ਤਾਰਨ ਵਿਖੇ ਮਿਤੀ 04-10-26 ਨੂੰ ਲੜਕੇ ਤੇ 05-10-26 ਨੂੰ ਲੜਕੀਆਂ ਆਦਿ ਖੇਡਾਂ ਆਯੋਜਿਤ ਕਰਵਾਈਆਂ ਜਾਣੀਆਂ ਹਨ।

ਉਨ੍ਹਾਂ ਕਿਹਾ ਕਿ ਭਾਗ ਲੈਣ ਵਾਲੇ ਖਿਡਾਰੀ ਦੱਸੇ ਹੋਏ ਸਥਾਨਾ 'ਤੇ ਸਵੇਰੇ 8 ਵਜੇ ਰਿਪੋਰਟ ਕਰਨਗੇ। ਉਨ੍ਹਾਂ ਇਹ ਵੀ ਕਿਹਾ ਕਿ ਜ਼ਿਲ੍ਹਾ ਪੱਧਰੀ ਖੇਡਾਂ ਦੇ ਨਿਯਮ ਅਨੁਸਾਰ ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ।

ਉਨ੍ਹਾਂ ਇਹ ਕਿਹਾ ਕਿ ਟੀਮ ਈਵੈਂਟਸ ਵਿੱਚ ਘੱਟੋ- ਘੱਟ 10 ਟੀਮਾਂ ਅਤੇ ਸਿੰਗਲ ਈਵੈਂਟਸ ਵਿੱਚ ਘੱਟੋ-ਘੱਟ 7 ਵਿਅਕਤੀਆਂ ਦਾ ਹੋਣਾ ਲਾਜ਼ਮੀ ਹੈ।

# ਪਟਿਆਲਾ ਵਿਖੇ ਜਨਗਣਨਾ-2027 ਦੇ ਦੂਜੇ ਪੜਾਅ ਲਈ ਫੀਲਡ ਟ੍ਰੇਨਰਾਂ ਦੇ ਪਹਿਲੇ ਬੈਚ ਦੀ ਟ੍ਰੇਨਿੰਗ ਸਫ਼ਲਤਾਪੂਰਵਕ ਮੁਕੰਮਲ



**ਪਟਿਆਲਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਪਟਿਆਲਾ ਵਿਖੇ ਜਨਗਣਨਾ-2027 ਦੇ ਦੂਜੇ ਪੜਾਅ (ਆਬਾਦੀ ਗਣਨਾ) ਨੂੰ ਸੁਚਾਰੂ ਢੰਗ ਨਾਲ ਨੇਪਰੇ ਚਾੜ੍ਹਨ ਲਈ ਫੀਲਡ ਟ੍ਰੇਨਰਾਂ ਦੇ ਪਹਿਲੇ ਬੈਚ ਦੀ 3 ਦਿਨਾਂ ਟ੍ਰੇਨਿੰਗ ਵਰਕਸ਼ਾਪ ਅੱਜ ਸਫ਼ਲਤਾਪੂਰਵਕ ਮੁਕੰਮਲ ਹੋ ਗਈ ਹੈ। ਇਹ ਸਿਖਲਾਈ ਡਿਪਟੀ ਕਮਿਸ਼ਨਰ-ਕਮ-ਪ੍ਰਿੰਸੀਪਲ ਸੈਂਸੰਜ ਅਫ਼ਸਰ, ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਤੇ ਕਮਿਸ਼ਨਰ ਨਗਰ ਨਿਗਮ, ਪੂਜਾ ਸਿਆਲ ਗਰੇਵਾਲ ਦੀ ਅਗਵਾਈ ਹੇਠ ਦਫ਼ਤਰ ਨਗਰ ਨਿਗਮ ਵਿਖੇ ਕਰਵਾਈ ਗਈ।

ਜ਼ਿਲ੍ਹਾ ਪਟਿਆਲਾ ਦੇ ਸੈਂਸਜ ਨੋਡਲ ਅਫ਼ਸਰ ਵਧੀਕ ਡਿਪਟੀ ਕਮਿਸ਼ਨਰ (ਪੇਂਡੂ ਵਿਕਾਸ)-ਕਮ-ਜ਼ਿਲ੍ਹਾ ਸੈਂਸਜ ਅਫਸਰ ਦਮਨਜੀਤ ਸਿੰਘ ਮਾਨ ਨੇ ਦੱਸਿਆ ਕਿ ਸੈਂਸਜ ਵਿਭਾਗ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਜ਼ਿਲ੍ਹਾ ਪਟਿਆਲਾ ਵਿੱਚ ਕੁੱਲ 72 ਫੀਲਡ ਟ੍ਰੇਨਰ ਨਿਯੁਕਤ ਕੀਤੇ ਗਏ ਹਨ, ਜਿਨ੍ਹਾਂ ਵਿੱਚੋਂ 58 ਫੀਲਡ ਟ੍ਰੇਨਰ ਡਿਪਟੀ ਕਮਿਸਨਰ ਵੱਲੋਂ ਅਤੇ 14 ਫੀਲਡ ਟ੍ਰੇਨਰ ਕਮਿਸ਼ਨਰ ਨਗਰ ਨਿਗਮ ਵੱਲੋਂ ਤਾਇਨਾਤ ਕੀਤੇ ਗਏ ਹਨ। ਟ੍ਰੇਨਿੰਗ ਨੂੰ ਸੁਚਾਰੂ ਰੂਪ ਵਿੱਚ ਚਲਾਉਣ ਲਈ ਫੀਲਡ ਟ੍ਰੇਨਰਾਂ ਨੂੰ 36-36 ਦੇ ਦੋ ਬੈਚਾਂ ਵਿੱਚ ਵੰਡਿਆ ਗਿਆ ਹੈ, ਜਿਸ ਵਿੱਚੋ ਪਹਿਲੇ ਬੈਚ ਦੀ 3-ਦਿਨਾਂ ਟ੍ਰੇਨਿੰਗ ਅੱਜ (22 ਸਤੰਬਰ ਤੋਂ 24 ਸਤੰਬਰ) ਸਫਲਤਾਪੂਰਵਕ ਸਮਾਪਤ ਹੋ ਗਈ ਹੈ, ਜਦਕਿ ਦੂਜੇ ਬੈਚ ਦੀ ਸਿਖਲਾਈ ਮਿਤੀ 28 ਸਤੰਬਰ ਤੋਂ 30 ਸਤੰਬਰ 2026 ਤੱਕ ਦਿੱਤੀ ਜਾਵੇਗੀ।

ਇਸ ਵਰਕਸ਼ਾਪ ਦੌਰਾਨ ਜਨਗਣਨਾ ਵਿਭਾਗ ਦੇ ਮਾਸਟਰ ਟ੍ਰੇਨਰਾਂ, ਨਿਸ਼ੂ ਸ਼ਰਮਾ (ਸੀਨੀਅਰ ਸਿਸਟਮ ਐਨਾਲਿਸਟ, ਪੰਜਾਬੀ ਯੂਨੀਵਰਸਿਟੀ), ਦੌਲਤ ਰਾਮ (ਲੈਕਚਰਾਰ, ਪੀ.ਐਮ. ਸ਼੍ਰੀ ਸਰਕਾਰੀ ਸੀਨੀ. ਸੈਕੰ. ਸਕੂਲ, ਘਨੌਰ) ਅਤੇ ਅਮਨ ਕੁਮਾਰ (ਜ਼ਿਲ੍ਹਾ ਕੁਆਡੀਨੇਟਰ, ਸੈਂਸਜ ਓਪਰੇਸ਼ਨ ਵਿਭਾਗ ਪੰਜਾਬ, ਚੰਡੀਗੜ੍ਹ) ਵੱਲੋਂ ਫੀਲਡ ਟ੍ਰੇਨਰਾਂ ਨੂੰ ਆਬਾਦੀ ਗਣਨਾ ਨਾਲ ਸਬੰਧਤ ਮਹੱਤਵਪੂਰਨ ਵਿਸ਼ਿਆਂ, ਪ੍ਰੈਕਟੀਕਲ ਡੈਮੋ ਅਤੇ ਫੀਲਡ ਵਿੱਚ ਟੀਮਾਂ ਬਣਾ ਕੇ ਵਿਸਥਾਰਪੂਰਵਕ ਅਭਿਆਸ ਕਰਵਾਇਆ ਗਿਆ। ਇਹ ਫੀਲਡ ਟ੍ਰੇਨਰ ਹੁਣ ਅੱਗੇ ਤਹਿਸੀਲ ਅਤੇ ਚਾਰਜ ਪੱਧਰ 'ਤੇ ਸੁਪਰਵਾਈਜ਼ਰਾਂ ਅਤੇ ਗਿਣਤੀਕਾਰਾਂ (ਇਨੁਮੀਰੇਟਰਾਂ) ਨੂੰ ਸਿਖਲਾਈ ਦੇਣਗੇ।

ਮਾਸਟਰ ਟ੍ਰੇਨਰਾਂ ਨੇ ਦੱਸਿਆ ਕਿ ਇਸ ਵਾਰ ਜਨਗਣਨਾ ਵਿੱਚ 'ਸੈਲਫ ਇਨੁਮੀਰੇਸ਼ਨ' (ਸਵੈ-ਗਣਨਾ) ਦੀ ਇੱਕ ਨਵੀਂ ਪਹਿਲ ਕੀਤੀ ਗਈ ਹੈ। ਇਸ ਤਹਿਤ ਕੋਈ ਵੀ ਨਾਗਰਿਕ 16 ਨਵੰਬਰ 2026 ਤੋਂ 30 ਨਵੰਬਰ 2026 ਤੱਕ ਆਨਲਾਈਨ ਮਾਧਿਅਮ ਰਾਹੀਂ ਆਪਣੇ ਪਰਿਵਾਰ ਦੀ ਗਿਣਤੀ ਖੁਦ ਕਰ ਸਕਦਾ ਹੈ।

ਇਸ ਤੋਂ ਬਾਅਦ, ਜਨਗਣਨਾ ਦਾ ਦੂਜਾ ਮੁੱਖ ਫੇਸ 01 ਦਸੰਬਰ 2026 ਤੋਂ 04 ਜਨਵਰੀ 2027 ਤੱਕ ਚੱਲੇਗਾ, ਜਿਸ ਵਿੱਚ ਸਰਕਾਰੀ ਗਿਣਤੀਕਾਰ (ਇਨੁਮੀਰੇਟਰ) ਲੋਕਾਂ ਦੇ ਘਰ-ਘਰ ਜਾ ਕੇ ਆਬਾਦੀ ਦੀ ਗਣਨਾ ਦਾ ਕੰਮ ਮੁਕੰਮਲ ਕਰਨਗੇ। ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਸਮੂਹ ਨਾਗਰਿਕਾਂ ਨੂੰ ਇਸ ਰਾਸ਼ਟਰੀ ਕਾਰਜ ਵਿੱਚ ਪੂਰਨ ਸਹਿਯੋਗ ਦੇਣ ਦੀ ਅਪੀਲ ਕੀਤੀ ਗਈ ਹੈ। ਇਸ ਵਰਕਸ਼ਾਪ ਵਿੱਚ ਉਪ ਅਰਥ ਅਤੇ ਅੰਕੜਾ ਸਲਾਹਕਾਰ ਜਸਵਿੰਦਰ ਕੌਰ, ਸੁਪਰਡੰਟ ਵਿਸ਼ਾਲ ਸਿਆਲ, ਸੈਂਸਸ ਸੈੱਲ ਟੀਮ ਕਲਰਕ (ਲੇਖਾ) ਨਰਿੰਦਰ ਕੁਮਾਰ, ਇੰਵੈਸਟੀਗੇਟਰ ਬਿਕਰਮਜੀਤ ਸਿੰਘ, ਕੁਲਇੰਦਰਜੀਤ ਸਿੰਘ ਤੇ ਹੇਮੰਤ ਕੁਮਾਰ ਸਮੇਤ ਸਮੂਹ ਫੀਲਡ ਟ੍ਰੇਨਰਾਂ ਨੇ ਭਾਗ ਲਿਆ।

# ਐਸ.ਡੀ.ਐਮ ਪੱਟੀ ਵੱਲੋਂ ਸੁਚੱਜੇ ਪਰਾਲੀ ਪ੍ਰਬੰਧਨ ਸਬੰਧੀ ਸਮੀਖਿਆ ਮੀਟਿੰਗ



**ਪੱਟੀ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਉੱਪ ਮੰਡਲ ਮੈਜਿਸਟ੍ਰੇਟ ਪੱਟੀ ਅਮਨਦੀਪ ਦੀ ਅਗਵਾਈ ਹੇਠ ਝੋਨੇ ਦੀ ਪਰਾਲੀ ਦੇ ਸੁਚੱਜੇ ਪ੍ਰਬੰਧਨ ਅਤੇ ਇਸ ਨੂੰ ਅੱਗ ਨਾ ਲਗਾਉਣ ਸਬੰਧੀ ਸਮੀਖਿਆ ਮੀਟਿੰਗ ਕੀਤੀ ਗਈ। ਮੀਟਿੰਗ ਵਿੱਚ ਸਬ-ਡਵੀਜ਼ਨ ਪੱਟੀ ਦੇ ਸਮੂਹ ਕਲੱਸਟਰ ਅਫ਼ਸਰਾਂ ਨੇ ਭਾਗ ਲਿਆ।

ਮੀਟਿੰਗ ਨੂੰ ਸੰਬੋਧਨ ਕਰਦਿਆਂ ਐਸ.ਡੀ.ਐਮ ਅਮਨਦੀਪ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਵਾਤਾਵਰਨ ਪ੍ਰਦੂਸ਼ਿਤ ਹੋਣ ਦੇ ਨਾਲ-ਨਾਲ ਮਿੱਟੀ ਦੀ ਉਪਜਾਊ ਸ਼ਕਤੀ ਅਤੇ ਮਨੁੱਖੀ ਸਿਹਤ 'ਤੇ ਵੀ ਮਾੜਾ ਪ੍ਰਭਾਵ ਪੈਂਦਾ ਹੈ। ਉਨ੍ਹਾਂ ਕਿਹਾ ਕਿ ਕਿਸਾਨਾਂ ਨੂੰ ਆਧੁਨਿਕ, ਵਿਗਿਆਨਕ ਅਤੇ ਵਾਤਾਵਰਨ ਪੱਖੀ ਤਰੀਕਿਆਂ ਰਾਹੀਂ ਪਰਾਲੀ ਪ੍ਰਬੰਧਨ ਲਈ ਪ੍ਰੇਰਿਤ ਕੀਤਾ ਜਾਵੇ।ਐਸ.ਡੀ.ਐਮ ਵੱਲੋਂ ਕਲੱਸਟਰ ਅਫ਼ਸਰਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਕਿਸਾਨਾਂ ਨਾਲ ਲਗਾਤਾਰ ਸੰਪਰਕ ਬਣਾਈ ਰੱਖਣ ਅਤੇ ਪਰਾਲੀ ਪ੍ਰਬੰਧਨ ਸਬੰਧੀ ਉਨ੍ਹਾਂ ਨੂੰ ਲੋੜੀਂਦੀ ਜਾਣਕਾਰੀ ਦੇਣ ਦੇ ਨਿਰਦੇਸ਼ ਦਿੱਤੇ ਗਏ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਉਪਲਬੱਧ ਮਸ਼ੀਨਰੀ ਦੀ ਵਰਤੋਂ ਨੂੰ ਉਤਸ਼ਾਹਿਤ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਪਰਾਲੀ ਖੇਤ ਵਿੱਚ ਹੀ ਸੰਭਾਲਣ ਅਤੇ ਇਸ ਨੂੰ ਅੱਗ ਨਾ ਲਗਾਉਣ ਸਬੰਧੀ ਜਾਗਰੂਕ ਕੀਤਾ ਜਾਵੇ।

ਉਨ੍ਹਾਂ ਨੇ ਪਰਾਲੀ ਪ੍ਰਬੰਧਨ ਨਾਲ ਸਬੰਧਤ ਗਤੀਵਿਧੀਆਂ ਦੀ ਨਿਯਮਿਤ ਨਿਗਰਾਨੀ ਕਰਨ ਅਤੇ ਪ੍ਰਸ਼ਾਸਨ ਨਾਲ ਤਾਲਮੇਲ ਕਰਕੇ ਪਰਾਲੀ ਪ੍ਰਬੰਧਨ ਮੁਹਿੰਮ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨ ਲਈ ਵੀ ਕਿਹਾ। ਸਮੂਹ ਅਧਿਕਾਰੀਆਂ ਨੇ ਪਰਾਲੀ ਪ੍ਰਬੰਧਨ ਮੁਹਿੰਮ ਨੂੰ ਸਫਲ ਬਣਾਉਣ ਲਈ ਹਰ ਸੰਭਵ ਸਹਿਯੋਗ ਦੇਣ ਦਾ ਭਰੋਸਾ ਦਿੱਤਾ।

ਇਸ ਮੌਕੇ ਤਹਿਸੀਲਦਾਰ ਬਲਵਿੰਦਰ ਸ਼ਰਮਾ, ਰਵਿੰਦਰ ਸਿੰਘ ਬੀ.ਡੀ.ਪੀ.ਓ, ਗੁਰਪ੍ਰੀਤ ਸਿੰਘ ਬੀ.ਡੀ.ਪੀ.ਓ ਚੋਹਲਾ ਸਾਹਿਬ , ਡਾ. ਭੁਪਿੰਦਰ ਸਿੰਘ ਏ.ਓ, ਡਾ. ਅਮਰਦੀਪ ਸਿੰਘ ਏ.ਓ, ਡਾ. ਰਮਨਦੀਪ ਸਿੰਘ ਏ.ਡੀ.ਓ. ਸੁਖਵਿੰਦਰ ਸਿੰਘ ਸਟੈਨੋ ਅਤੇ ਖੇਤੀਬਾੜੀ ਵਿਭਾਗ ਦੇ ਹੋਰ ਅਧਿਕਾਰੀ ਅਤੇ ਕਲੱਸਟਰ ਅਫ਼ਸਰ ਹਾਜ਼ਰ ਸਨ।

# ਡਿਪਟੀ ਕਮਿਸ਼ਨਰ ਨੇ ਸਨਮਾਨ ਵਜੋਂ ਹਰ ਇਕ ਆਂਗਣਵਾੜੀ ਵਰਕਰ ਨੂੰ 1000 ਰੁਪਏ ਦਿੱਤੇ

**ਬਠਿੰਡਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ਼੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਦੀ ਅਗਵਾਈ ਹੇਠ ਜ਼ਿਲ੍ਹਾ ਪ੍ਰਸ਼ਾਸਨ ਬਠਿੰਡਾ ਵੱਲੋਂ ਨਿਵੇਕਲੀ ਪਹਿਲ ਕੀਤੀ ਗਈ। ਨਵੇਂ ਬਣੇ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਆਂਗਣਵਾੜੀ ਵਰਕਰਾਂ ਤੋਂ ਕਰਵਾਈ ਗਈ ਅਤੇ 100 ਫੀਸਦੀ ਵੈਰੀਫਿਕੇਸ਼ਨ ਪੂਰੀ ਕਰਨ ਵਾਲੀਆਂ 38 ਆਂਗਣਵਾੜੀ ਵਰਕਰਾਂ ਨੂੰ ਵਿਸ਼ੇਸ਼ ਸਨਮਾਨ ਰਾਸ਼ੀ ਵਜੋਂ 38000 ਰੁਪਏ ਦੇ ਚੈੱਕ ਦਿੱਤੇ ਗਏ ।

ਇਨ੍ਹਾਂ ਵਰਕਰਾਂ ਦਾ ਸਨਮਾਨ ਕਰਦਿਆਂ ਸ਼੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ਜ਼ਿਲ੍ਹਾ ਬਠਿੰਡਾ 'ਚ ਨਵੇਂ ਰਾਸ਼ਨ ਕਾਰਡਾਂ ਦੀ ਵੈਰੀਫਿਕੇਸ਼ਨ ਦਾ ਕੰਮ ਆਂਗਣਵਾੜੀ ਵਰਕਰਾਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਨਵੇਂ ਰਾਸ਼ਨ ਕਾਰਡ ਬਣਾਉਣ ਅਤੇ ਮੌਜੂਦਾ ਰਾਸ਼ਨ ਕਾਰਡਾਂ ਵਿੱਚ ਮੈਂਬਰ ਸ਼ਾਮਲ ਕਰਨ ਲਈ ਆਨਲਾਈਨ ਅਰਜ਼ੀਆਂ ਪ੍ਰਾਪਤ ਕੀਤੀਆਂ ਸਨ।

ਇਸ ਤਹਿਤ 87742 ਬਿਨੈਕਾਰਾਂ ਨੇ ਅਪਲਾਈ ਕੀਤਾ ਅਤੇ ਉਨ੍ਹਾਂ ਦੀ ਵੈਰੀਫਿਕੇਸ਼ਨ ਦਾ ਕੰਮ 30 ਸਤੰਬਰ ਤੱਕ ਮੁਕੰਮਲ ਕਰ ਲਿਆ ਜਾਵੇਗਾ। ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਵੈਰੀਫਿਕੇਸ਼ਨ ਦਾ ਕੰਮ ਵੱਖ-ਵੱਖ ਵਿਭਾਗਾਂ ਦੇ ਕਲੈਰੀਕਲ ਸਟਾਫ ਅਤੇ ਪਿੰਡਾਂ ਵਿਚ ਮੁਢਲੇ ਤੌਰ 'ਤੇ ਆਂਗਣਵਾੜੀ ਵਰਕਰਾਂ ਨੂੰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ ਕਿ ਜਿਹੜੇ ਆਂਗਣਵਾੜੀ ਵਰਕਰਾਂ ਨੇ ਆਪਣਾ ਕੰਮ 100 ਫੀਸਦੀ ਅਤੇ ਸਮੇਂ ਤੋਂ ਪਹਿਲਾਂ ਨਿਬੇੜ ਦਿੱਤਾ ਹੈ, ਉਨ੍ਹਾਂ ਨੂੰ ਅੱਜ ਸਨਮਾਨਿਤ ਕੀਤਾ ਗਿਆ ਹੈ । ਉਨ੍ਹਾਂ ਆਂਗਣਵਾੜੀ ਵਰਕਰਾਂ ਦਾ ਵਿਸ਼ੇਸ਼ ਧੰਨਵਾਦ ਕਰਦਿਆਂ ਕਿਹਾ ਕਿ ਇਨ੍ਹਾਂ ਵਰਕਰਾਂ ਦੀ ਮੇਹਨਤ ਸਦਕਾ ਸਰਕਾਰ ਵੱਲੋਂ ਸਕੀਮਾਂ ਨੂੰ ਅਮਲੀ ਜਾਮਾ ਪਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਹੋਰਨਾਂ ਕੰਮਾਂ ਚ ਮਸ਼ਰੂਫੀਅਤ ਦੇ ਬਾਵਜੂਦ ਵੀ ਇਨ੍ਹਾਂ ਆਂਗਣਵਾੜੀ ਵਰਕਰਾਂ ਨੇ ਆਪਣਾ ਕੰਮ ਤਨਦੇਹੀ ਨਾਲ ਕੀਤਾ ਜਿਹੜਾ ਹੀ ਸ਼ਲਾਘਾਯੋਗ ਹੈ।

ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ (ਜ) ਮੈਡਮ ਕੰਚਨ, ਸ਼੍ਰੀ ਗੁਰਤਾਰ ਸਿੰਘ ਜ਼ਿਲ੍ਹਾ ਕੰਟਰੋਲਰ, ਖੁਰਾਕ ਸਿਵਲ ਸਪਲਾਈਜ਼ ਅਤੇ ਖਪਤਕਾਰ ਮਾਮਲੇ, ਸ਼੍ਰੀ ਹਰਸ਼ਿਤ ਮਹਿਤਾ ਡੀ.ਐਸ.ਐਸ.ਓ, ਜ਼ਿਲ੍ਹਾ ਪ੍ਰੋਗਰਾਮ ਅਫਸਰ ਸ੍ਰੀ ਪੰਕਜ ਆਦਿ ਹਾਜ਼ਰ ਸਨ ।

# ਵਿਦਿਆਰਥੀਆਂ ਦੇ ਸੁਨਹਿਰੇ ਭਵਿੱਖ ਲਈ ਅਧਿਆਪਕਾਂ ਦਾ ਨਵੀਆਂ ਤਕਨੀਕਾਂ ਨਾਲ ਲੈਸ ਹੋਣਾ ਜ਼ਰੂਰੀ : ਉੱਪ-ਜ਼ਿਲ੍ਹਾ ਸਿੱਖਿਆ ਅਫ਼ਸਰ



**ਬਠਿੰਡਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਾਇਰੈਕਟਰ ਐੱਸ.ਸੀ.ਈ.ਆਰ.ਟੀ. ਦੀਆਂ ਹਦਾਇਤਾਂ ਅਨੁਸਾਰ ਸੈਸ਼ਨ 2026-27 ਤਹਿਤ ਜ਼ਿਲ੍ਹਾ ਸਿੱਖਿਆ ਅਤੇ ਸਿਖਲਾਈ ਸੰਸਥਾ (ਡਾਇਟ), ਦਿਓਣ ਵਿਖੇ ਪੀ.ਐੱਮ.ਸ਼੍ਰੀ ਸਕੂਲਾਂ ਦੇ ਅਧਿਆਪਕਾਂ ਲਈ ਤਿੰਨ ਰੋਜ਼ਾ ਜ਼ਿਲ੍ਹਾ ਪੱਧਰੀ ਸਮਰੱਥਾ ਨਿਰਮਾਣ (ਕੈਪੇਸਿਟੀ ਬਿਲਡਿੰਗ) ਟ੍ਰੇਨਿੰਗ ਵਰਕਸ਼ਾਪ ਕਰਵਾਈ ਜਾ ਰਹੀ ਹੈ। ਇਹ ਟ੍ਰੇਨਿੰਗ ਡਾਇਟ ਪ੍ਰਿੰਸੀਪਲ ਸ. ਵਰਿੰਦਰਪਾਲ ਸਿੱਧੂ ਦੀ ਯੋਗ ਅਗਵਾਈ ਹੇਠ ਸੁਚਾਰੂ ਢੰਗ ਨਾਲ ਚਲਾਈ ਜਾ ਰਹੀ ਹੈ।

ਅੱਜ ਇਸ ਸਿਖਲਾਈ ਕੈਂਪ ਦੌਰਾਨ ਡਿਪਟੀ ਡੀ.ਈ.ਓ.(ਸੈ.ਸਿ.) ਸ. ਚਮਕੌਰ ਸਿੰਘ ਨੇ ਉਚੇਚੇ ਤੌਰ 'ਤੇ ਦੌਰਾ ਕੀਤਾ। ਉਨ੍ਹਾਂ ਚੱਲ ਰਹੇ ਵੱਖ-ਵੱਖ ਸੈਸ਼ਨਾਂ ਦਾ ਜਾਇਜ਼ਾ ਲਿਆ ਅਤੇ ਅਧਿਆਪਕਾਂ ਨਾਲ ਵਿਚਾਰ-ਵਟਾਂਦਰਾ ਕਰਦਿਆਂ ਕਿਹਾ ਕਿ ਅੱਜ ਦੇ ਆਧੁਨਿਕ ਯੁੱਗ ਵਿੱਚ ਅਧਿਆਪਕਾਂ ਦਾ ਨਵੀਆਂ ਤਕਨੀਕਾਂ ਅਤੇ ਸਿੱਖਿਆ ਪੱਧਤੀਆਂ ਨਾਲ ਲੈਸ ਹੋਣਾ ਬੇਹੱਦ ਜ਼ਰੂਰੀ ਹੈ, ਤਾਂ ਜੋ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਗੁਣਵੱਤਾ ਭਰਪੂਰ ਸਿੱਖਿਆ ਪ੍ਰਦਾਨ ਕੀਤੀ ਜਾ ਸਕੇ।

ਆਪਣੇ ਸੰਬੋਧਨ ਦੌਰਾਨ ਉਹਨਾਂ ਦੱਸਿਆ ਕਿ ਨਵੀਂ ਸਿੱਖਿਆ ਨੀਤੀ ਤਹਿਤ ਆਉਣ ਵਾਲੇ ਸਮੇਂ ਵਿੱਚ ਪੇਪਰਾਂ ਦਾ ਪੈਟਰਨ ਪੂਰੀ ਤਰ੍ਹਾਂ ਯੋਗਤਾ ਅਧਾਰਤ ਹੋਵੇਗਾ। ਇਸ ਲਈ ਅਧਿਆਪਕਾਂ ਨੂੰ ਹੁਣ ਤੋਂ ਹੀ ਵਿਦਿਆਰਥੀਆਂ ਨੂੰ ਰੱਟਾ ਲਾਉਣ ਦੀ ਬਜਾਏ ਸਮਝ ਆਧਾਰਿਤ ਸਿੱਖਿਆ ਦੇਣੀ ਚਾਹੀਦੀ ਹੈ। ਅਧਿਆਪਕਾਂ ਨੂੰ ਵੱਖ-ਵੱਖ ਕਿਸਮ ਦੇ ਯੋਗਤਾ ਅਧਾਰਤ ਪ੍ਰਸ਼ਨ ਬਣਾ ਕੇ ਤਿਆਰੀ ਕਰਨ ਲਈ ਪ੍ਰੇਰਿਤ ਕੀਤਾ।

ਉਨ੍ਹਾਂ ਕਿਹਾ ਕਿ ਜਿੱਥੇ ਬੋਰਡ ਜਮਾਤਾਂ ਵੱਲ ਧਿਆਨ ਦਿੱਤਾ ਜਾਂਦਾ ਹੈ, ਉੱਥੇ ਹੀ ਨਾਨ-ਬੋਰਡ ਜਮਾਤਾਂ (6ਵੀਂ ਤੋਂ 9ਵੀਂ ਅਤੇ 11ਵੀਂ) ਨੂੰ ਵੀ ਬਰਾਬਰ ਮਹੱਤਤਾ ਦੇਣੀ ਜ਼ਰੂਰੀ ਹੈ, ਤਾਂ ਜੋ ਬੱਚਿਆਂ ਦੀ ਨੀਂਹ ਮਜ਼ਬੂਤ ਹੋ ਸਕੇ। ਸਾਰੇ ਅਧਿਆਪਕਾਂ ਨੂੰ ਹਮੇਸ਼ਾ ਤਿਆਰ-ਬਰ-ਤਿਆਰ ਰਹਿਣ ਤੇ ਜ਼ੋਰ ਦਿੱਤਾ ।

ਇਸ ਮੌਕੇ ਡੀ.ਆਰ.ਸੀ. ਬਾਲ ਕ੍ਰਿਸ਼ਨ ਅਗਰਵਾਲ ,ਬੀ.ਆਰ.ਸੀ. ਕੋਆਰਡੀਨੇਟਰ ਹਰਜੀਤ ਸਿੰਘ ਅਤੇ ਕੋਆਰਡੀਨੇਟਰ ਸ੍ਰੀਮਤੀ ਵੀਨੂੰ ਵੱਲੋਂ ਟ੍ਰੇਨਿੰਗ ਦੇ ਪ੍ਰਬੰਧਾਂ ਅਤੇ ਗਤੀਵਿਧੀਆਂ ਨੂੰ ਬਾਖ਼ੂਬੀ ਸੰਭਾਲਿਆ ਗਿਆ। ਵਰਕਸ਼ਾਪ ਦੌਰਾਨ ਰਾਜ ਪੱਧਰ ਤੋਂ ਸਿਖਲਾਈ ਪ੍ਰਾਪਤ ਕੇ.ਆਰ.ਪੀਜ਼ (ਕੀ ਰਿਸੋਰਸ ਪਰਸਨਜ਼) ਵੱਲੋਂ ਅਧਿਆਪਕਾਂ ਨੂੰ ਨਵੀਂ ਸਿੱਖਿਆ ਨੀਤੀ ਅਤੇ ਅਧਿਆਪਨ ਦੀਆਂ ਨਵੀਆਂ ਵਿਧੀਆਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੱਤੀ ਜਾ ਰਹੀ ਹੈ।

# ਸੁੱਕਾ ਝੋਨਾ ਹੀ ਮੰਡੀਆਂ ਵਿਚ ਵੇਚਣ ਲਈ ਲਿਆਂਦਾ ਜਾਵੇ : ਡਿਪਟੀ ਕਮਿਸ਼ਨਰ



**ਤਰਨਤਾਰਨ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ, ਤਰਨ ਤਾਰਨ ਸ੍ਰੀ ਰਾਹੁਲ ਨੇ ਜ਼ਿਲ੍ਹੇ ਦੇ ਸਮੂਹ ਕਿਸਾਨਾਂ ਨੂੰ ਅਪੀਲ ਕੀਤੀ ਹੈ ਕਿ ਇਸ ਵਾਰ ਝੋਨੇ ਦੀ ਕਟਾਈ ਫ਼ਸਲ ਦੇ ਪੂਰੀ ਤਰ੍ਹਾਂ ਪੱਕਣ 'ਤੇ ਹੀ ਕੀਤੀ ਜਾਵੇ ਅਤੇ ਖਰੀਫ ਸੀਜ਼ਨ ਦੌਰਾਨ ਸੁੱਕਾ ਝੋਨਾ ਹੀ ਮੰਡੀਆਂ ਵਿਚ ਵੇਚਣ ਲਈ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਭਾਰਤ ਸਰਕਾਰ ਵੱਲੋਂ ਖ਼ਰੀਦ ਵੇਲੇ ਝੋਨੇ ਵਿਚ ਨਮੀ ਦੀ ਹੱਦ 17 ਫ਼ੀਸਦੀ ਨਿਰਧਾਰਿਤ ਕੀਤੀ ਗਈ ਹੈ। ਉਨ੍ਹਾਂ ਕਿਹਾ ਕਿ ਜੇਕਰ ਕਿਸੇ ਕਿਸਾਨ ਦੇ ਝੋਨੇ ਦੀ ਫ਼ਸਲ ਵਿਚ 17 ਫ਼ੀਸਦੀ ਤੋਂ ਵੱਧ ਦੀ ਨਮੀ ਪਾਈ ਜਾਂਦੀ ਹੈ ਤਾਂ ਇਸ ਕਾਰਨ ਉਸ ਕਿਸਾਨ ਨੂੰ ਮੰਡੀ ਵਿਚ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਝੋਨੇ ਦੀ ਫ਼ਸਲ ਪੂਰੀ ਤਰ੍ਹਾਂ ਪੱਕਣ 'ਤੇ ਹੀ ਵਢਾਈ ਜਾਵੇ ਤਾਂ ਉਸ ਵਿਚ ਨਮੀ ਦੀ ਮਾਤਰਾ ਸਹੀ ਹੁੰਦੀ ਹੈ।

ਉਨ੍ਹਾਂ ਦੱਸਿਆ ਕਿ ਕੇਂਦਰ ਸਰਕਾਰ ਵੱਲੋਂ ਇਸ ਸਾਲ ਝੋਨੇ ਦੀ ਫ਼ਸਲ ਦਾ ਮੁੱਲ 2461 ਰੁਪਏ ਪ੍ਰਤੀ ਕੁਇੰਟਲ ਨਿਰਧਾਰਿਤ ਕੀਤਾ ਗਿਆ ਹੈ ਅਤੇ ਜੇਕਰ ਕਿਸਾਨ ਮੰਡੀਆਂ ਵਿਚ ਸੁੱਕਾ ਝੋਨਾ ਲੈ ਕੇ ਆਉਣਗੇ ਤਾਂ ਉਨ੍ਹਾਂ ਨੂੰ ਅਪਣੀ ਫ਼ਸਲ ਦਾ ਪੂਰਾ ਮੁੱਲ ਮਿਲੇਗਾ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹੇ ਦੇ ਮੁੱਖ ਖੇਤੀਬਾੜੀ ਅਫ਼ਸਰ ਅਤੇ ਜ਼ਿਲ੍ਹਾ ਮੰਡੀ ਅਫ਼ਸਰ ਨੂੰ ਵੀ ਸਖ਼ਤ ਹਦਾਇਤ ਕੀਤੀ ਕਿ ਉਹ ਪਿੰਡਾਂ ਵਿਚ ਵਿਸ਼ੇਸ਼ ਕੈਂਪ ਲਗਾ ਕੇ ਕਿਸਾਨਾਂ ਨੂੰ ਮੰਡੀਆਂ ਵਿਚ ਝੋਨੇ ਦੀ ਸੁੱਕੀ ਫ਼ਸਲ ਲਿਆਉਣ ਲਈ ਜਾਗਰੂਕ ਕਰਨ।

ਡਿਪਟੀ ਕਮਿਸ਼ਨਰ ਨੇ ਕਿਹਾ ਕਿ ਉਨ੍ਹਾਂ ਵੱਲੋਂ ਪਹਿਲਾਂ ਹੀ ਭਾਰਤੀ ਸੁਰੱਖਿਆ ਸੰਹਿਤਾ 2023 ਦੀ ਧਾਰਾ 163 ਅਧੀਨ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਸਾਉਣੀ ਸੀਜ਼ਨ ਦੌਰਾਨ ਜ਼ਿਲ੍ਹਾ ਤਰਨ ਤਾਰਨ ਦੀ ਹਦੂਦ ਅੰਦਰ ਸ਼ਾਮ 6 ਵਜੇ ਤੋਂ ਸਵੇਰੇ 10 ਵਜੇ ਤੱਕ ਕੰਬਾਈਨਾਂ ਰਾਹੀਂ ਝੋਨੇ ਦੀ ਕਟਾਈ ਕਰਨ ਅਤੇ ਰਾਤ ਦੇ ਸਮੇਂ ਦੌਰਾਨ ਕੰਬਾਇਨਾਂ/ਹਾਰਵੈਸਟਰਾਂ ਦੇ ਅੱਗੇ ਬਲੋੜ ਲਗਾ ਕੇ ਨੈਸ਼ਨਲ ਹਾਈਵੇਅ/ਸਟੇਟ ਹਾਈਵੇਅ/ਲਿੰਕ ਰੋਡਾਂ ਤੋਂ ਚੱਲਣ 'ਤੇ ਵੀ ਮੁਕੰਮਲ ਤੌਰ 'ਤੇ ਰੋਕ ਲਗਾਉਣ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਕੰਬਾਈਨ ਓਪਰੇਟਰਾਂ ਨੂੰ ਹਦਾਇਤ ਕੀਤੀ ਕਿ ਇਨ੍ਹਾਂ ਹੁਕਮਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ।

# ਸਰਕਾਰ ਵੱਲੋਂ ਚਲਾਈ ਗਈ ਮੇਰੀ ਰਸੋਈ ਤਹਿਤ ਰਾਸ਼ਨ ਕਿੱਟਾਂ ਵੰਡੀ ਗਈਆਂ



**ਫਾਜ਼ਿਲਕਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਫਾਜ਼ਿਲਕਾ ਦੇ ਪਿੰਡ ਚੁਵਾੜਿਆਂ ਵਾਲੀ ਵਿਖੇ ਮੈਡਮ ਖੁਸ਼ਬੂ ਸਾਵਣਸੁੱਖਾ ਸਵਨਾ ਵੱਲੋਂ ਲੋਕ ਮਿਲਣੀ ਕੀਤੀ ਗਈ। ਲੋਕ ਮਿਲਣੀ ਦੌਰਾਨ ਮੈਡਮ ਸਵਨਾ ਨੇ ਪਿੰਡ ਵਾਸੀਆਂ ਦੀਆਂ ਮੁਸ਼ਕਿਲਾਂ ਬੜੇ ਧਿਆਨ ਨਾਲ ਸੁਣੀਆਂ ਅਤੇ ਸਬੰਧਤ ਅਧਿਕਾਰੀਆਂ ਨੂੰ ਨਿਰਦੇਸ਼ ਦੇ ਕੇ ਕਈ ਸਮੱਸਿਆਵਾਂ ਦਾ ਮੌਕੇ 'ਤੇ ਹੀ ਹੱਲ ਕਰਵਾਇਆ।

ਇਸ ਦੌਰਾਨ ਸਰਕਾਰ ਵੱਲੋਂ ਸ਼ੁਰੂ ਕੀਤੀ ਗਈ 'ਮੇਰੀ ਰਸੋਈ' ਯੋਜਨਾ ਤਹਿਤ ਮੈਡਮ ਵੱਲੋਂ ਜ਼ਰੂਰਤਮੰਦ ਪਰਿਵਾਰਾਂ ਨੂੰ ਰਾਸ਼ਨ ਦੀਆਂ ਕਿੱਟਾਂ ਵੀ ਵੰਡੀਆਂ ਗਈਆਂ।ਇਸ ਮੌਕੇ ਮੈਡਮ ਸਵਨਾ ਨੇ ਕਿਹਾ ਕਿ ਉਹ ਹਮੇਸ਼ਾ ਹਲਕਾ ਵਾਸੀਆਂ ਦੇ ਦੁੱਖ-ਸੁੱਖ ਵਿੱਚ ਉਨ੍ਹਾਂ ਦੇ ਨਾਲ ਖੜ੍ਹੇ ਹਨ ਅਤੇ ਹਲਕੇ ਦੇ ਸਰਵਪੱਖੀ ਵਿਕਾਸ ਲਈ ਲਗਾਤਾਰ ਕੰਮ ਕਰਦੇ ਰਹਿਣਗੇ।

ਪਿੰਡ ਦੇ ਪਤਵੰਤੇ ਸੱਜਣਾਂ ਅਤੇ ਵੱਡੀ ਗਿਣਤੀ ਵਿੱਚ ਪਹੁੰਚੇ ਲੋਕਾਂ ਨੇ ਮੈਡਮ ਖੁਸ਼ਬੂ ਸਾਵਣਸੁੱਖਾ ਸਵਨਾ ਦਾ ਤਹਿ ਦਿਲੋਂ ਧੰਨਵਾਦ ਕੀਤਾ।

# ਖੂਨਦਾਨ ਕਰਨਾ ਮਹਾਨ ਮਨੁੱਖੀ ਸੇਵਾ, ਹਰ ਵਿਅਕਤੀ ਨੂੰ ਇਸ ਨੇਕ ਕਾਰਜ ਲਈ ਅੱਗੇ ਆਉਣਾ ਚਾਹੀਦਾ ਹੈ: ਹਰਜੋਤ ਸਿੰਘ ਬੈਂਸ



**ਸ੍ਰੀ ਆਨੰਦਪੁਰ ਸਾਹਿਬ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰੇਹੜੀ-ਫੜੀ ਤੇ ਖੋਖਾ ਯੂਨੀਅਨ ਵੱਲੋਂ ਵਪਾਰ ਮੰਡਲ ਅਤੇ ਨਗਰ ਕੌਂਸਲ ਸ੍ਰੀ ਅਨੰਦਪੁਰ ਸਾਹਿਬ ਦੇ ਸਹਿਯੋਗ ਨਾਲ ਸ਼ਹੀਦ-ਏ-ਆਜ਼ਮ ਭਗਤ ਸਿੰਘ, ਰਾਜਗੁਰੂ ਅਤੇ ਸੁਖਦੇਵ ਜੀ ਦੀ ਯਾਦ ਨੂੰ ਸਮਰਪਿਤ ਖੂਨਦਾਨ ਕੈਂਪ ਲਗਾਇਆ ਗਿਆ। ਕੈਂਪ ਵਿੱਚ ਪੰਜਾਬ ਦੇ ਕੈਬਨਿਟ ਮੰਤਰੀ ਸ. ਹਰਜੋਤ ਸਿੰਘ ਬੈਂਸ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ ਅਤੇ ਖੂਨਦਾਨੀਆਂ ਦੀ ਹੌਸਲਾ ਅਫਜ਼ਾਈ ਕੀਤੀ। ਇਸ ਮੌਕੇ 50 ਯੂਨਿਟ ਖੂਨ ਇਕੱਤਰ ਕੀਤਾ ਗਿਆ।

ਹਰਜੋਤ ਸਿੰਘ ਬੈਂਸ ਨੇ ਕਿਹਾ ਕਿ ਖੂਨਦਾਨ ਇੱਕ ਮਹਾਨ ਮਨੁੱਖੀ ਸੇਵਾ ਹੈ ਅਤੇ ਸਾਡੇ ਵੱਲੋਂ ਕੀਤਾ ਗਿਆ ਖੂਨਦਾਨ ਕਿਸੇ ਲੋੜਵੰਦ ਮਰੀਜ਼ ਲਈ ਜੀਵਨਦਾਨ ਸਾਬਤ ਹੋ ਸਕਦਾ ਹੈ। ਉਨ੍ਹਾਂ ਕਿਹਾ ਕਿ ਨੌਜਵਾਨਾਂ ਅਤੇ ਸਮਾਜ ਦੇ ਹਰ ਵਰਗ ਨੂੰ ਅਜਿਹੇ ਸਮਾਜ ਸੇਵੀ ਕਾਰਜਾਂ ਵਿੱਚ ਵੱਧ ਤੋਂ ਵੱਧ ਭਾਗ ਲੈਣਾ ਚਾਹੀਦਾ ਹੈ। ਉਨ੍ਹਾਂ ਖੂਨਦਾਨੀਆਂ ਨੂੰ ਇਸ ਨੇਕ ਉਪਰਾਲੇ ਲਈ ਵਧਾਈ ਦਿੱਤੀ ਅਤੇ ਪ੍ਰਬੰਧਕਾਂ ਵੱਲੋਂ ਕੀਤੇ ਯਤਨਾਂ ਦੀ ਸ਼ਲਾਘਾ ਕੀਤੀ।

ਇਸ ਮੌਕੇ ਸ. ਹਰਜੀਤ ਸਿੰਘ ਜੀਤਾ ਪ੍ਰਧਾਨ ਨਗਰ ਕੌਂਸਲ ਵੀ ਵਿਸ਼ੇਸ਼ ਮਹਿਮਾਨ ਵਜੋਂ ਮੌਜੂਦ ਰਹੇ। ਕੈਂਪ ਦੇ ਆਯੋਜਕ ਸੁਖਦੇਵ ਸਿੰਘ ਬੀ.ਟੀ., ਪ੍ਰਧਾਨ ਰੇਹੜੀ-ਫੜੀ ਤੇ ਖੋਖਾ ਯੂਨੀਅਨ ਅਤੇ ਚੇਅਰਮੈਨ ਰਵੀ ਹੰਸ ਨੇ ਸਾਰੇ ਖੂਨਦਾਨੀਆਂ ਅਤੇ ਸਹਿਯੋਗੀਆਂ ਦਾ ਧੰਨਵਾਦ ਕੀਤਾ।

ਕੋਹਲੀ ਹਸਪਤਾਲ ਬਲੱਡ ਸੈਂਟਰ ਸ੍ਰੀ ਅਨੰਦਪੁਰ ਸਾਹਿਬ ਦੀ ਮੈਡੀਕਲ ਟੀਮ ਵੱਲੋਂ ਖੂਨ ਇਕੱਤਰ ਕਰਨ ਦੀ ਸੇਵਾ ਨਿਭਾਈ ਗਈ। ਇਸ ਮੌਕੇ ਵਪਾਰ ਮੰਡਲ ਦੇ ਪ੍ਰਧਾਨ ਇੰਦਰਜੀਤ ਸਿੰਘ ਅਰੋੜਾ, ਪ੍ਰਿਤਪਾਲ ਸਿੰਘ ਗੰਡਾ, ਦੀਪਕ ਆਂਗਰਾ ਅਤੇ ਵਪਾਰ ਮੰਡਲ ਦੇ ਜਨਰਲ ਸੈਕਟਰੀ ਜਸਪਾਲ ਸਿੰਘ ਪਾਲ ਅਰੋੜਾ ਰੋਹਿਤ ਕਾਲੀਆ ਸਾਬਕਾ ਪ੍ਰਧਾਨ ਟਰੱਕ ਯੂਨੀਅਨ, ਸੁਰਿੰਦਰ ਸਿੰਘ ਵਿੱਕੀ, ਜਤਿਨ ਕੌਸ਼ਲ ਸੀਨੀਅਰ ਮੀਤ ਪ੍ਰਧਾਨ, ਕਮਲਜੀਤ ਸਿੰਘ ਸ਼ਬਲੀ ਕੌਂਸਲਰ ਅਤੇ ਅਰਸ਼ਵਿੰਦਰ ਕੌਰ ਕੌਂਸਲਰ,ਜਗਜੀਤ ਸਿੰਘ ਜੱਗੀ, ਬਲਾਕ ਪ੍ਰਧਾਨ 'ਆਪ', ਲੱਕੀ ਅਟਵਾਲ, ਮਾਸਟਰ ਰਾਜ ਕੁਮਾਰ, ਰਾਮ ਧਾਪ, ਰਾਮ ਪ੍ਰਕਾਸ਼ ਵੜੈਚ, ਸੰਜੀਵ ਘਈ, ਰਾਜੀਵ ਘਈ, ਜਿੰਮੀ ਅਗੰਮਪੁਰ, ਵਿਜੈ, ਜਰਨੈਲ ਸਿੰਘ, ਸ਼ਮਸ਼ੇਰ ਸਿੰਘ, ਕਾਲਾ ਵਾਲੀਆ, ਸੋਨੂ ਵਾਲੀਆ, ਸੁਖਵਿੰਦਰ ਸੁੱਖੀ, ਦੀਪਕ ਆਰ.ਪੀ., ਹੈਪੀ ਸਿੰਬਰਵਾਲ, ਬਲਵਿੰਦਰ ਕੁਮਾਰ, ਸੁਨੀਲ ਕੁਮਾਰ ਫੌਜੀ, ਤੇਲੂ ਸਿੰਘ, ਰਾਜਵਿੰਦਰ ਸਿੰਘ ਸੋਢੀ, ਮੁਨੀਸ਼ ਫਰਵਾਹਾਂ, ਸੰਜੀਵ ਕੁਮਾਰ ਅਤੇ ਰਵੀ ਸਮੇਤ ਵੱਡੀ ਗਿਣਤੀ ਵਿੱਚ ਇਲਾਕਾ ਵਾਸੀ ਹਾਜ਼ਰ ਸਨ।

# ਪਿੰਡ/ਵਾਰਡ ਡਿਫੈਂਸ ਕਮੇਟੀ ਵੱਲੋਂ ਹਰ ਇਕ ਪਿੰਡ ਅਤੇ ਵਾਰਡ ਚ ਕਰਵਾਈਆਂ ਜਾਣਗੀਆਂ ਜਾਗਰੂਕਤਾ ਗਤਵਿਧੀਆਂ



**ਬਠਿੰਡਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਸਰਕਾਰ ਵੱਲੋਂ ਨਸ਼ਿਆਂ ਦੇ ਖਾਤਮੇ ਲਈ ਚਲਾਈ ਗਈ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ 29 ਸਤੰਬਰ ਤੋਂ ਹਰ ਇਕ ਪਿੰਡ ਅਤੇ ਵਾਰਡ ਵਿਖੇ ਨਸ਼ਿਆਂ ਖਿਲਾਫ ਆਮ ਲੋਕਾਂ ਨੂੰ ਜਾਗਰੂਕ ਕਰਨ ਲਈ ਵਿਸ਼ੇਸ਼ ਮੁਹਿੰਮ ਸ਼ੁਰੂ ਕੀਤੀ ਜਾ ਰਹੀ ਹੈ।

ਇਸ ਸਬੰਧੀ ਬੁਲਾਈ ਗਈ ਵਿਸ਼ੇਸ਼ ਬੈਠਕ ਨੂੰ ਸੰਬੋਧਨ ਕਰਦਿਆਂ ਸ਼੍ਰੀ ਰਾਜੇਸ਼ ਧੀਮਾਨ ਡਿਪਟੀ ਕਮਿਸ਼ਨਰ ਬਠਿੰਡਾ ਨੇ ਦੱਸਿਆ ਕਿ ਨਸ਼ਿਆਂ ਖਿਲਾਫ ਇਸ ਮੁਹਿੰਮ ਨੂੰ ਹਰ ਇਕ ਵਾਰਡ ਅਤੇ ਪਿੰਡ ਪੱਧਰ 'ਤੇ ਲੈ ਕੇ ਜਾਇਆ ਜਾਵੇਗਾ।

29 ਸਤੰਬਰ ਤੋਂ ਵੱਖ-ਵੱਖ ਥਾਵਾਂ ਤੇ ਨੌਜਵਾਨ ਵਰਗ ਦੀ ਵਿਸ਼ੇਸ਼ ਸ਼ਮੂਲੀਅਤ ਨਾਲ ਲੋਕਾਂ ਨੂੰ ਨਸ਼ਿਆਂ ਖਿਲਾਫ ਪ੍ਰੇਰਤ ਕੀਤਾ ਜਾਵੇਗਾ। ਉਨ੍ਹਾਂ ਦੱਸਿਆ ਕਿ ਇਸ ਵਿਸ਼ੇਸ਼ ਮੁਹਿੰਮ ਚ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਵੀ ਆਪਣੀ ਅਹਿਮ ਭੂਮਿਕਾ ਅਦਾ ਕੀਤੀ ਜਾਵੇਗੀ।

ਸ਼੍ਰੀ ਸੁਹੇਲ ਕਾਸਿਮ ਮੀਰ ਐੱਸ.ਐੱਸ.ਪੀ. ਬਠਿੰਡਾ ਨੇ ਦੱਸਿਆ ਕਿ ਪੁਲਿਸ ਵੱਲੋਂ ਡਿਫੈਂਸ ਕਮੇਟੀ ਦੀ ਮੱਦਦ ਨਾਲ ਲਗਾਤਾਰ ਨਸ਼ੇ ਦੀ ਸਪਲਾਈ ਉੱਤੇ ਸ਼ਿਕੰਜਾ ਕਸਿਆ ਜਾ ਰਿਹਾ ਹੈ । ਜਿੱਥੇ ਵੀ ਕਮੇਟੀ ਦੇ ਮੈਂਬਰ ਜਾਂ ਹੋਰਨਾਂ ਲੋਕਾਂ ਵੱਲੋਂ ਨਸ਼ਿਆਂ ਦੇ ਕਾਰੋਬਾਰ ਸਬੰਧੀ ਸੂਚਨਾ ਦਿੱਤੀ ਜਾਂਦੀ ਹੈ ਉਸ ਥਾਂ ਉੱਤੇ ਪੁਲਿਸ ਵੱਲੋਂ ਰੇਡ ਕਰਕੇ ਕਾਰਵਾਈ ਕੀਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਡਿਫੈਂਸ ਕਮੇਟੀ ਦੇ ਸਹਿਯੋਗ ਸਦਕਾ ਬਠਿੰਡਾ ਪੁਲਿਸ ਵੱਲੋਂ ਨਸ਼ਾ ਤਸਕਰਾਂ ਖਿਲਾਫ ਕਾਰਵਾਈ ਕੀਤੀ ਜਾ ਰਹੀ ਹੈ।

ਇਸ ਮੌਕੇ ਮੌਜੂਦ ਵਾਰਡ ਅਤੇ ਡਿਫੈਂਸ ਕਮੇਟੀ ਦੇ ਮੈਂਬਰਾਂ ਵੱਲੋਂ ਵਿਚਾਰ ਵਟਾਂਦਰਾ ਕੀਤਾ ਗਿਆ। ਇਸ ਮੌਕੇ ਸ਼੍ਰੀ ਬਲਕਾਰ ਸਿੰਘ ਸਿੱਧੂ ਵਿਧਾਇਕ ਰਾਮਪੁਰਾ ਫੂਲ, ਵਧੀਕ ਡਿਪਟੀ ਕਮਿਸ਼ਨਰ ਮੈਡਮ ਕੰਚਨ, ਸ਼੍ਰੀ ਗੋਪਾਲ ਸਿੰਘ ਹਲਕਾ ਇੰਚਾਰਜ ਬਠਿੰਡਾ ਦਿਹਾਤੀ, ਸ਼੍ਰੀ ਗੁਰਸੇਵਕ ਸਿੰਘ ਬਾਂਡੀ ਯੁੱਧ ਨਸ਼ਿਆਂ ਵਿਰੁੱਧ ਦੇ ਜ਼ਿਲ੍ਹਾ ਕੋਆਰਡੀਨੇਟਰ, ਜ਼ਿਲ੍ਹ ਦੇ ਉਪ ਮੰਡਲ ਮੈਜਿਸਟ੍ਰੇਟ, ਡੀ.ਐੱਸ.ਪੀ, ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ ਅਤੇ ਹੋਰ ਅਫਸਰ ਆਦਿ ਹਾਜ਼ਰ ਸਨ ।

# ਸਹਾਇਕ ਕਮਿਸ਼ਨਰ ਕੁਲਦੀਪ ਚੰਦ ਦੀ ਪ੍ਰਧਾਨਗੀ ਹੇਠ ਪੈਨਸ਼ਨ ਅਦਾਲਤ ਲੱਗੀ

**ਗੁਰਦਾਸਪੁਰ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸਹਾਇਕ ਕਮਿਸ਼ਨਰ (ਜ) ਗੁਰਦਾਸਪੁਰ ਕੁਲਦੀਪ ਚੰਦ ਦੀ ਪ੍ਰਧਾਨਗੀ ਹੇਠ ਵੱਖ ਵੱਖ ਵਿਭਾਗਾਂ ਤੋਂ ਸੇਵਾ ਮੁਕਤ ਪੈਨਸ਼ਨਰਾਂ ਲਈ ਅਦਾਲਤ ਲਗਾਈ ਗਈ ਅਤੇ ਉਨ੍ਹਾਂ ਦੀਆਂ ਮੁਸ਼ਕਿਲਾਂ ਹੱਲ ਕੀਤੀਆਂ ਗਈਆਂ।

ਸਹਾਇਕ ਕਮਿਸ਼ਨਰ ਨੇ ਦੱਸਿਆ ਕਿ ਡਿਪਟੀ ਕਮਿਸ਼ਨਰ ਗੁਰਦਾਸਪੁਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਪੈਨਸ਼ਨਰਾਂ ਦੀਆਂ ਸ਼ਿਕਾਇਤਾਂ ਨੂੰ ਧਿਆਨ ਨਾਲ ਸੁਣਿਆ ਗਿਆ ਅਤੇ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪ੍ਰਾਪਤ ਹੋਈਆਂ ਅਰਜ਼ੀਆਂ ਦਾ ਤਰਜੀਹ ਦੇ ਆਧਾਰ 'ਤੇ ਨਿਪਟਾਰਾ ਯਕੀਨੀ ਬਣਾਇਆ ਜਾਵੇ। ਉਨ੍ਹਾਂ ਕਿਹਾ ਕਿ ਪੈਨਸ਼ਨਰਾਂ ਨੇ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਸਰਕਾਰੀ ਸੇਵਾ ਨੂੰ ਸਮਰਪਿਤ ਕੀਤਾ ਹੈ ਅਤੇ ਉਨ੍ਹਾਂ ਦੀਆਂ ਜਾਇਜ਼ ਮੰਗਾਂ ਦਾ ਹੱਲ ਕਰਨਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੈ।

ਪੈਨਸ਼ਨ ਅਦਾਲਤ ਦੌਰਾਨ 6 ਅਰਜ਼ੀਆਂ ਪ੍ਰਾਪਤ ਹੋਈਆਂ, ਜਿਸ ਵਿਚੋਂ 3 ਦਾ ਮੌਕੇ 'ਤੇ ਨਿਪਟਾਰਾ ਕੀਤਾ ਗਿਆ ਤੇ ਬਾਕੀ ਅਰਜ਼ੀਆਂ ਦਾ 15 ਦਿਨਾਂ ਵਿੱਚ ਹੱਲ ਕਰਨ ਲਈ ਸਬੰਧਤ ਅਧਿਕਾਰੀਆਂ ਨੂੰ ਕਿਹਾ ਗਿਆ। ਇਸ ਮੌਕੇ ਪੈਨਸ਼ਨ ਜਾਰੀ ਪਰਿਵਾਰਕ ਪੈਨਸ਼ਨ,ਟ ਅਤੇ ਹੋਰ ਪ੍ਰਸ਼ਾਸਨਿਕ ਮਾਮਲਿਆਂ ਨਾਲ ਸਬੰਧਤ ਅਰਜ਼ੀਆਂ ਪ੍ਰਾਪਤ ਹੋਈਆਂ।

ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਪੈਨਸ਼ਨ ਅਦਾਲਤਾਂ ਦਾ ਉਦੇਸ਼ ਪੈਨਸ਼ਨਰਾਂ ਨੂੰ ਇੱਕੋ ਥਾਂ 'ਤੇ ਆਪਣੀਆਂ ਸਮੱਸਿਆਵਾਂ ਰੱਖਣ ਅਤੇ ਉਨ੍ਹਾਂ ਦਾ ਜਲਦ ਹੱਲ ਪ੍ਰਾਪਤ ਕਰਨ ਦੀ ਸਹੂਲਤ ਮੁਹੱਈਆ ਕਰਵਾਉਣਾ ਹੈ।

# ਬੱਚਿਆਂ ਦੀ ਕਲਪਨਾ ਵਿੱਚ ਦਿਖਾਈ ਦਿੰਦਾ ਹੈ ਵਿਕਸਿਤ ਭਾਰਤ ਦਾ ਭਵਿੱਖ : ਮੁੱਖ ਮੰਤਰੀ ਨਾਇਬ ਸਿੰਘ ਸੈਣੀ

➢ ਸੇਵਾ, ਸੰਸਕਾਰ ਅਤੇ ਰਾਸ਼ਟਰ ਨਿਰਮਾਣ ਦੀ ਭਾਵਨਾ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣਾ 'ਸੇਵਾ ਸੰਕਲਪ ਅਭਿਆਨ' ਦਾ ਉਦੇਸ਼

➢ ਸਿੱਖਿਆ ਦੇ ਨਾਲ ਬੱਚਿਆਂ ਵਿੱਚ ਨਵਾਚਾਰ, ਡਿਜੀਟਲ ਹੁਨਰ ਅਤੇ ਵਿਸ਼ਵਕ ਨਜ਼ਰੀਆ ਵਿਕਸਿਤ ਕਰਨ 'ਤੇ ਜ਼ੋਰ

**ਚੰਡੀਗੜ੍ਹ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਹੈ ਕਿ ਬੱਚਿਆਂ ਦੀ ਕਲਪਨਾ ਵਿੱਚ ਜੋ ਵਿਕਸਿਤ ਭਾਰਤ ਆਕਾਰ ਲੈਂਦਾ ਹੈ, ਉਹੀ ਆਉਣ ਵਾਲੇ ਸਮੇਂ ਵਿੱਚ ਅਸਲ ਭਾਰਤ ਵਜੋਂ ਸਾਡੇ ਸਾਹਮਣੇ ਆਵੇਗਾ। ਬੱਚਿਆਂ ਦੀ ਪ੍ਰਤਿਭਾ ਨੂੰ ਸਹੀ ਮੰਚ ਅਤੇ ਪ੍ਰੋਤਸਾਹਨ ਦੇ ਕੇ ਉਨ੍ਹਾਂ ਵਿੱਚ ਰਚਨਾਤਮਕਤਾ, ਸੰਸਕਾਰ, ਸੇਵਾ ਭਾਵਨਾ ਅਤੇ ਰਾਸ਼ਟਰ ਨਿਰਮਾਣ ਦਾ ਜਜ਼ਬਾ ਵਿਕਸਿਤ ਕੀਤਾ ਜਾ ਸਕਦਾ ਹੈ।

ਮੁੱਖ ਮੰਤਰੀ ਵੀਰਵਾਰ ਨੂੰ ਕੁਰੂਕਸ਼ੇਤਰ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ, ਕਨੀਪਲਾ ਵਿੱਚ ਆਯੋਜਿਤ 'ਸੇਵਾ ਸੰਕਲਪ ਅਭਿਆਨ' ਅਤੇ 'ਨਿਪੁਣ ਚਿੱਤਰਕਲਾ ਪ੍ਰਦਰਸ਼ਨੀ' ਪ੍ਰੋਗਰਾਮ ਨੂੰ ਸੰਬੋਧਨ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਨੇ 'ਮਾਧਵ ਆਡੀਟੋਰੀਅਮ' ਅਤੇ ਪਰਮ ਪੂਜਨੀਯ ਸ੍ਰੀ ਗੁਰੂ ਜੀ ਦੇ ਭਿੱਤ-ਚਿੱਤਰ ਦਾ ਉਦਘਾਟਨ ਕੀਤਾ ਅਤੇ ਚਿੱਤਰਕਲਾ ਪ੍ਰਦਰਸ਼ਨੀ ਦਾ ਜਾਇਜ਼ਾ ਲਿਆ। ਮੁੱਖ ਮੰਤਰੀ ਨੇ ਇਸ ਮੌਕੇ ਸਕੂਲ ਕੰਪਲੈਕਸ ਵਿੱਚ ਬੂਟੇ ਵੀ ਲਗਾਏ।

ਇਸ ਮੌਕੇ ਗੀਤਾ ਮਨੀਸ਼ੀ ਸਵਾਮੀ ਗਿਆਨਾਨੰਦ ਮਹਾਰਾਜ, ਸਾਬਕਾ ਰਾਜ ਮੰਤਰੀ ਸ੍ਰੀ ਸੁਭਾਸ਼ ਸੁਧਾ, ਡਿਪਟੀ ਕਮਿਸ਼ਨਰ ਸ੍ਰੀ ਵਿਸ਼ਰਾਮ ਮੀਣਾ, ਡਾ. ਓਮ ਪ੍ਰਕਾਸ਼ ਅਰੋੜਾ, ਸ੍ਰੀ ਰਤਨ ਚੰਦ ਸਰਦਾਨਾ, ਡਾ. ਪ੍ਰੀਤਮ ਸਿੰਘ ਸਮੇਤ ਸੀਨੀਅਰ ਅਧਿਕਾਰੀ ਅਤੇ ਪਤਵੰਤੇ ਮੌਜੂਦ ਸਨ।

ਮੁੱਖ ਮੰਤਰੀ ਸ੍ਰੀ ਨਾਇਬ ਸਿੰਘ ਸੈਣੀ ਨੇ ਕਨੀਪਲਾ ਦੇ ਇਸ ਸਰਕਾਰੀ ਸਕੂਲ ਵਿੱਚ ਸੋਲਰ ਪੈਨਲ ਲਗਾਉਣ ਲਈ 11 ਲੱਖ ਰੁਪਏ ਦੇਣ ਦਾ ਐਲਾਨ ਕੀਤਾ। ਇਸ ਦੇ ਨਾਲ ਹੀ, ਕਨੀਪਲਾ ਪਿੰਡ ਦੇ ਵਿਕਾਸ ਕਾਰਜਾਂ ਲਈ 21 ਲੱਖ ਰੁਪਏ ਦੇਣ ਦਾ ਵੀ ਐਲਾਨ ਕੀਤਾ ਗਿਆ।

**ਸੇਵਾ ਸੰਕਲਪ ਅਭਿਆਨ ਨਹੀਂ ਬੱਚਿਆਂ ਨੂੰ ਰਾਸ਼ਟਰ ਸੇਵਾ ਦੀ ਪ੍ਰੇਰਣਾ**

ਮੁੱਖ ਮੰਤਰੀ ਨੇ ਕਿਹਾ ਕਿ ਇਹ ਪ੍ਰੋਗਰਾਮ ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਮ ਦਿਨ ਦੇ ਮੌਕੇ 'ਤੇ ਚੱਲ ਰਹੇ 'ਸੇਵਾ ਸੰਕਲਪ ਮੁਹਿੰਮ' ਤਹਿਤ ਆਯੋਜਿਤ ਕੀਤਾ ਗਿਆ ਹੈ। ਇਸ ਮੁਹਿੰਮ ਤਹਿਤ 17 ਤੋਂ 21 ਸਤੰਬਰ ਤੱਕ ਤੀਜੀ ਤੋਂ ਬਾਰ੍ਹਵੀਂ ਜਮਾਤ ਦੇ ਵਿਦਿਆਰਥੀਆਂ ਲਈ ਚਿੱਤਰਕਲਾ ਅਤੇ ਭਾਸ਼ਣ ਮੁਕਾਬਲੇ ਕਰਵਾਏ ਗਏ, ਜਿਨ੍ਹਾਂ ਵਿੱਚ ਵਿਦਿਆਰਥੀਆਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਇਨ੍ਹਾਂ ਮੁਕਾਬਲਿਆਂ ਵਿੱਚੋਂ ਚੁਣੀਆਂ ਗਈਆਂ ਕਲਾਕ੍ਰਿਤੀਆਂ ਨੂੰ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚ ਪ੍ਰਦਰਸ਼ਿਤ ਕੀਤਾ ਗਿਆ ਹੈ।

ਉਨ੍ਹਾਂ ਪ੍ਰਦਰਸ਼ਨੀ ਵਿੱਚ ਸ਼ਾਮਲ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਬੱਚਿਆਂ ਦੇ ਹੱਥਾਂ ਵਿੱਚ ਰੰਗ ਹੁੰਦੇ ਹਨ, ਪਰ ਉਨ੍ਹਾਂ ਰੰਗਾਂ ਨੂੰ ਸੁਪਨਿਆਂ ਵਿੱਚ ਬਦਲਣ ਦਾ ਵਿਸ਼ਵਾਸ ਪਰਿਵਾਰ ਅਤੇ ਅਧਿਆਪਕ ਦਿੰਦੇ ਹਨ। ਪ੍ਰਦਰਸ਼ਨੀ ਵਿੱਚ ਸਵੱਛ ਭਾਰਤ, ਆਤਮਨਿਰਭਰ ਭਾਰਤ, ਵਾਤਾਵਰਣ ਸੰਭਾਲ, ਸੇਵਾ ਭਾਵਨਾ ਅਤੇ ਸਾਲ 2047 ਦੇ ਵਿਕਸਿਤ ਭਾਰਤ ਦੀ ਕਲਪਨਾ ਵਰਗੇ ਵਿਸ਼ਿਆਂ ਨੂੰ ਬੱਚਿਆਂ ਨੇ ਆਪਣੀ ਰਚਨਾਤਮਕਤਾ ਰਾਹੀਂ ਪੇਸ਼ ਕੀਤਾ ਹੈ।

ਸ੍ਰੀ ਨਾਇਬ ਸਿੰਘ ਸੈਣੀ ਨੇ ਕਿਹਾ ਕਿ 'ਸੇਵਾ ਸੰਕਲਪ ਅਭਿਆਨ' ਸਿਰਫ਼ ਪ੍ਰਾਪਤੀਆਂ ਨੂੰ ਯਾਦ ਕਰਨ ਦਾ ਮੌਕਾ ਨਹੀਂ, ਸਗੋਂ ਸੇਵਾ, ਸਮਰਪਣ ਅਤੇ ਰਾਸ਼ਟਰ ਨਿਰਮਾਣ ਦੀ ਭਾਵਨਾ ਨੂੰ ਨਵੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਮਾਧਿਅਮ ਹੈ। ਪ੍ਰਧਾਨ ਮੰਤਰੀ ਸ੍ਰੀ ਨਰਿੰਦਰ ਮੋਦੀ ਦੇ ਜਨਤਕ ਜੀਵਨ ਦੇ 25 ਸਾਲਾਂ ਤੋਂ ਪ੍ਰੇਰਣਾ ਲੈਂਦਿਆਂ ਸਾਨੂੰ ਵਿਕਸਿਤ ਭਾਰਤ ਦੇ ਨਿਰਮਾਣ ਵਿੱਚ ਆਪਣੀ ਭੂਮਿਕਾ ਨਿਭਾਉਣ ਦਾ ਸੰਕਲਪ ਲੈਣਾ ਚਾਹੀਦਾ ਹੈ।

ਉਨ੍ਹਾਂ ਕਿਹਾ ਕਿ ਭਾਰਤ ਅੱਜ ਵਿਗਿਆਨ, ਤਕਨੀਕ ਅਤੇ ਨਵਾਚਾਰ ਦੇ ਖੇਤਰ ਵਿੱਚ ਲਗਾਤਾਰ ਅੱਗੇ ਵਧ ਰਿਹਾ ਹੈ। ਦੇਸ਼ ਨੇ ਪੁਲਾੜ ਵਿਗਿਆਨ ਸਮੇਤ ਕਈ ਖੇਤਰਾਂ ਵਿੱਚ ਆਪਣੀ



ਸਮਰੱਥਾ ਦਾ ਲੋਹਾ ਮਨਵਾਇਆ ਹੈ। ਉਨ੍ਹਾਂ ਵਿਦਿਆਰਥੀਆਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਸੁਪਨਿਆਂ ਨੂੰ ਟੀਚਿਆਂ ਵਿੱਚ ਬਦਲਣ ਅਤੇ ਦੇਸ਼ ਦੇ ਵਿਕਾਸ ਵਿੱਚ ਯੋਗਦਾਨ ਪਾਉਣ ਲਈ ਲਗਾਤਾਰ ਯਤਨ ਕਰਨ।

ਮੁੱਖ ਮੰਤਰੀ ਨੇ ਕਿਹਾ ਕਿ ਕਨੀਪਲਾ ਦੇ ਇਸ ਸਕੂਲ ਵਿੱਚ ਇੱਕ ਪਾਸੇ ਬੱਚਿਆਂ ਵੱਲੋਂ ਬਣਾਏ ਗਏ ਚਿੱਤਰ ਭਵਿੱਖ ਦੇ ਭਾਰਤ ਦੀ ਕਲਪਨਾ ਨੂੰ ਸਾਹਮਣੇ ਰੱਖਦੇ ਹਨ, ਉੱਥੇ ਹੀ ਦੂਜੇ ਪਾਸੇ ਮਾਧਵ ਆਡੀਟੋਰੀਅਮ ਵਿੱਚ ਪਰਮ ਪੂਜਨੀਯ ਮਾਧਵ ਸਦਾਸ਼ਿਵਰਾਓ ਗੋਲਵਲਕਰ 'ਸ੍ਰੀ ਗੁਰੂ ਜੀ' ਦਾ ਭਿੱਤ-ਚਿੱਤਰ ਇਤਿਹਾਸ, ਸੰਸਕਾਰ ਅਤੇ ਕਰਤੱਵ ਦੀ ਯਾਦ ਦਿਵਾਉਂਦਾ ਹੈ। ਉਨ੍ਹਾਂ ਕਿਹਾ ਕਿ ਇਤਿਹਾਸ ਸਾਨੂੰ ਜੜ੍ਹਾਂ ਦਿੰਦਾ ਹੈ, ਸਿੱਖਿਆ ਸਾਨੂੰ ਖੰਭ ਦਿੰਦੀ ਹੈ, ਸੰਸਕਾਰ ਸਾਨੂੰ ਦਿਸ਼ਾ ਦਿੰਦੇ ਹਨ ਅਤੇ ਸੁਪਨੇ ਸਾਨੂੰ ਉਡਾਣ ਦਿੰਦੇ ਹਨ।

ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਜੀ ਇੱਕ ਅਸਾਧਾਰਨ ਸ਼ਖ਼ਸੀਅਤ ਸਨ, ਜਿਨ੍ਹਾਂ ਨੇ ਆਪਣਾ ਸਾਰਾ ਜੀਵਨ ਰਾਸ਼ਟਰ ਲਈ ਸਮਰਪਿਤ ਕਰ ਦਿੱਤਾ। ਉਨ੍ਹਾਂ ਦਾ ਜੀਵਨ ਆਉਣ ਵਾਲੀਆਂ ਪੀੜ੍ਹੀਆਂ ਲਈ ਹਮੇਸ਼ਾ ਪ੍ਰੇਰਣਾ ਸਰੋਤ ਰਹੇਗਾ। ਬੱਚਿਆਂ ਨੂੰ ਉਨ੍ਹਾਂ ਦੇ ਜੀਵਨ, ਵਿਚਾਰਾਂ ਅਤੇ ਰਾਸ਼ਟਰ ਸੇਵਾ ਦੀ ਭਾਵਨਾ ਤੋਂ ਜਾਣੂ ਕਰਵਾਉਣ ਲਈ ਇਹ ਭਿੱਤ-ਚਿੱਤਰ ਤਿਆਰ ਕੀਤਾ ਗਿਆ ਹੈ। ਇਹ ਪਹਿਲ ਰਾਸ਼ਟਰ ਸ਼ਾਸਕ੍ਰਿਤੀ ਅਤੇ ਸਮਾਜ ਪ੍ਰਤੀ ਸਮਰਾਪਣ ਦੀ ਭਾਵਨਾ ਨੂੰ ਨਹੀਂ ਪੀੜ੍ਹੀ ਤੱਕ ਪਹੁੰਚਾਉਣ ਦਾ ਮਧੀਅਮ ਹੋਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਸੂਬਾ ਸਰਕਾਰ ਵਿਦਿਆਰਥੀਆਂ ਨੂੰ ਮਿਆਰੀ ਅਤੇ ਆਧੁਨਿਕ ਸਿੱਖਿਆ ਮੁਹੱਈਆ ਕਰਵਾਉਣ ਲਈ ਲਗਾਤਾਰ ਕੰਮ ਕਰ ਰਹੀ ਹੈ। ਸਰਕਾਰੀ ਸਕੂਲਾਂ ਵਿੱਚ ਡਿਜੀਟਲ ਸਿੱਖਿਆ, ਸਮਾਰਟ ਕਲਾਸਰੂਮ, ਟੈਬਲੇਟ ਵੰਡ ਅਤੇ ਈ-ਲਰਨਿੰਗ ਨੂੰ ਉਤਸ਼ਾਹਿਤ ਕੀਤਾ ਗਿਆ ਹੈ। ਵਿਦਿਆਰਥੀਆਂ ਨੂੰ ਆਰਟੀਫੀਸ਼ੀਅਲ ਇੰਟੈਲੀਜੈਂਸ, ਕੋਡਿੰਗ ਅਤੇ ਡਿਜੀਟਲ ਹੁਨਰ ਨਾਲ ਜੋੜਨ ਦੇ ਨਾਲ-ਨਾਲ ਉੱਚ ਸਿੱਖਿਆ ਵਿੱਚ ਖੋਜ ਅਤੇ ਨਵਾਚਾਰ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ।

ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿੱਚ ਵਿਦਿਆਰਥੀਆਂ ਨੂੰ ਮੁਕਾਬਲੇ ਦੀਆਂ ਪ੍ਰੀਖਿਆਵਾਂ ਲਈ ਬਿਹਤਰ ਮਾਰਗਦਰਸ਼ਨ ਦੇਣ ਦੇ ਉਦੇਸ਼ ਨਾਲ 'ਸੁਪਰ-100' ਅਤੇ 'ਬੁਨਿਆਦ' ਵਰਗੇ ਪ੍ਰੋਗਰਾਮ ਚਲਾਏ ਜਾ ਰਹੇ ਹਨ। ਸੁਪਰ-100 ਦੀਆਂ ਸੀਟਾਂ ਨੂੰ 500 ਤੋਂ ਵਧਾ ਕੇ 600 ਕਰ ਦਿੱਤਾ ਗਿਆ ਹੈ।

**ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮੌਕਿਆਂ ਲਈ ਤਿਆਰ ਕਰ ਰਿਹਾ ਹੈ ਹਰਿਆਣਾ**

ਮੁੱਖ ਮੰਤਰੀ ਨੇ ਕਿਹਾ ਕਿ ਅੱਜ ਦਾ ਭਾਰਤ ਪੂਰੀ ਦੁਨੀਆ ਨਾਲ ਕਦਮ ਨਾਲ ਕਦਮ ਮਿਲਾ ਕੇ ਅੱਗੇ ਵਧ ਰਿਹਾ ਹੈ। ਇਸ ਲਈ ਵਿਦਿਆਰਥੀਆਂ ਨੂੰ ਵਿਸ਼ਵ ਪੱਧਰੀ ਮੌਕਿਆਂ ਲਈ ਤਿਆਰ ਕਰਨਾ ਵੀ ਜ਼ਰੂਰੀ ਹੈ। ਇਸੇ ਦਿਸ਼ਾ ਵਿੱਚ ਸਰਕਾਰੀ ਸਕੂਲਾਂ ਵਿੱਚ ਫਰਾਂਸੀਸੀ ਭਾਸ਼ਾ ਦੀ ਪੜ੍ਹਾਈ ਸ਼ੁਰੂ ਕੀਤੀ ਗਈ ਹੈ, ਜਦੋਂ ਕਿ ਜਰਮਨ ਭਾਸ਼ਾ ਲਈ ਸਮਝੌਤਾ ਕੀਤਾ ਗਿਆ ਹੈ ਅਤੇ ਜਪਾਨੀ ਅਤੇ ਕੋਰੀਆਈ ਭਾਸ਼ਾਵਾਂ ਦੀ ਪੜ੍ਹਾਈ ਵੀ ਪੜਾਅਵਾਰ ਸ਼ੁਰੂ ਕਰਨ ਦੀ ਤਿਆਰੀ ਹੈ।

ਸੂਬੇ ਦੇ ਸਰਕਾਰੀ ਸਕੂਲਾਂ ਵਿੱਚ ਖੇਡ ਸਹੂਲਤਾਂ ਦੇ ਵਿਕਾਸ 'ਤੇ ਵੀ ਵਿਸ਼ੇਸ਼ ਧਿਆਨ ਦਿੱਤਾ ਜਾ ਰਿਹਾ ਹੈ। ਇਸ ਸਾਲ ਸਾਰੇ ਸਰਕਾਰੀ ਹਾਈ ਅਤੇ ਸੀਨੀਅਰ ਸੈਕੰਡਰੀ ਸਕੂਲਾਂ ਦੇ ਖੇਡ ਮੈਦਾਨਾਂ ਦੇ ਵਿਕਾਸ ਲਈ ਇੱਕ-ਇੱਕ ਲੱਖ ਰੁਪਏ ਉਪਲਬਧ ਕਰਵਾਏ ਗਏ ਹਨ।

**ਬੱਚੇ ਆਪਣੀ ਪ੍ਰਤਿਭਾ ਨੂੰ ਅੱਗੇ ਵਧਾਉਣ**

ਮੁੱਖ ਮੰਤਰੀ ਨੇ ਵਿਦਿਆਰਥੀਆਂ ਨੂੰ ਕਿਹਾ ਕਿ ਪ੍ਰਦਰਸ਼ਨੀ ਵਿੱਚ ਦਿਖਾਈ ਦੇ ਰਹੀ ਉਨ੍ਹਾਂ ਦੀ ਕਲਾ ਸਿਰਫ਼ ਕਾਗਜ਼ ਤੱਕ ਸੀਮਤ ਨਹੀਂ ਰਹਿਣੀ ਚਾਹੀਦੀ। ਸੇਵਾ ਦਾ ਰੰਗ ਉਨ੍ਹਾਂ ਦੇ ਵਿਵਹਾਰ ਵਿੱਚ, ਸੰਸਕਾਰ ਦਾ ਰੰਗ ਉਨ੍ਹਾਂ ਦੀ ਸ਼ਖ਼ਸੀਅਤ ਵਿੱਚ, ਮਿਹਨਤ ਦਾ ਰੰਗ ਉਨ੍ਹਾਂ ਦੀ ਪੜ੍ਹਾਈ ਵਿੱਚ ਅਤੇ ਰਾਸ਼ਟਰ ਪ੍ਰਤੀ ਕਰਤੱਵ ਦਾ ਰੰਗ ਉਨ੍ਹਾਂ ਦੇ ਜੀਵਨ ਵਿੱਚ ਦਿਖਾਈ ਦੇਣਾ ਚਾਹੀਦਾ ਹੈ।

ਉਨ੍ਹਾਂ 'ਨਿਪੁਣ ਹਰਿਆਣਾ ਜ਼ਿਲ੍ਹਾ ਪੱਧਰੀ ਕਲਾ ਪ੍ਰਦਰਸ਼ਨੀ' ਵਿੱਚ ਹਿੱਸਾ ਲੈਣ ਵਾਲੇ ਸਾਰੇ ਵਿਦਿਆਰਥੀਆਂ ਨੂੰ ਵਧਾਈ ਦਿੰਦਿਆਂ ਕਿਹਾ ਕਿ ਕਨੀਪਲਾ ਸਕੂਲ ਤੋਂ ਨਿਕਲਿਆ ਇਹ ਸੁਨੇਹਾ ਦੂਰ ਤੱਕ ਜਾਵੇਗਾ ਅਤੇ ਬੱਚਿਆਂ ਦੀ ਰਚਨਾਤਮਕਤਾ ਅਤੇ ਪ੍ਰਤਿਭਾ ਸੂਬੇ ਅਤੇ ਦੇਸ਼ ਦੇ ਉੱਜਵਲ ਭਵਿੱਖ ਦੀ ਮਜ਼ਬੂਤ ਨੀਂਹ ਬਣੇਗੀ।

**ਗੁਰੂ ਜੀ ਦਾ ਜੀਵਨ ਨੌਜਵਾਨਾਂ ਲਈ ਪ੍ਰੇਰਣਾ ਸਰੋਤ : ਸੁਆਮੀ ਗਿਆਨਾਨੰਦ ਮਹਾਰਾਜ**

ਗੀਤਾ ਮਨੀਸ਼ੀ ਸੁਆਮੀ ਗਿਆਨਾਨੰਦ ਮਹਾਰਾਜ ਨੇ ਕਿਹਾ ਕਿ ਸ੍ਰੀ ਗੁਰੂ ਜੀ ਦਾ ਭਿੱਤ-ਚਿੱਤਰ ਨਵੀਂ ਪੀੜ੍ਹੀ ਲਈ ਪ੍ਰੇਰਣਾ ਅਤੇ ਸੰਕਲਪ ਦਾ ਪ੍ਰਤੀਕ ਹੈ।

ਉਨ੍ਹਾਂ ਕਿਹਾ ਕਿ ਸਨਾਤਨ ਸੰਸਕ੍ਰਿਤੀ, ਗੀਤਾ, ਪਰੰਪਰਾਵਾਂ ਅਤੇ ਜੀਵਨ ਮੁੱਲਾਂ ਦੀਆਂ ਗੱਲਾਂ ਨੂੰ ਰਾਜਨੀਤੀ ਨਾਲ ਜੋੜ ਕੇ ਨਹੀਂ ਦੇਖਣਾ ਚਾਹੀਦਾ। ਇਹ ਸਾਡੀ ਸੰਸਕ੍ਰਿਤੀ ਅਤੇ ਜੀਵਨ ਮੁੱਲਾਂ ਨਾਲ ਜੁੜੀਆਂ ਗੱਲਾਂ ਹਨ। ਉਨ੍ਹਾਂ ਨੌਜਵਾਨਾਂ ਨੂੰ ਸੱਦਾ ਦਿੱਤਾ ਕਿ ਉਹ ਸ੍ਰੀ ਗੁਰੂ ਜੀ ਵਰਗੇ ਮਹਾਨ ਵਿਅਕਤਿਤਵਾਂ ਨੂੰ ਆਪਣਾ ਆਦਰਸ਼ ਬਣਾ ਕੇ ਸਮਾਜ ਅਤੇ ਰਾਸ਼ਟਰ ਲਈ ਕੰਮ ਕਰਨ ਅਤੇ ਉਨ੍ਹਾਂ ਦੇ ਜੀਵਨ ਤੋਂ ਪ੍ਰੇਰਣਾ ਲੈਣ। ਉਨ੍ਹਾਂ ਨੇ ਸ੍ਰੀ ਰਤਨ ਚੰਦ ਸਰਦਾਨਾ ਜੀ ਦੀ ਰਚਨਾ 'ਅਪਨਾ ਮਾਧਵ' ਲਈ ਸ਼ੁਭਕਾਮਨਾਵਾਂ ਦਿੱਤੀਆਂ।

# ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਮੁੱਖ ਖੇਤੀਬਾੜੀ ਅਫ਼ਸਰ ਵੱਲੋਂ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫ਼ਸਰਾਂ ਨਾਲ ਮੀਟਿੰਗ



**ਫਾਜ਼ਿਲਕਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਫਾਜ਼ਿਲਕਾ ਵਿੱਚ ਝੋਨੇ ਦੀ ਪਰਾਲੀ ਨੂੰ ਅੱਗ ਲਗਾਉਣ ਦੀਆਂ ਘਟਨਾਵਾਂ ਨੂੰ ਰੋਕਣ ਅਤੇ ਕਿਸਾਨਾਂ ਨੂੰ ਪਰਾਲੀ ਦੇ ਸੁਚੱਜੇ ਪ੍ਰਬੰਧਨ ਲਈ ਜਾਗਰੂਕ ਕਰਨ ਸਬੰਧੀ ਮੁੱਖ ਖੇਤੀਬਾੜੀ ਅਫ਼ਸਰ ਫਾਜ਼ਿਲਕਾ ਡਾ. ਕੁਲਵੰਤ ਸਿੰਘ ਵੱਲੋਂ ਖੇਤੀਬਾੜੀ ਵਿਭਾਗ ਦੇ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫ਼ਸਰਾਂ ਨਾਲ ਵਿਸ਼ੇਸ਼ ਮੀਟਿੰਗ ਕੀਤੀ ਗਈ।

ਮੀਟਿੰਗ ਦੌਰਾਨ ਡਾ. ਕੁਲਵੰਤ ਸਿੰਘ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਉਹ ਆਪਣੇ-ਆਪਣੇ ਨਿਰਧਾਰਤ ਖੇਤਰਾਂ ਵਿੱਚ ਕਿਸਾਨਾਂ ਨਾਲ ਲਗਾਤਾਰ ਸੰਪਰਕ ਕਰਕੇ ਉਨ੍ਹਾਂ ਨੂੰ ਝੋਨੇ ਦੀ ਪਰਾਲੀ ਨੂੰ ਅੱਗ ਨਾ ਲਗਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਪਰਾਲੀ ਪ੍ਰਬੰਧਨ ਲਈ ਉਪਲਬਧ ਮਸ਼ੀਨਰੀ ਅਤੇ ਖੇਤੀਬਾੜੀ ਵਿਭਾਗ ਵੱਲੋਂ ਦਿੱਤੀਆਂ ਜਾ ਰਹੀਆਂ ਸਹੂਲਤਾਂ ਸਬੰਧੀ ਕਿਸਾਨਾਂ ਨੂੰ ਵੱਧ ਤੋਂ ਵੱਧ ਜਾਣਕਾਰੀ ਦਿੱਤੀ ਜਾਵੇ।

ਉਨ੍ਹਾਂ ਅਧਿਕਾਰੀਆਂ ਨੂੰ ਕਿਹਾ ਕਿ ਪਿੰਡ ਪੱਧਰ 'ਤੇ ਕਿਸਾਨਾਂ ਨਾਲ ਮੀਟਿੰਗਾਂ ਕਰਕੇ ਇਨ-ਸੀਟੂ ਅਤੇ ਐਕਸ-ਸੀਟੂ ਪਰਾਲੀ ਪ੍ਰਬੰਧਨ ਸਬੰਧੀ ਤਰੀਕਿਆਂ ਬਾਰੇ ਜਾਗਰੂਕ ਕੀਤਾ ਜਾਵੇ ਅਤੇ ਪਰਾਲੀ ਨੂੰ ਖੇਤ ਵਿੱਚ ਹੀ ਮਿਲਾਉਣ ਜਾਂ ਇਸ ਦੀ ਸੁਚੱਜੀ ਵਰਤੋਂ ਲਈ ਉਪਲਬਧ ਵਿਕਲਪਾਂ ਬਾਰੇ ਜਾਣਕਾਰੀ ਦਿੱਤੀ ਜਾਵੇ।

ਡਾ. ਕੁਲਵੰਤ ਸਿੰਘ ਨੇ ਕਿਹਾ ਕਿ ਪਰਾਲੀ ਨੂੰ ਅੱਗ ਲਗਾਉਣ ਨਾਲ ਮਿੱਟੀ ਦੀ ਉਪਜਾਊ ਸ਼ਕਤੀ, ਵਾਤਾਵਰਣ ਅਤੇ ਮਨੁੱਖੀ ਸਿਹਤ 'ਤੇ ਮਾੜਾ ਪ੍ਰਭਾਵ ਪੈਂਦਾ ਹੈ। ਇਸ ਲਈ ਕਿਸਾਨਾਂ ਨੂੰ ਪਰਾਲੀ ਨਾ ਸਾੜਨ ਲਈ ਪ੍ਰੇਰਿਤ ਕਰਨਾ ਅਤੇ ਉਨ੍ਹਾਂ ਨੂੰ ਵਿਹਾਰਕ ਵਿਕਲਪ ਮੁਹੱਈਆ ਕਰਵਾਉਣਾ ਵਿਭਾਗ ਦੀ ਮੁੱਖ ਤਰਜੀਹ ਹੈ।

ਮੀਟਿੰਗ ਦੌਰਾਨ ਕਲੱਸਟਰ ਅਫ਼ਸਰਾਂ ਅਤੇ ਨੋਡਲ ਅਫ਼ਸਰਾਂ ਨੂੰ ਆਪਣੇ-ਆਪਣੇ ਖੇਤਰਾਂ ਵਿੱਚ ਖੇਤਾਂ ਦੀ ਨਿਗਰਾਨੀ ਕਰਨ, ਕਿਸਾਨਾਂ ਨਾਲ ਸੰਪਰਕ ਵਧਾਉਣ ਅਤੇ ਪਰਾਲੀ ਪ੍ਰਬੰਧਨ ਸਬੰਧੀ ਕੀਤੀਆਂ ਜਾ ਰਹੀਆਂ ਗਤੀਵਿਧੀਆਂ ਦੀ ਨਿਯਮਿਤ ਰਿਪੋਰਟਿੰਗ ਯਕੀਨੀ ਬਣਾਉਣ ਲਈ ਵੀ ਕਿਹਾ ਗਿਆ।

ਮੁੱਖ ਖੇਤੀਬਾੜੀ ਅਫ਼ਸਰ ਨੇ ਸਮੂਹ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਰੋਕਣ ਲਈ ਵਿਭਾਗੀ ਟੀਮਾਂ ਵੱਲੋਂ ਪੂਰੀ ਤਨਦੇਹੀ ਅਤੇ ਆਪਸੀ ਤਾਲਮੇਲ ਨਾਲ ਕੰਮ ਕੀਤਾ ਜਾਵੇ ਅਤੇ ਕਿਸਾਨਾਂ ਨੂੰ ਪਰਾਲੀ ਪ੍ਰਬੰਧਨ ਲਈ ਹਰ ਸੰਭਵ ਤਕਨੀਕੀ ਸਹਾਇਤਾ ਪ੍ਰਦਾਨ ਕੀਤੀ ਜਾਵੇ।

# ਖੇਡਾਂ ਵਤਨ ਪੰਜਾਬ ਦੀਆਂ 2026(ਸੀਜਨ-4) ਤਹਿਤ ਜ਼ਿਲ੍ਹਾ ਪੱਧਰੀ ਖੇਡ ਮੁਕਾਬਲਿਆਂ ਦਾ ਆਗਾਜ 28 ਸਤੰਬਰ ਤੋਂ

**ਫਾਜ਼ਿਲਕਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਪੰਜਾਬ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਖੇਡਾਂ ਦੇ ਪੱਧਰ ਨੂੰ ਉੱਚਾ-ਚੱਕਣ, ਨੌਜਵਾਨ ਵਿੱਚ ਆਪਸੀ ਭਾਈਚਾਰਾ ਅਤੇ ਸਦਭਾਵਨਾ ਪੈਦਾ ਕਰਨ ਅਤੇ ਵੱਧ ਤੋ ਵੱਧ ਲੋਕਾਂ ਨੂੰ ਖੇਡਾਂ ਨਾਲ ਜੋੜਨ ਦੇ ਨਾਲ ਨਾਲ ਸਿਹਤਮੰਦ ਪੰਜਾਬ ਦੀ ਸਿਰਜਣਾ ਕਰਨ ਲਈ ਸਿਰਤੋੜ ਯਤਨ ਕਰ ਰਹੀ ਹੈ। ਇਸੇ ਤਹਿਤ ਹੀ ਖੇਡਾਂ ਵਤਨ ਪੰਜਾਬ ਦੀਆਂ 2026 ਤਹਿਤ ਫਾਜਿਲਕਾ ਜ਼ਿਲ੍ਹੇ ਵਿੱਚ ਜ਼ਿਲ੍ਹਾ ਪੱਧਰੀ ਮੁਕਾਬਲਿਆ ਦਾ ਆਗਾਜ 28 ਸਤੰਬਰ ਤੋ 03 ਅਕਤੂਬਰ 2026 ਤੱਕ ਕਰਵਾਇਆ ਜਾ ਰਿਹਾ ਹੈ।

ਇਹ ਜਾਣਕਾਰੀ ਦਿੰਦਿਆਂ ਜਿਲ੍ਹਾ ਖੇਡ ਅਫਸਰ ਫਾਜ਼ਿਲਕਾ ਸ੍ਰੀ ਰੁਪਿੰਦਰ ਸਿੰਘ ਬਰਾੜ ਨੇ ਦੱਸਿਆ ਕਿ ਪੰ ਖੇਡ ਵਿਭਾਗ ਪੰਜਾਬ ਦੇ ਨਿਰਦੇਸ਼ਾਂ ਅਨੁਸਾਰ ਜਿਲ੍ਹਾ ਫਾਜ਼ਿਲਕਾ ਦੇ ਸਮੂਹ ਬਲਾਕਾਂ ਵਿਚੋਂ ਗੇਮ ਐਥਲੈਟਿਕਸ, ਫੁੱਟਬਾਲ, ਕਬੱਡੀ(ਨ.ਸ), ਕਬੱਡੀ(ਸ.ਸ), ਖੋਹ—ਖੋਹ,ਵਾਲੀਬਾਲ (ਸਮੈਸਿਗ), ਵਾਲੀਬਾਲ(ਸੂਟਿੰਗ), ਟੈਨਿਸ ਬਾਲ ਕ੍ਰਿਕਟ ਵਿੱਚੋਂ ਪਹਿਲਾਂ ਅਤੇ ਦੂਜਾ ਸਥਾਨ ਪ੍ਰਾਪਤ ਕਰਨ ਵਾਲੀਆਂ ਟੀਮਾਂ ਜ਼ਿਲ੍ਹਾ ਪੱਧਰ ਵਿੱਚ ਭਾਗ ਲੈਣਗੀਆਂ। ਇਸ ਤੋ ਇਲਾਵਾ ਗੇਮ ਹੈਂਡਬਾਲ, ਸਾਫਟਬਾਲ, ਜੂਡੋ, ਗੱਤਕਾ, ਕਿੱਕ ਬਾਕਸਿੰਗ, ਹਾਕੀ, ਨੈੱਟਬਾਲ, ਬੈਡਮਿੰਟਨ, ਬਾਸਕਿਟਬਾਲ, ਪਾਵਰਲਿਫਟਿੰਗ, ਲਾਅਟ ਟੈਨਿਸ, ਕੁਸ਼ਤੀ, ਬਾਕਸਿੰਗ, ਟੇਬਲ ਟੈਨਿਸ, ਵੇਟ ਲਿਫਟਿੰਗ, ਤੈਰਾਕੀ, ਸੂਟਿੰਗ ਅਤੇ ਚੈੱਸ ਦੀਆਂ ਗੇਮਾਂ ਦੇ ਵੱਖ-ਵੱਖ ਉਮਰ ਵਰਗਾਂ ਵਿੱਚ ਸਿੱਧਾ ਜ਼ਿਲ੍ਹਾ ਪੱਧਰੀ ਮੁਕਾਬਲੇ ਕਰਵਾਏ ਜਾਣਗੇ। ਉਨ੍ਹਾਂ ਦੱਸਿਆ ਕਿ ਟੂਰਨਾਮੈਂਟ ਦਾ ਸਡਿਊਲ ਉਮਰ ਵਰਗ, ਲੜਕੇ-ਲੜਕੀਆਂ ਅਤੇ ਟੂਰਨਾਮੈਂਟ ਦੇ ਸਥਾਨਾਂ ਸਬੰਧੀ ਜਾਣਕਾਰੀ ਦਫਤਰ ਡਿਪਟੀ ਕਮਿਸ਼ਨਰ ਫਾਜਿਲਕਾ ਜੀ ਵੈੱਬ ਸਾਈਟ ਤੇ ਅਪਲੋਡ ਕਰਵਾ ਦਿੱਤੀ ਜਾਵੇਗੀ। ਉਹਨਾ ਅੱਗੇ ਦੱਸਿਆ ਕਿ ਇਨ੍ਹਾਂ ਖੇਡ ਮੁਕਾਬਲਿਆਂ ਵਿੱਚ ਭਾਗ ਲੈਣ ਵਾਲਾ ਖਿਡਾਰੀ ਪੰਜਾਬ ਦਾ ਵਸਨੀਕ ਹੋਣਾ ਚਾਹੀਦਾ ਹੈ ਜਾਂ ਪੰਜਾਬ ਦੇ ਕਿਸੇ ਵਿਦਿਅਕ ਅਦਾਰੇ ਵਿੱਚ ਪੜਦਾ ਹੋਣਾ ਚਾਹੀਦਾ ਹੈ। ਉਸ ਕੋਲ ਸਬੂਤ ਲਈ ਰਿਹਾਇਸ਼ੀ ਸਰਟੀਫਿਕੇਟ ਜਾਂ ਪੰਜਾਬ ਦਾ ਆਧਾਰ ਕਾਰਡ ਜਾਂ ਵਿਦਿਅਕ ਅਦਾਰੇ ਦਾ ਆਈ.ਡੀ ਕਾਰਡ ਹੋਣਾ ਜਰੂਰੀ ਹੈ। ਇਸ ਟੂਰਨਾਮੈਂਟ ਵਿੱਚ ਭਾਗ ਲੈਣ ਵਾਲੇ ਖਿਡਾਰੀ ਨੂੰ ਆਪਣੀ ਆਨਲਾਇਨ ਰਜਿਸਟ੍ਰੇਸ਼ਨ ਤੇ ਕਰਨੀ ਜ਼ਰੂਰੀ ਹੋਵੇਗੀ। ਉਮਰ ਦੇ ਸਬੂਤ ਵਜੋ ਖਿਡਾਰੀ ਆਪਣਾ ਆਧਾਰ ਕਾਰਡ ਨਾਲ ਲੈ ਕੇ ਆਉਣਗੇ ਅਤੇ ਆਪਣੀ ਆਫ ਲਾਈਨ ਸਮਰਸ਼ੀਟ ਟੂਰਨਾਮੈਂਟ ਸਥਾਨ ਤੇ ਜਮ੍ਹਾਂ ਕਰਵਾਉਣਗੇ। ਕਿਸੇ ਵੀ ਖਿਡਾਰੀ ਨੂੰ ਟੂਰਨਾਮੈਂਟ ਵਿੱਚ ਭਾਗ ਲੈਣ ਲਈ ਬੱਸ ਕਿਰਾਇਆ ਨਹੀਂ ਦਿੱਤਾ ਜਾਵੇਗਾ।

# ਵਿਧਾਇਕ ਸ਼ੈਰੀ ਕਲਸੀ ਨੇ ਪਿੰਡ ਕਲੇਰ ਖੁਰਦ ਵਿਖੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਕਾਰਡ ਵੰਡੇ

**ਬਟਾਲਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਕਾਰਜਕਾਰੀ ਪ੍ਰਧਾਨ ਅਤੇ ਵਿਧਾਇਕ ਸ਼ੈਰੀ ਕਲਸੀ ਵਲੋਂ ਪਿੰਡ ਕਲੇਰ ਖੁਰਦ ਵਿਖੇ 'ਮੁੱਖ ਮੰਤਰੀ ਸਿਹਤ ਯੋਜਨਾ' ਤਹਿਤ ਕਾਰਡ ਵੰਡੇ ਗਏ।



ਇਸ ਮੌਕੇ ਪਿੰਡ ਵਾਸੀਆਂ ਨਾਲ ਗੱਲ ਕਰਦਿਆਂ ਵਿਧਾਇਕ ਸ਼ੈਰੀ ਕਲਸੀ ਨੇ ਕਿਹਾ ਕਿ ਇਕ ਗੰਭੀਰ ਬਿਮਾਰੀ ਸਧਾਰਨ ਪਰਿਵਾਰ ਨੂੰ ਵਿੱਤੀ ਬੇਯਕੀਨੀ ਵੱਲ ਧੱਕ ਸਕਦੀ ਹੈ, ਪਰ ਪੰਜਾਬ ਵਿੱਚ ਹੁਣ ਲੱਖਾਂ ਘਰਾਂ ਤੱਕ 10 ਲੱਖ ਰੁਪਏ ਦੀ ਸਿਹਤ ਸੁਰੱਖਿਆ ਯੋਜਨਾ ਪਹੁੰਚ ਚੁੱਕੀ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਵੱਡਾ ਟੀਚਾ ਇਹ ਯਕੀਨੀ ਬਣਾਉਣਾ ਹੈ ਕਿ ਹਰ ਨਾਗਰਿਕ ਸਿਹਤਮੰਦ ਰਹੇ ਅਤੇ 'ਰੰਗਲਾ ਪੰਜਾਬ' ਸਿਰਜਿਆ ਜਾਵੇ।ਉਨ੍ਹਾਂ ਕਿਹਾ ਕਿ ਪੰਜਾਬ ਦੇ ਲੋਕਾਂ ਨੂੰ ਮਿਆਰੀ ਸਿਹਤ ਸਹੂਲਤਾਂ ਪ੍ਰਦਾਨ ਕਰਨਾ ਸਾਡੀ ਸਰਕਾਰ ਦੀ ਸਭ ਤੋਂ ਵੱਡੀ ਤਰਜੀਹ ਹੈ। ਅੱਜ ਲਾਭਪਾਤਰੀਆਂ ਨੂੰ ਸਿਹਤ ਕਾਰਡ ਵੰਡੇ ਗਏ, ਜਿਸ ਨਾਲ ਹਰ ਪਰਿਵਾਰ ਨੂੰ 10 ਲੱਖ ਰੁਪਏ ਤੱਕ ਦੇ ਮੁਫਤ ਇਲਾਜ ਦੀ ਸਹੂਲਤ ਮਿਲੀ ਹੈ।

ਇਸ ਮੌਕੇ ਲੋਕਾਂ ਨੇ ਵੀ ਸਰਕਾਰ ਦੇ ਇਸ ਉਪਰਾਲੇ ਦੀ ਤਹਿ ਦਿਲੋਂ ਸ਼ਲਾਘਾ ਕੀਤੀ ਹੈ।ਵਿਧਾਇਕ ਸ਼ੈਰੀ ਕਲਸੀ ਨੇ ਅੱਗੇ ਕਿਹਾ ਕਿ ਇਹ ਸਕੀਮ ਲਾਭਪਾਤਰੀਆਂ ਤੋਂ ਇੱਕ ਵੀ ਪੈਸਾ ਲਏ ਬਿਨਾਂ 10 ਲੱਖ ਰੁਪਏ ਤੱਕ ਦਾ ਕੈਸ਼ਲੈੱਸ ਇਲਾਜ ਮੁਹੱਈਆ ਕਰਵਾਉਂਦੀ ਹੈ। ਉਨ੍ਹਾਂ ਕਿਹਾ ਕਿ ਸਾਡਾ ਉਦੇਸ਼ ਸਿਰਫ ਇਲਾਜ ਮੁਹੱਈਆ ਕਰਵਾਉਣਾ ਹੀ ਨਹੀਂ ਹੈ, ਸਗੋਂ ਇਹ ਯਕੀਨੀ ਬਣਾਉਣਾ ਹੈ ਕਿ ਕੋਈ ਵੀ ਪਰਿਵਾਰ ਬਿਮਾਰੀ ਕਾਰਨ ਕਰਜੇ ਜਾਂ ਵਿੱਤੀ ਸੰਕਟ ਵਿੱਚ ਨਾ ਫਸੇ। ਸਿਹਤ ਸਹੂਲਤਾਂ ਕੋਈ ਅਜਿਹੀ ਐਸ਼ੋ-ਆਰਾਮ ਦੀ ਚੀਜ ਨਹੀਂ ਬਣਨੀ ਚਾਹੀਦੀ ਜੋ ਸਿਰਫ ਅਮੀਰਾਂ ਨੂੰ ਹੀ ਮਿਲ ਸਕੇ।

ਵੱਖ-ਵੱਖ ਸਰਕਾਰੀ ਉਪਰਾਲਿਆਂ ਰਾਹੀਂ ਦਿੱਤੀ ਜਾ ਰਹੀ ਵਿੱਤੀ ਰਾਹਤ 'ਤੇ ਚਾਨਣਾ ਪਾਉਂਦਿਆਂ ਉਨ੍ਹਾਂ ਕਿਹਾ, ਮਾਵਾਂ-ਧੀਆਂ ਸਤਿਕਾਰ ਯੋਜਨਾ, ਮੁਫਤ ਬੱਸ ਸਫਰ ਸਕੀਮ, ਪ੍ਰਾਈਵੇਟ ਸਕੂਲਾਂ ਦੀਆਂ ਫੀਸਾਂ ਨੂੰ ਨਿਯਮਤ ਕਰਨਾ, ਮੇਰੀ ਰਸੋਈ ਸਕੀਮ, ਮੁੱਖ ਮੰਤਰੀ ਸਿਹਤ ਯੋਜਨਾ ਅਤੇ ਹੋਰ ਅਜਿਹੀਆਂ ਸਕੀਮਾਂ ਸਮੂਹਿਕ ਤੌਰ 'ਤੇ ਪਰਿਵਾਰਾਂ ਨੂੰ ਵੱਡੀ ਬੱਚਤ ਅਤੇ ਲਾਭ ਪ੍ਰਦਾਨ ਕਰ ਰਹੀਆਂ ਹਨ। ਉਨ੍ਹਾਂ ਦੱਸਿਆ ਕਿ 1,100 ਆਮ ਆਦਮੀ ਕਲੀਨਿਕਾਂ ਦੇ ਨੈੱਟਵਰਕ ਰਾਹੀਂ ਸਾਡੇ ਸਿਹਤ ਸੰਭਾਲ ਬੁਨਿਆਦੀ ਢਾਂਚੇ ਨੂੰ ਵੀ ਮਜਬੂਤ ਕੀਤਾ ਗਿਆ ਹੈ। ਇਨ੍ਹਾਂ ਕਲੀਨਿਕਾਂ ਵਿੱਚ ਲਗਭਗ 5.5 ਕਰੋੜ ਦੀ ਓ.ਪੀ.ਡੀ. ਦਰਜ ਕੀਤੀ ਗਈ ਹੈ, ਜੋ ਇਹ ਦਰਸਾਉਂਦਾ ਹੈ ਕਿ ਕਿਵੇਂ ਮੁੱਢਲੀਆਂ ਸਿਹਤ ਸੇਵਾਵਾਂ ਨੂੰ ਰਿਹਾਇਸੀ ਖੇਤਰਾਂ ਦੇ ਨੇੜੇ ਲਿਆਂਦਾ ਗਿਆ ਹੈ।ਉਨ੍ਹਾਂ ਦੱਸਿਆ ਕਿ 'ਮਾਵਾਂ ਧੀਆਂ ਸਤਿਕਾਰ ਯੋਜਨਾ' ਤਹਿਤ ਤਿੰਨ ਮਹੀਨਿਆਂ ਦੀ ਕਿਸ਼ਤ 1 ਅਕਤੂਬਰ ਨੂੰ ਜਾਰੀ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਅਸੀਂ ਆਪਣੇ ਲਾਭਪਾਤਰੀਆਂ ਦਾ ਸਹਿਯੋਗ ਕਰਨ ਅਤੇ ਇਹ ਯਕੀਨੀ ਬਣਾਉਣ ਲਈ ਵਚਨਬੱਧ ਹਾਂ ਕਿ ਸਾਡੀਆਂ ਸਕੀਮਾਂ ਦਾ ਲਾਭ ਜ਼ਮੀਨੀ ਪੱਧਰ 'ਤੇ ਲੋਕਾਂ ਤੱਕ ਪਹੁੰਚੇ।

# ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲਾ ਮੈਜਿਸਟਰੇਟ ਗੁਰਦਾਸਪੁਰ ਵਲੋਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਕਟਾਈ ਉਪਰੰਤ ਇਸ ਦੀ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ ਤੇ ਮੁਕੰਮਲ ਤੌਰ ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ

**ਗੁਰਦਾਸਪੁਰ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਗੁਰਸਿਮਰਨ ਸਿੰਘ ਢਿੱਲੋਂ, ਵਧੀਕ ਜ਼ਿਲਾ ਮੈਜਿਸਟਰੇਟ, ਗੁਰਦਾਸਪੁਰ ਵਲੋਂ ਭਾਰਤੀ ਨਾਗਰਿਕ ਸੁਰੱਖਿਆ ਸੰਹਿਤਾ, 2023 ਦੀ ਧਾਰਾ, 163 ਅਧੀਨ ਅਧਿਕਾਰਾਂ ਦੀ ਵਰਤੋਂ ਕਰਦਿਆਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਝੋਨੇ ਦੀ ਕਟਾਈ ਉਪਰੰਤ ਇਸ ਦੀ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ 'ਤੇ ਮੁਕੰਮਲ ਤੌਰ 'ਤੇ ਪਾਬੰਦੀ ਲਗਾਉਣ ਦੇ ਹੁਕਮ ਜਾਰੀ ਕੀਤੇ ਹਨ।

ਜਾਰੀ ਕੀਤੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਝੋਨੇ ਦੀ ਫਸਲ ਦੀ ਕਟਾਈ ਜ਼ਿਆਦਾਤਰ ਕੰਬਾਇਨ ਮਸ਼ੀਨ ਦੁਆਰਾ ਹੀ ਕੀਤੀ ਜਾਂਦੀ ਹੈ ਅਤੇ ਝੋਨੇ ਦੀ ਪਰਾਲੀ/ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ। ਜਿਸ ਕਾਰਨ ਝੋਨੇ ਦੀ ਪਰਾਲੀ/ ਰਹਿੰਦ ਖੂੰਹਦ ਨੂੰ ਨਸ਼ਟ ਕਰਨ ਦੇ ਮੰਤਵ ਨਾਲ ਲਗਾਈ ਗਈ ਅੱਗ ਉਸ ਖੇਤ ਨਾਲ ਲੱਗਦੀਆਂ ਫਸਲਾਂ, ਘਰਾਂ, ਦਰੱਖਤਾਂ, ਪਸ਼ੂਆਂ, ਰਸਤੇ ਤੋਂ ਗੁਜਰਦੇ ਵਾਹਨਾਂ ਆਦਿ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ, ਜਿਸ ਨਾਲ ਕਾਫੀ ਜਾਨੀ/ ਮਾਲੀ ਨੁਕਸ਼ਾਨ ਹੁੰਦਾ ਹੈ ਅਤੇ ਕਈ ਹਾਦਸੇ ਵੀ ਵਾਪਰਦੇ ਹਨ। ਇਸ ਤੋਂ ਇਲਾਵਾ ਇਸ ਅੱਗ ਨਾਲ ਧਰਤੀ ਵਿਚੋਂ ਕਈ ਕੀਮਤੀ ਤੱਤ ਵੀ ਤਬਾਹ ਹੋ ਜਾਂਦੇ ਹਨ ਅਤੇ ਧਰਤੀ ਦੀ ਉਪਜਾਓ ਸ਼ਕਤੀ ਤੇ ਵੀ ਅਸਰ ਪੈਂਦਾ ਹੈ, ਸਿੱਟੇ ਵਜੋਂ ਜਨ-ਜੀਵਨ ਅਤੇ ਵਾਤਾਵਰਣ ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ। ਇਸ ਸਥਿਤੀ ਨੂੰ ਮੁੱਖ ਰੱਖਦਿਆਂ ਹੋਇਆਂ ਝੋਨੇ ਦੀ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਲਾ ਕੇ ਸਾੜਨ ਨੂੰ ਰੋਕਣ ਦੀ ਅਤਿਅੰਤ ਜ਼ਰੂਰਤ ਹੈ।

ਇਹ ਹੁਕਮ ਮਿਤੀ 15.09.2026 ਤੋਂ ਮਿਤੀ 15.11.2026 ਤੱਕ ਲਾਗੂ ਰਹਿਣਗੇ। ਹੁਕਮ ਦੀ ਉਲੰਘਣਾ ਹੋਣ 'ਤੇ ਪੁਲਿਸ ਵਲੋਂ ਧਾਰਾ 163 ਅਧੀਨ ਜਾਰੀ ਕੀਤੇ ਹੁਕਮ ਵਿੱਚ ਕਿਹਾ ਗਿਆ ਹੈ ਕਿ ਇਹ ਆਮ ਵੇਖਣ ਵਿੱਚ ਆਇਆ ਹੈ ਕਿ ਝੋਨੇ ਦੀ ਫਸਲ ਦੀ ਕਟਾਈ ਜ਼ਿਆਦਾਤਰ ਕੰਬਾਇਨ ਮਸ਼ੀਨ ਦੁਆਰਾ ਹੀ ਕੀਤੀ ਜਾਂਦੀ ਹੈ ਅਤੇ ਝੋਨੇ ਦੀ ਪਰਾਲੀ/ ਰਹਿੰਦ-ਖੂੰਹਦ ਨੂੰ ਜ਼ਮੀਨ ਵਿੱਚ ਹੀ ਛੱਡ ਦਿੱਤਾ ਜਾਂਦਾ ਹੈ ਅਤੇ ਬਾਅਦ ਵਿੱਚ ਇਸ ਪਰਾਲੀ/ ਰਹਿੰਦ-ਖੂੰਹਦ ਨੂੰ ਅੱਗ ਲਗਾ ਕੇ ਸਾੜਿਆ ਜਾਂਦਾ ਹੈ। ਜਿਸ ਕਾਰਨ ਝੋਨੇ ਦੀ ਪਰਾਲੀ/ ਰਹਿੰਦ ਖੂੰਹਦ ਨੂੰ ਨਸ਼ਟ ਕਰਨ ਦੇ ਮੰਤਵ ਨਾਲ ਲਗਾਈ ਗਈ ਅੱਗ ਉਸ ਖੇਤ ਨਾਲ ਲੱਗਦੀਆਂ ਫਸਲਾਂ, ਘਰਾਂ, ਦਰੱਖਤਾਂ, ਪਸ਼ੂਆਂ, ਰਸਤੇ ਤੋਂ ਗੁਜਰਦੇ ਵਾਹਨਾਂ ਆਦਿ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਂਦੀ ਹੈ, ਜਿਸ ਨਾਲ ਕਾਫੀ ਜਾਨੀ/ ਮਾਲੀ ਨੁਕਸ਼ਾਨ ਹੁੰਦਾ ਹੈ ਅਤੇ ਕਈ ਹਾਦਸੇ ਵੀ ਵਾਪਰਦੇ ਹਨ। ਇਸ ਤੋਂ ਇਲਾਵਾ ਇਸ ਅੱਗ ਨਾਲ ਧਰਤੀ ਵਿਚੋਂ ਕਈ ਕੀਮਤੀ ਤੱਤ ਵੀ ਤਬਾਹ ਹੋ ਜਾਂਦੇ ਹਨ ਅਤੇ ਧਰਤੀ ਦੀ ਉਪਜਾਓ ਸ਼ਕਤੀ ਤੇ ਵੀ ਅਸਰ ਪੈਂਦਾ ਹੈ।

# ਹਰਿਆਣਾ ਵਿੱਚ 'ਪਰਾਲੀ ਸੁਰੱਖਿਆ ਬਲ' ਕਰੇਗਾ ਪਰਾਲੀ ਸਾੜਨ ਦੀ ਰੋਕਥਾਮ

➢ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਤਾਇਨਾਤ ਹੋਣਗੀਆਂ ਵਿਸ਼ੇਸ਼ ਟੀਮਾਂ, ਡਰੋਨ ਕਰੇਗਾ ਨਿਗਰਾਨੀ ਅਤੇ ਦੇਰ ਸ਼ਾਮ ਗਸ਼ਤ ਹੋਵੇਗੀ ਤੇਜ਼ ➢ ਮਸ਼ੀਨਰੀ ਦੀ ਬਿਹਤਰ ਵਰਤੋਂ ਲਈ ਕਿਸਾਨਾਂ ਨੂੰ 1,200 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ

**ਚੰਡੀਗੜ੍ਹ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਸਰਕਾਰ ਨੇ ਝੋਨੇ ਦੀ ਪਰਾਲੀ ਸਾੜਨ ਦੀਆਂ ਘਟਨਾਵਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਰੋਕਣ ਲਈ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ 'ਪਰਾਲੀ ਸੁਰੱਖਿਆ ਬਲ' ਗਠਿਤ ਕਰਨ ਦਾ ਫ਼ੈਸਲਾ ਕੀਤਾ ਹੈ। ਇਹ ਬਲ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਨਿਗਰਾਨੀ ਅਤੇ ਰੋਕਥਾਮ ਦੇ ਨਾਲ-ਨਾਲ ਜ਼ਰੂਰੀ ਕਾਰਵਾਈ ਯਕੀਨੀ ਬਣਾਉਣਗੇ। ਇਸ ਤੋਂ ਇਲਾਵਾ, ਦੇਰ ਸ਼ਾਮ ਅਤੇ ਰਾਤ ਦੇ ਸਮੇਂ ਗਸ਼ਤ ਵਧਾਈ ਜਾਵੇਗੀ ਅਤੇ ਖੇਤਾਂ ਵਿੱਚ ਅੱਗ ਦੀਆਂ ਘਟਨਾਵਾਂ ਦੀ ਨਿਗਰਾਨੀ ਲਈ ਡਰੋਨ ਦੀ ਵਰਤੋਂ ਕੀਤੀ ਜਾਵੇਗੀ। ਸਰਕਾਰ ਨੇ ਫ਼ਸਲ ਰਹਿੰਦ ਖੂਹਦ ਪ੍ਰਬੰਧਨ ਮਸ਼ੀਨਰੀ ਦੀ ਬਿਹਤਰ ਵਰਤੋਂ ਲਈ ਕਿਸਾਨਾਂ ਨੂੰ 1,200 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਦੇਣ ਦਾ ਵੀ ਪ੍ਰਬੰਧ ਕੀਤਾ ਹੈ।



ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਅੱਜ ਇੱਥੇ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਰੋਕ ਲਗਾਉਣ ਅਤੇ ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਨਿਰਦੇਸ਼ਾਂ ਦੀ ਪਾਲਣਾ ਦੇ ਸੰਬੰਧ ਵਿੱਚ ਰਾਜ ਕਾਰਜ ਯੋਜਨਾ ਦੀ ਸਮੀਖਿਆ ਕੀਤੀ। ਮੀਟਿੰਗ ਵਿੱਚ ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਵੱਲੋਂ ਰਾਜ ਵਿੱਚ ਪਰਾਲੀ ਪ੍ਰਬੰਧਨ ਅਤੇ ਨਿਗਰਾਨੀ ਲਈ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੱਤੀ ਗਈ।

ਕਾਰਜ ਯੋਜਨਾ ਤਹਿਤ ਗਠਿਤ 'ਪਰਾਲੀ ਸੁਰੱਖਿਆ ਬਲ' ਵਿੱਚ ਪੁਲਿਸ ਕਰਮਚਾਰੀਆਂ ਦੇ ਨਾਲ ਖੇਤੀਬਾੜੀ ਵਿਭਾਗ ਦੇ ਅਧਿਕਾਰੀਆਂ, ਪ੍ਰਸ਼ਾਸਨਿਕ ਅਧਿਕਾਰੀਆਂ, ਨੋਡਲ ਅਤੇ ਕਲੱਸਟਰ ਅਧਿਕਾਰੀਆਂ ਅਤੇ ਹੋਰ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨੂੰ ਸ਼ਾਮਲ ਕੀਤਾ ਜਾਵੇਗਾ। ਇਹ ਬਲ ਜ਼ਿਲ੍ਹਾ ਅਤੇ ਬਲਾਕ ਪੱਧਰ 'ਤੇ ਕੰਮ ਕਰੇਗਾ ਅਤੇ ਖੇਤਾਂ ਵਿੱਚ ਅੱਗ ਲੱਗਣ ਦੀਆਂ ਘਟਨਾਵਾਂ ਦੀ ਨਿਗਰਾਨੀ ਕਰਨ ਦੇ ਨਾਲ-ਨਾਲ ਪਰਾਲੀ ਸਾੜਨ ਦੀਆਂ ਘਟਨਾਵਾਂ 'ਤੇ ਤੁਰੰਤ ਕਾਰਵਾਈ ਯਕੀਨੀ ਬਣਾਏਗਾ।

ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਦੇ ਵਧੀਕ ਮੁੱਖ ਸਕੱਤਰ ਸ੍ਰੀ ਵਿਜੇਂਦਰ ਕੁਮਾਰ ਨੇ ਦੱਸਿਆ ਕਿ ਦੇਰ ਸ਼ਾਮ ਗਸ਼ਤ ਵਧਾਉਣ ਦੇ ਨਿਰਦੇਸ਼ ਦਿੱਤੇ ਗਏ ਹਨ, ਕਿਉਂਕਿ ਕੁਝ ਕਿਸਾਨਾਂ ਵੱਲੋਂ ਉਪਗ੍ਰਹਿਆਂ ਦੀ ਨਿਗਰਾਨੀ ਤੋਂ ਬਚਣ ਲਈ ਹਨ੍ਹੇਰਾ ਹੋਣ ਤੋਂ ਬਾਅਦ ਪਰਾਲੀ ਸਾੜਨ ਦੀ ਕੋਸ਼ਿਸ਼ ਕੀਤੀ ਜਾਂਦੀ ਹੈ। ਅਜਿਹੇ ਮਾਮਲਿਆਂ ਦੀ ਪ੍ਰਭਾਵਸ਼ਾਲੀ ਰੋਕਥਾਮ ਲਈ ਜ਼ਮੀਨੀ ਪੱਧਰ 'ਤੇ ਨਿਗਰਾਨੀ ਅਤੇ ਗਸ਼ਤ ਨੂੰ ਹੋਰ ਮਜ਼ਬੂਤ ਕੀਤਾ ਜਾ ਰਿਹਾ ਹੈ। ਕਾਰਜ ਯੋਜਨਾ ਅਨੁਸਾਰ ਪਰਾਲੀ ਸਾੜਨ ਦੀ ਹਰ ਇੱਕ ਤਸਦੀਕਸ਼ੁਦਾ ਘਟਨਾ ਵਿੱਚ ਤਿੰਨ ਪੱਧਰਾਂ 'ਤੇ ਕਾਰਵਾਈ ਕੀਤੀ ਜਾਵੇਗੀ। ਸਬੰਧਤ ਮਾਮਲੇ ਵਿੱਚ ਐੱਫ.ਆਈ.ਆਰ. ਦਰਜ ਕੀਤੀ ਜਾਵੇਗੀ, ਚਲਾਨ ਕੀਤਾ ਜਾਵੇਗਾ ਅਤੇ ਕਿਸਾਨ ਦੇ ਜ਼ਮੀਨੀ ਰਿਕਾਰਡ ਵਿੱਚ 'ਰੈੱਡ ਐਂਟਰੀ' ਕੀਤੀ ਜਾਵੇਗੀ। ਇਸ ਦੇ ਨਾਲ ਹੀ ਨਿਰਧਾਰਤ ਵਾਤਾਵਰਣਕ ਨੁਕਸਾਨ ਦੀ ਭਰਪਾਈ ਰਾਸ਼ੀ ਵੀ ਸਬੰਧਤ ਉਲੰਘਣਾ ਕਰਨ ਵਾਲੇ ਤੋਂ ਵਸੂਲੀ ਜਾਵੇਗੀ।

ਸਰਕਾਰ ਵੱਲੋਂ ਪਰਾਲੀ ਸਾੜਨ ਦੇ ਬਦਲ ਉਪਲਬਧ ਕਰਵਾਉਣ 'ਤੇ ਵੀ ਵਿਸ਼ੇਸ਼ ਜ਼ੋਰ ਦਿੱਤਾ ਜਾ ਰਿਹਾ ਹੈ। ਕਿਸਾਨਾਂ ਨੂੰ ਫ਼ਸਲ ਰਹਿੰਦ ਪ੍ਰਬੰਧਨ ਮਸ਼ੀਨਰੀ ਦੀ ਬਿਹਤਰ ਵਰਤੋਂ ਲਈ 1,200 ਰੁਪਏ ਪ੍ਰਤੀ ਏਕੜ ਪ੍ਰੋਤਸਾਹਨ ਦਿੱਤਾ ਜਾ ਰਿਹਾ ਹੈ। ਇਸ ਤੋਂ ਇਲਾਵਾ, ਫ਼ਸਲ ਦੀ ਰਹਿਦ ਪ੍ਰਬੰਧਨ ਮਸ਼ੀਨਰੀ ਦੀ ਖਰੀਦ 'ਤੇ ਸਬਸਿਡੀ ਵੀ ਉਪਲਬਧ ਕਰਵਾਈ ਜਾ ਰਹੀ ਹੈ। ਝੋਨੇ ਦੀ ਕਟਾਈ ਦੇ ਪ੍ਰੋਗਰਾਮ ਅਨੁਸਾਰ ਬੇਲਰ, ਰੇਕਰਸ ਅਤੇ ਹੋਰ ਫ਼ਸਲ ਦਾ ਬਾਕੀ ਰਹਿੰਦ ਪ੍ਰਬੰਧਨ ਮਸ਼ੀਨਰੀ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿੱਚ ਤਬਦੀਲ ਕਰਨ ਦੀ ਯੋਜਨਾ ਬਣਾਈ ਗਈ ਹੈ। ਸਤੰਬਰ ਮਹੀਨੇ ਤੋਂ ਯਮੁਨਾਨਗਰ, ਅੰਬਾਲਾ, ਕਰਨਾਲ ਅਤੇ ਕੁਰੂਕਸ਼ੇਤਰ ਵਿੱਚ ਝੋਨੇ ਦੀ ਕਟਾਈ ਸ਼ੁਰੂ ਹੁੰਦੀ ਹੈ, ਜਦੋਂ ਕਿ ਅਕਤੂਬਰ ਦੇ ਆਖ਼ਰੀ ਹਫ਼ਤੇ ਸਿਰਸਾ, ਫ਼ਤਹਿਹਾਬਾਦ, ਹਿਸਾਰ ਅਤੇ ਜੀਂਦ ਵਰਗੇ ਜ਼ਿਲ੍ਹਿਆਂ ਵਿੱਚ ਕਟਾਈ ਦਾ ਕੰਮ ਤੇਜ਼ ਹੁੰਦਾ ਹੈ। ਅਧਿਕਾਰੀਆਂ ਨੂੰ ਗੁਆਂਢੀ ਰਾਜਾਂ ਅਤੇ ਹਰਿਆਣਾ ਦੇ ਆਸ-ਪਾਸ ਦੇ ਜ਼ਿਲ੍ਹਿਆਂ ਵਿੱਚ ਮਸ਼ੀਨਰੀ ਦੇ ਮਾਲਕਾਂ ਨਾਲ ਤਾਲਮੇਲ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਤਾਂ ਜੋ ਕਟਾਈ ਦੇ ਸਮੇਂ ਲੋੜੀਂਦੀ ਮਸ਼ੀਨਰੀ ਦੀ ਉਪਲਬਧਤਾ ਯਕੀਨੀ ਬਣਾਈ ਜਾ ਸਕੇ।

ਪਰਾਲੀ ਪ੍ਰਬੰਧਨ ਅਤੇ ਖੇਤ ਪੱਧਰ 'ਤੇ ਨਿਗਰਾਨੀ ਲਈ 8,134 ਪਿੰਡ ਪੱਧਰੀ ਨੋਡਲ ਅਧਿਕਾਰੀਆਂ ਦੀ ਨਿਯੁਕਤੀ ਕੀਤੀ ਗਈ ਹੈ। ਰਾਜ ਵਿੱਚ ਲਗਭਗ 5,600 ਪਿੰਡਾਂ ਵਿੱਚ 6,21,285 ਰਜਿਸਟਰਡ ਝੋਨਾ ਉਤਪਾਦਕ ਕਿਸਾਨ ਹਨ, ਜਿਨ੍ਹਾਂ ਕੋਲ ਲਗਭਗ 34.1 ਲੱਖ ਏਕੜ ਖੇਤਰ ਵਿੱਚ ਝੋਨੇ ਦੀ ਖੇਤੀ ਹੈ। ਹੁਣ ਤੱਕ 6,04,314 ਕਿਸਾਨਾਂ ਨੂੰ ਨੋਡਲ ਅਧਿਕਾਰੀਆਂ ਵੱਲੋਂ ਕਵਰ ਕੀਤਾ ਜਾ ਚੁੱਕਾ ਹੈ, ਜਦੋਂ ਕਿ 16,971 ਕਿਸਾਨਾਂ ਨੂੰ ਅਜੇ ਕਵਰ ਕੀਤਾ ਜਾਣਾ ਬਾਕੀ ਹੈ। ਨਿਗਰਾਨੀ ਪ੍ਰਣਾਲੀ ਤਹਿਤ ਆਮ ਪਿੰਡਾਂ ਵਿੱਚ ਇੱਕ ਨੋਡਲ ਅਧਿਕਾਰੀ ਨੂੰ ਵੱਧ ਤੋਂ ਵੱਧ 100 ਕਿਸਾਨਾਂ ਨਾਲ ਅਤੇ ਹੌਟਸਪੌਟ ਪਿੰਡਾਂ ਵਿੱਚ ਵੱਧ ਤੋਂ ਵੱਧ 50 ਕਿਸਾਨਾਂ ਨਾਲ ਜੋੜਿਆ ਜਾਵੇਗਾ। ਨੋਡਲ ਅਧਿਕਾਰੀ ਮੋਬਾਈਲ ਐਪ ਰਾਹੀਂ ਖੇਤਾਂ ਵਿੱਚ ਸਰਗਰਮ ਅੱਗ ਦੀ ਲੋਕੇਸ਼ਨ ਦੀ ਸੂਚਨਾ ਦੇਣਗੇ ਅਤੇ ਇਹ ਵੀ ਦਰਜ ਕਰਨਗੇ ਕਿ ਸਬੰਧਤ ਕਿਸਾਨ ਫ਼ਸਲ ਦੀ ਬਚਤ ਦਾ ਪ੍ਰਬੰਧ ਖੇਤ ਵਿੱਚ ਹੀ ਕਰਨ, ਖੇਤ ਤੋਂ ਬਾਹਰ ਕੱਢ ਕੇ ਕਰਨ ਜਾਂ ਚਾਰੇ ਵਜੋਂ ਵਰਤੋਂ ਕਰਨ ਵਰਗੀਆਂ ਵਿਧੀਆਂ ਨਾਲ ਕਰ ਰਹੇ ਹਨ ਜਾਂ ਨਹੀਂ। ਮੋਬਾਈਲ ਐਪ 'ਤੇ ਦਰਜ ਸਰਗਰਮ ਅੱਗ ਦੀਆਂ ਘਟਨਾਵਾਂ 'ਤੇ ਪਰਾਲੀ ਸੁਰੱਖਿਆ ਬਲ ਵੱਲੋਂ ਤੁਰੰਤ ਕਾਰਵਾਈ ਕੀਤੀ ਜਾਵੇਗੀ।

ਰਾਜ ਸਰਕਾਰ ਨੇ ਡਰੋਨ ਆਧਾਰਿਤ ਨਿਗਰਾਨੀ ਪ੍ਰਣਾਲੀ ਨੂੰ ਵੀ ਮਜ਼ਬੂਤ ਕਰਨ ਦੀ ਦਿਸ਼ਾ ਵਿੱਚ ਕਦਮ ਚੁੱਕੇ ਹਨ। ਸੀ.ਏ.ਕਿਊ.ਐੱਮ. ਦੇ ਨਿਰਦੇਸ਼ਾਂ ਦੇ ਅਨੁਰੂਪ ਰਾਜ ਵਿੱਚ 'ਦ੍ਰਿਸ਼' ਦੇ ਸਹਿਯੋਗ ਨਾਲ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਨਿਗਰਾਨੀ ਲਈ ਡਰੋਨ ਤਾਇਨਾਤ ਕੀਤੇ ਜਾ ਰਹੇ ਹਨ। ਡਿਪਟੀ ਕਮਿਸ਼ਨਰਾਂ ਨੂੰ ਪਹਿਲਾਂ ਹੀ ਉਨ੍ਹਾਂ ਪਿੰਡਾਂ ਅਤੇ ਥਾਵਾਂ ਦੀ ਪਛਾਣ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ, ਜਿੱਥੇ ਡਰੋਨ ਰਾਹੀਂ ਨਿਗਰਾਨੀ ਕੀਤੀ ਜਾਵੇਗੀ।

ਖੇਤਰੀ ਅਧਿਕਾਰੀਆਂ ਨੂੰ ਸੀ.ਏ.ਕਿਊ.ਐੱਮ. ਅਤੇ ਐੱਨ.ਆਰ.ਐੱਸ.ਈ. ਵੱਲੋਂ ਖੇਤਾਂ ਵਿੱਚ ਸੜੇ ਹੋਏ ਖੇਤਰ ਦਾ ਮੁਲਾਂਕਣ ਕਰਨ ਲਈ ਸਿਖਲਾਈ ਵੀ ਦਿੱਤੀ ਗਈ ਹੈ। ਅਧਿਕਾਰੀਆਂ ਨੂੰ ਕੇਂਦਰ ਸਰਕਾਰ ਦੁਆਰਾ ਵਿਕਸਤ 'ਭੂਵਨ' ਐਪ ਦੇ ਮਾਧਿਅਮ ਨਾਲ ਨਿਰਧਾਰਤ ਥਾਵਾਂ ਦਾ ਸਰਵੇਖਣ ਪੂਰਾ ਕਰਨ ਦੇ ਨਿਰਦੇਸ਼ ਦਿੱਤੇ ਗਏ ਹਨ। ਕਾਰਜ ਯੋਜਨਾ ਤਹਿਤ ਸਰਕਾਰੀ ਅਤੇ ਪੰਚਾਇਤੀ ਜ਼ਮੀਨ ਦੀ ਪਛਾਣ ਕਰਕੇ ਉੱਥੇ ਪਰਾਲੀ ਤੋਂ ਤਿਆਰ ਗੰਢਾਂ ਦੇ ਸੁਰੱਖਿਅਤ ਸਟੋਰੇਜ (ਭੰਡਾਰਨ) ਦਾ ਪ੍ਰਬੰਧ ਕੀਤਾ ਜਾਵੇਗਾ। ਪਰਾਲੀ ਦੀ ਵਰਤੋਂ ਕਰਨ ਵਾਲੇ ਉਦਯੋਗਾਂ ਨਾਲ ਤਾਲਮੇਲ ਕਰਕੇ ਭੰਡਾਰਨ ਸੁਵਿਧਾਵਾਂ ਵਿਕਸਤ ਕੀਤੀਆਂ ਜਾਣਗੀਆਂ। ਜ਼ਿਲ੍ਹਾ ਪੱਧਰ 'ਤੇ ਸਪਲਾਈ ਚੇਨ ਦੀ ਕਾਰਜ ਯੋਜਨਾ ਵੀ ਬਣਾਈ ਜਾਵੇਗੀ। ਇਸ ਤਹਿਤ ਬੇਲਿੰਗ, ਪੈਲੇਟਿੰਗ, ਬ੍ਰਿਕੇਟਿੰਗ ਅਤੇ ਸਟੋਰੇਜ ਦੀਆਂ ਉਪਲਬਧ ਸੁਵਿਧਾਵਾਂ ਨੂੰ ਚਿੰਨ੍ਹਿਤ ਕਰਕੇ ਕਿਸਾਨਾਂ ਨੂੰ ਪਰਾਲੀ ਦੀ ਵਰਤੋਂ ਕਰਨ ਵਾਲੇ ਅੰਤਿਮ ਖਪਤਕਾਰ ਉਦਯੋਗਾਂ ਨਾਲ ਜੋੜਿਆ ਜਾਵੇਗਾ।

ਰਾਜ ਸਰਕਾਰ ਵੱਲੋਂ ਪਰਾਲੀ ਸਾੜਨ ਦੇ ਮਾੜੇ ਪ੍ਰਭਾਵਾਂ ਅਤੇ ਫ਼ਸਲ ਦੀ ਰਹਿੰਦ ਪ੍ਰਬੰਧਨ ਦੇ ਬਦਲਵੇਂ ਉਪਾਵਾਂ ਬਾਰੇ ਜਾਗਰੂਕਤਾ ਮੁਹਿੰਮ ਵੀ ਚਲਾਈ ਜਾ ਰਹੀ ਹੈ। ਹੁਣ ਤੱਕ ਪਿੰਡ ਅਤੇ ਬਲਾਕ ਪੱਧਰ 'ਤੇ 646 ਕੈਂਪ, ਸੰਵਾਦ ਪ੍ਰੋਗਰਾਮ ਅਤੇ ਪ੍ਰਦਰਸ਼ਨ ਆਯੋਜਿਤ ਕੀਤੇ ਜਾ ਚੁੱਕੇ ਹਨ, ਜਿਨ੍ਹਾਂ ਵਿੱਚ 23 ਹਜ਼ਾਰ ਤੋਂ ਵੱਧ ਕਿਸਾਨਾਂ ਨੇ ਹਿੱਸਾ ਲਿਆ। ਇਸ ਤੋਂ ਇਲਾਵਾ, ਸਕੂਲਾਂ ਅਤੇ ਕਾਲਜਾਂ ਵਿੱਚ 370 ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ ਹਨ, ਜਿਨ੍ਹਾਂ ਵਿੱਚ 19 ਹਜ਼ਾਰ ਤੋਂ ਵੱਧ ਵਿਦਿਆਰਥੀਆਂ ਨੇ ਭਾਗ ਲਿਆ।

ਮੁੱਖ ਸਕੱਤਰ ਸ੍ਰੀ ਅਨੁਰਾਗ ਰਸਤੋਗੀ ਨੇ ਸਬੰਧਤ ਵਿਭਾਗਾਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਪਰਾਲੀ ਸਾੜਨ ਦੀਆਂ ਘਟਨਾਵਾਂ ਦੀ ਰੋਕਥਾਮ ਲਈ ਨਿਗਰਾਨੀ, ਲਾਗੂਕਰਨ, ਪ੍ਰਵਰਤਨ, ਮਸ਼ੀਨਰੀ ਦੀ ਉਪਲਬਧਤਾ ਅਤੇ ਕਿਸਾਨਾਂ ਨਾਲ ਨਿਰੰਤਰ ਸੰਵਾਦ ਅਤੇ ਪ੍ਰਭਾਵਸ਼ਾਲੀ ਤਾਲਮੇਲ ਯਕੀਨੀ ਬਣਾਉਣ ??ਨਿਰਦੇਸ਼ ਦਿੱਤੇ। ਉਨ੍ਹਾਂ ਕਿਹਾ ਕਿ ਫ਼ਸਲ ਬਾਕੀ ਪ੍ਰਬੰਧਨ ਲਈ ਕਿਸਾਨਾਂ ਨੂੰ ਜ਼ਰੂਰੀ ਸਾਧਨ ਅਤੇ ਵਿਹਾਰਕ ਬਦਲ ਉਪਲਬਧ ਕਰਵਾਉਣ ਦੇ ਨਾਲ-ਨਾਲ ਨਿਯਮਾਂ ਦੀ ਪ੍ਰਭਾਵਸ਼ਾਲੀ ਪਾਲਣਾ ਵੀ ਯਕੀਨੀ ਬਣਾਈ ਜਾਵੇ।

# ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਹਲਕੇ ਦੇ ਪਿੰਡ ਸਤੀਰਵਾਲਾ ਤੇ ਖੁਈਖੇੜਾ ਦੇ ਲੋਕਾਂ ਨਾਲ ਲੋਕ ਮਿਲਣੀ ਦੌਰਾਨ ਸਮੱਸਿਆਵਾਂ ਦਾ ਕੀਤਾ ਹੱਲ



**ਫਾਜ਼ਿਲਕਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਫਾਜ਼ਿਲਕਾ ਦੇ ਵਿਧਾਇਕ ਸ. ਨਰਿੰਦਰਪਾਲ ਸਿੰਘ ਸਵਨਾ ਵੱਲੋਂ ਹਲਕਾ ਫਾਜ਼ਿਲਕਾ ਦੇ ਪਿੰਡ ਸ਼ਤੀਰਵਾਲਾ ਤੇ ਖੁਈਖੇੜਾ ਵਿਖੇ ਪਹੁੰਚ ਕੇ ਪਿੰਡ ਵਾਸੀਆਂ ਨਾਲ ਲੋਕ ਮਿਲਣੀ ਕਰਕੇ ਲੋਕਾਂ ਦਾ ਹਾਲ ਜਾਣਿਆ।

ਇਸ ਦੌਰਾਨ ਜਿੱਥੇ ਉਨ੍ਹਾਂ ਪਿੰਡ ਵਾਸੀਆਂ ਦੀਆਂ ਸਮੱਸਿਆਵਾਂ ਸੁਣਨ ਉਪਰੰਤ ਸਮੱਸਿਆ ਦਾ ਹੱਲ ਵੀ ਕੀਤਾ।

ਇਸ ਮੌਕੇ ਬੋਲਦਿਆਂ ਵਿਧਾਇਕ ਨਰਿੰਦਰਪਾਲ ਸਿੰਘ ਸਵਨਾ ਨੇ ਕਿਹਾ ਕਿ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਸੂਬੇ ਦੇ ਸਰਵਪੱਖੀ ਵਿਕਾਸ ਦੇ ਨਾਲ-ਨਾਲ ਸੂਬੇ ਵਿੱਚੋਂ ਨਸ਼ਿਆਂ ਦੇ ਖਾਤਮੇ ਲਈ ਸਿਰਤੋੜ ਯਤਨ ਕਰ ਰਹੀ ਹੈ।

ਇਸੇ ਤਹਿਤ ਜਿੱਥੇ ਪਿੰਡਾਂ ਵਿੱਚ ਸੜਕਾਂ ਤੇ ਗਲੀਆਂ ਦਾ ਨਵੀਨੀਕਰਨ ਕੀਤਾ ਗਿਆ ਹੈ। ਉੱਥੇ ਹੀ ਪਿੰਡਾਂ ਵਿੱਚ ਨਵੇਂ ਖੇਡ ਸਟੇਡੀਅਮ ਤੇ ਗ੍ਰਾਊਂਡ ਬਣਾਏ ਜਾ ਰਹੇ ਹਨ ਤਾਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਤਹਿਤ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਿਆ ਜਾ ਰਿਹਾ ਹੈ।

ਉਨ੍ਹਾਂ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਲਈ ਪ੍ਰੇਰਦਿਆਂ ਕਿਹਾ ਕਿ ਖੇਡਾਂ ਖੇਡਣ ਨਾਲ ਜਿੱਥੇ ਉਨ੍ਹਾਂ ਨੂੰ ਸਰੀਰਕ ਪੱਖੋਂ ਤੰਦਰੁਸਤੀ ਮਿਲੇਗੀ ਉੱਥੇ ਮਾਨਸਿਕ ਪੱਖੋਂ ਵੀ ਉਹ ਮਜ਼ਬੂਤ ਹੋਣਗੇ।

ਉਨ੍ਹਾਂ ਪਿੰਡ ਵਾਸੀਆਂ ਨੂੰ ਕਿਹਾ ਕਿ ਜੇਕਰ ਪਿੰਡ ਦੀ ਕੋਈ ਹੋਰ ਜ਼ਰੂਰਤ ਜਾਂ ਲੋੜ ਹੈ ਤਾਂ ਬੇਝਜਿਕ ਹੋ ਕੇ ਉਨ੍ਹਾਂ ਨੂੰ ਦੱਸਣ, ਹਰ ਜ਼ਰੂਰਤ ਤੇ ਮੁਸ਼ਕਲ ਦਾ ਹੱਲ ਪਹਿਲ ਦੇ ਆਧਾਰ ਤੇ ਕੀਤਾ ਜਾਵੇਗਾ

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਕੋਲ ਫੰਡਾਂ ਦੀ ਕੋਈ ਘਾਟ ਨਹੀਂ ਹੈ ਤੇ ਸਾਰੇ ਵਿਕਾਸ ਦੇ ਕਾਰਜ ਪਾਰਟੀਬਾਜ਼ੀ ਤੋਂ ਉੱਪਰ ਉੱਠ ਕੇ ਬਿਨਾਂ ਕਿਸੇ ਭੇਦਭਾਵ ਦੇ ਕੀਤੇ ਜਾ ਰਹੇ ਹਨ।

ਇਸ ਮੌਕੇ ਸਰਪੰਚ ਬਲਰਾਮ ਫੌਜੀ, ਸਰਪੰਚ ਬੰਟੀ, ਸਰਵਨ ਕੁਮਾਰ, ਸਰਪੰਚ ਵਿਨੋਦ ਕੁਮਾਰ ਹੀਰਾਂ ਵਾਲੀ, ਸਾਹਿਬ ਰਾਮ, ਸੋਹਣ ਲਾਲ, ਸੁਰਿੰਦਰ ਕੰਸੂਜੀਆ, ਪ੍ਰਗਟ ਸਿੰਘ, ਮੇਨਪਾਲ ਤੋਂ ਇਲਾਵਾ ਵੱਡੀ ਗਿਣਤੀ ਵਿਚ ਲੋਕ ਹਾਜ਼ਰ ਸਨ।




# ਰੂਸ-ਯੂਕਰੇਨ ਤੋਂ ਲੈ ਕੇ ਪੱਛਮੀ ਏਸ਼ੀਆ ਅਤੇ ਅਫਗਾਨਿਸਤਾਨ ਤੱਕ ਫੌਜੀ ਤਣਾਅ; ਤੇਲ, ਵਪਾਰ ਅਤੇ ਆਮ ਲੋਕਾਂ ਦੀ ਸੁਰੱਖਿਆ ਉੱਤੇ ਮੰਡਰਾ ਰਿਹਾ ਸੰਕਟ

**ਰਿਚਿਕ ਮਿਸ਼ਰਾ**

ਦੁਨੀਆ ਇਸ ਸਮੇਂ ਅਜਿਹੇ ਦੌਰ ਵਿੱਚੋਂ ਲੰਘ ਰਹੀ ਹੈ, ਜਿੱਥੇ ਕਈ ਦੇਸ਼ਾਂ ਵਿਚਕਾਰ ਜੰਗ ਚੱਲ ਰਹੀ ਹੈ ਅਤੇ ਕਈ ਥਾਵਾਂ ਉੱਤੇ ਫੌਜੀ ਟਕਰਾਅ ਦਾ ਖ਼ਤਰਾ ਬਣਿਆ ਹੋਇਆ ਹੈ। ਰੂਸ ਅਤੇ ਯੂਕਰੇਨ ਦੀ ਜੰਗ ਨੂੰ ਚਾਰ ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ। ਪੱਛਮੀ ਏਸ਼ੀਆ ਵਿੱਚ ਈਰਾਨ, ਅਮਰੀਕਾ ਅਤੇ ਇਜ਼ਰਾਈਲ ਵਿਚਕਾਰ ਤਣਾਅ ਹੈ। ਯਮਨ ਦੇ ਹੂਤੀ ਬਾਗੀਆਂ ਅਤੇ ਸਾਊਦੀ ਅਰਬ ਵਿਚਕਾਰ ਟਕਰਾਅ ਦਾ ਖ਼ਤਰਾ ਵੀ ਬਰਕਰਾਰ ਹੈ। ਦੂਜੇ ਪਾਸੇ ਉੱਤਰੀ ਕੋਰੀਆ ਦੀਆਂ ਫੌਜੀ ਸਰਗਰਮੀਆਂ ਕਾਰਨ ਜਾਪਾਨ ਅਤੇ ਦੱਖਣੀ ਕੋਰੀਆ ਚੌਕਸ ਹਨ। ਪਾਕਿਸਤਾਨ ਅਤੇ ਅਫਗਾਨਿਸਤਾਨ ਦੀ ਸਰਹੱਦ ਉੱਤੇ ਵੀ ਹਾਲਾਤ ਚਿੰਤਾਜਨਕ ਹਨ।

ਇਨ੍ਹਾਂ ਪੰਜਾਂ ਖੇਤਰਾਂ ਦੀ ਸਥਿਤੀ ਇੱਕੋ ਜਿਹੀ ਨਹੀਂ ਹੈ। ਕਿਤੇ ਸਿੱਧੀ ਜੰਗ ਚੱਲ ਰਹੀ ਹੈ, ਕਿਤੇ ਸਰਹੱਦੀ ਝੜਪਾਂ ਹੋ ਰਹੀਆਂ ਹਨ ਅਤੇ ਕਿਤੇ ਫੌਜੀ ਧਮਕੀਆਂ ਕਾਰਨ ਜੰਗ ਦਾ ਖ਼ਤਰਾ ਹੈ। ਸਭ ਤੋਂ ਵੱਡਾ ਸਵਾਲ ਇਹ ਹੈ ਕਿ ਜੇਕਰ ਇਹ ਟਕਰਾਅ ਹੋਰ ਫੈਲਦੇ ਹਨ ਤਾਂ ਕੀ ਦੁਨੀਆ ਤੀਜੇ ਵਿਸ਼ਵ ਯੁੱਧ ਵੱਲ ਵਧ ਸਕਦੀ ਹੈ?

### 1. ਰੂਸ-ਯੂਕਰੇਨ: ਚਾਰ ਸਾਲਾਂ ਬਾਅਦ ਵੀ ਜੰਗ ਖ਼ਤਮ ਨਹੀਂ ਹੋਈ

ਰੂਸ ਨੇ 24 ਫਰਵਰੀ 2022 ਨੂੰ ਯੂਕਰੇਨ ਉੱਤੇ ਵੱਡਾ ਫੌਜੀ ਹਮਲਾ ਕੀਤਾ ਸੀ। ਉਸ ਸਮੇਂ ਇਹ ਅੰਦਾਜ਼ਾ ਲਗਾਇਆ ਜਾ ਰਿਹਾ ਸੀ ਕਿ ਜੰਗ ਛੇਤੀ ਖ਼ਤਮ ਹੋ ਸਕਦੀ ਹੈ, ਪਰ ਅਜਿਹਾ ਨਹੀਂ ਹੋਇਆ। ਸਤੰਬਰ 2026 ਤੱਕ ਦੋਵੇਂ ਦੇਸ਼ ਇੱਕ-ਦੂਜੇ ਦੇ ਫੌਜੀ ਟਿਕਾਣਿਆਂ ਅਤੇ ਮਹੱਤਵਪੂਰਨ ਢਾਂਚਿਆਂ ਨੂੰ ਨਿਸ਼ਾਨਾ ਬਣਾ ਰਹੇ ਹਨ।

ਰੂਸ ਯੂਕਰੇਨ ਦੇ ਪੂਰਬੀ ਇਲਾਕਿਆਂ ਵਿੱਚ ਆਪਣਾ ਕਬਜ਼ਾ ਵਧਾਉਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜੇ ਪਾਸੇ ਯੂਕਰੇਨ ਰੂਸ ਦੇ ਅੰਦਰ ਤੇਲ ਰਿਫਾਇਨਰੀਆਂ, ਫੌਜੀ ਹਵਾਈ ਅੱਡਿਆਂ ਅਤੇ ਹੋਰ ਟਿਕਾਣਿਆਂ ਉੱਤੇ ਡਰੋਨ ਹਮਲੇ ਕਰ ਰਿਹਾ ਹੈ। ਇਸ ਜੰਗ ਵਿੱਚ ਮਿਜ਼ਾਈਲਾਂ ਅਤੇ ਡਰੋਨਾਂ ਦੀ ਵਰਤੋਂ ਨੇ ਜੰਗ ਲੜਨ ਦੇ ਤਰੀਕੇ ਨੂੰ ਵੀ ਬਦਲ ਦਿੱਤਾ ਹੈ।

ਇਸ ਟਕਰਾਅ ਕਾਰਨ ਲੱਖਾਂ ਲੋਕਾਂ ਨੂੰ ਆਪਣੇ ਘਰ ਛੱਡਣੇ ਪਏ ਹਨ। ਕਈ ਸ਼ਹਿਰਾਂ ਵਿੱਚ ਬਿਜਲੀ, ਪਾਣੀ ਅਤੇ ਹੋਰ ਜ਼ਰੂਰੀ ਸੇਵਾਵਾਂ ਪ੍ਰਭਾਵਿਤ ਹੋਈਆਂ ਹਨ। ਜੰਗ ਦਾ ਅਸਰ ਯੂਰਪ ਦੀ ਸੁਰੱਖਿਆ ਅਤੇ ਦੁਨੀਆ ਦੇ ਅਨਾਜ ਤੇ ਊਰਜਾ ਬਾਜ਼ਾਰਾਂ ਉੱਤੇ ਵੀ ਪਿਆ ਹੈ।

ਸਭ ਤੋਂ ਵੱਡੀ ਚਿੰਤਾ ਇਹ ਹੈ ਕਿ ਜੇਕਰ ਰੂਸ ਅਤੇ ਨਾਟੋ ਦੇ ਕਿਸੇ ਮੈਂਬਰ ਦੇਸ਼ ਵਿਚਕਾਰ ਸਿੱਧਾ ਫੌਜੀ ਟਕਰਾਅ ਹੁੰਦਾ ਹੈ ਤਾਂ ਇਹ ਜੰਗ ਯੂਕਰੇਨ ਦੀਆਂ ਸਰਹੱਦਾਂ ਤੋਂ ਬਾਹਰ ਫੈਲ ਸਕਦੀ ਹੈ। ਹਾਲਾਂਕਿ ਅਜਿਹਾ ਹੋਣਾ ਲਾਜ਼ਮੀ ਨਹੀਂ ਹੈ।

### 2. ਯਮਨ-ਸਾਊਦੀ ਅਰਬ: ਲਾਲ ਸਾਗਰ ਵਿੱਚ ਵਧਿਆ ਖ਼ਤਰਾ

ਯਮਨ ਵਿੱਚ ਕਈ ਸਾਲਾਂ ਤੋਂ ਘਰੇਲੂ ਜੰਗ ਚੱਲ ਰਹੀ ਹੈ। ਇੱਕ ਪਾਸੇ ਈਰਾਨ ਨਾਲ ਜੁੜੇ ਹੂਤੀ ਬਾਗੀ ਹਨ ਅਤੇ ਦੂਜੇ ਪਾਸੇ ਸਾਊਦੀ ਅਰਬ ਦੀ ਹਮਾਇਤ ਵਾਲੀਆਂ ਯਮਨੀ ਸਰਕਾਰੀ ਫੌਜਾਂ ਹਨ।

ਸਤੰਬਰ 2026 ਵਿੱਚ ਯਮਨ ਵਿੱਚ ਲੜਾਈ ਮੁੜ ਤੇਜ਼ ਹੋਈ ਹੈ। ਹੂਤੀਆਂ ਨੇ ਪੱਛਮੀ ਤੱਟ ਉੱਤੇ ਆਪਣਾ ਪ੍ਰਭਾਵ ਵਧਾਇਆ ਹੈ ਅਤੇ ਸਾਊਦੀ ਅਰਬ ਦੇ ਫੌਜੀ ਤੇ ਤੇਲ ਨਾਲ ਸਬੰਧਤ ਟਿਕਾਣਿਆਂ ਉੱਤੇ ਹਮਲਿਆਂ ਦੇ ਦਾਅਵੇ ਕੀਤੇ ਹਨ। ਸਾਊਦੀ ਅਰਬ ਵੱਲੋਂ ਵੀ ਹਵਾਈ ਕਾਰਵਾਈਆਂ ਕੀਤੀਆਂ ਗਈਆਂ ਹਨ।

ਇਸ ਲੜਾਈ ਦਾ ਇੱਕ ਮਹੱਤਵਪੂਰਨ ਕੇਂਦਰ ਬਾਬ ਅਲ-ਮੰਡਾਬ ਜਲਡਮਰੂ ਹੈ। ਇਹ ਲਾਲ ਸਾਗਰ ਨੂੰ ਅਦਨ ਦੀ ਖਾੜੀ ਨਾਲ ਜੋੜਦਾ ਹੈ। ਏਸ਼ੀਆ ਅਤੇ ਯੂਰਪ ਵਿਚਕਾਰ ਵੱਡੀ ਮਾਤਰਾ ਵਿੱਚ ਸਮੁੰਦਰੀ ਵਪਾਰ ਇਸ ਰਸਤੇ ਰਾਹੀਂ ਹੁੰਦਾ ਹੈ।

ਜੇਕਰ ਇਸ ਰਸਤੇ ਉੱਤੇ ਜਹਾਜ਼ਾਂ ਦੀ ਆਵਾਜਾਈ ਰੁਕਦੀ ਹੈ ਤਾਂ ਵਪਾਰੀ ਜਹਾਜ਼ਾਂ ਨੂੰ ਅਫਰੀਕਾ ਦੇ ਆਲੇ-ਦੁਆਲੇ ਲੰਬਾ ਰਸਤਾ ਅਪਣਾਉਣਾ ਪੈ ਸਕਦਾ ਹੈ। ਇਸ ਨਾਲ ਮਾਲ ਢੋਣ ਦਾ ਖਰਚਾ ਵਧਦਾ ਹੈ ਅਤੇ ਚੀਜ਼ਾਂ ਮਹਿੰਗੀਆਂ ਹੋ ਸਕਦੀਆਂ ਹਨ। ਯਮਨ ਦੇ ਆਮ ਲੋਕ ਪਹਿਲਾਂ ਹੀ ਭੁੱਖਮਰੀ, ਬੇਰੁਜ਼ਗਾਰੀ ਅਤੇ ਸਿਹਤ ਸਹੂਲਤਾਂ ਦੀ ਘਾਟ ਨਾਲ ਜੂਝ ਰਹੇ ਹਨ। ਨਵੀਂ ਲੜਾਈ ਉਨ੍ਹਾਂ ਦੀਆਂ ਮੁਸ਼ਕਲਾਂ ਹੋਰ ਵਧਾ ਰਹੀ ਹੈ।

### 3. ਈਰਾਨ-ਅਮਰੀਕਾ: ਤੇਲ ਦੇ ਰਸਤਿਆਂ ਉੱਤੇ ਜੰਗ ਦਾ ਸਾਇਆ

ਪੱਛਮੀ ਏਸ਼ੀਆ ਵਿੱਚ ਈਰਾਨ ਅਤੇ ਅਮਰੀਕਾ ਵਿਚਕਾਰ ਟਕਰਾਅ ਵਿਸ਼ਵ ਸੁਰੱਖਿਆ ਲਈ ਇੱਕ ਵੱਡੀ ਚਿੰਤਾ ਬਣਿਆ ਹੋਇਆ ਹੈ।

28 ਫਰਵਰੀ 2026 ਨੂੰ ਅਮਰੀਕਾ ਅਤੇ ਇਜ਼ਰਾਈਲ ਵੱਲੋਂ ਈਰਾਨ ਉੱਤੇ ਹਮਲਿਆਂ ਨਾਲ ਸ਼ੁਰੂ ਹੋਇਆ ਫੌਜੀ ਟਕਰਾਅ ਸਤੰਬਰ ਤੱਕ ਪੂਰੀ ਤਰ੍ਹਾਂ ਖ਼ਤਮ ਨਹੀਂ ਹੋਇਆ। ਵਿਚਕਾਰ ਕੂਟਨੀਤਕ ਕੋਸ਼ਿਸ਼ਾਂ ਹੋਈਆਂ, ਪਰ ਕੋਈ ਪੱਕਾ ਹੱਲ ਨਹੀਂ ਨਿਕਲਿਆ। ਈਰਾਨ ਦੀ ਰੈਵੋਲਿਊਸ਼ਨਰੀ ਗਾਰਡ ਨੇ 21 ਸਤੰਬਰ ਨੂੰ ਅਮਰੀਕਾ ਨੂੰ ਚਿਤਾਵਨੀ ਦਿੱਤੀ ਕਿ ਜੇਕਰ ਹਮਲੇ ਵਧੇ ਤਾਂ ਈਰਾਨ ਆਪਣੀ ਜਵਾਬੀ ਕਾਰਵਾਈ ਦਾ ਘੇਰਾ ਹੋਰ ਵਧਾ ਸਕਦਾ ਹੈ।

ਇਸ ਟਕਰਾਅ ਦਾ ਸਭ ਤੋਂ ਵੱਡਾ ਅਸਰ ਹੋਰਮੁਜ਼ ਜਲਡਮਰੂ ਉੱਤੇ ਪੈ ਰਿਹਾ ਹੈ। ਇਹ ਸਮੁੰਦਰੀ ਰਸਤਾ ਫਾਰਸ ਦੀ ਖਾੜੀ ਨੂੰ ਬਾਕੀ ਦੁਨੀਆ ਨਾਲ ਜੋੜਦਾ ਹੈ। ਖਾੜੀ ਦੇ ਦੇਸ਼ਾਂ ਤੋਂ ਵੱਡੀ ਮਾਤਰਾ ਵਿੱਚ ਤੇਲ ਇਸੇ ਰਸਤੇ ਰਾਹੀਂ ਬਾਹਰ ਜਾਂਦਾ ਹੈ।

ਹੋਰਮੁਜ਼ ਵਿੱਚ ਜਹਾਜ਼ਾਂ ਉੱਤੇ ਹਮਲਿਆਂ ਅਤੇ ਆਵਾਜਾਈ ਵਿੱਚ ਰੁਕਾਵਟਾਂ ਕਾਰਨ ਤੇਲ ਦੀ ਸਪਲਾਈ ਨੂੰ ਲੈ ਕੇ ਚਿੰਤਾ ਵਧੀ ਹੈ। ਸਾਊਦੀ ਅਰਬ ਦੀ ਤੇਲ ਪਾਈਪਲਾਈਨ ਉੱਤੇ ਹਮਲਿਆਂ ਨੇ ਬਦਲਵੇਂ ਰਸਤਿਆਂ ਦੀਆਂ ਮੁਸ਼ਕਲਾਂ ਵੀ ਸਾਹਮਣੇ ਲਿਆਂਦੀਆਂ ਹਨ।

ਜੇਕਰ ਈਰਾਨ ਅਤੇ ਅਮਰੀਕਾ ਦੀ ਜੰਗ ਹੋਰ ਫੈਲਦੀ ਹੈ ਤਾਂ ਇਜ਼ਰਾਈਲ, ਖਾੜੀ ਦੇ ਦੇਸ਼ ਅਤੇ ਹੋਰ ਖੇਤਰੀ ਤਾਕਤਾਂ ਵੀ ਇਸ ਦੇ ਪ੍ਰਭਾਵ ਹੇਠ ਆ ਸਕਦੀਆਂ ਹਨ। ਇਸ ਲਈ ਪੱਛਮੀ ਏਸ਼ੀਆ ਦਾ ਸੰਕਟ ਸਿਰਫ਼ ਦੋ ਦੇਸ਼ਾਂ ਤੱਕ ਸੀਮਤ ਨਹੀਂ ਹੈ।

### 4. ਕੋਰੀਆਈ ਪ੍ਰਾਇਦੀਪ: ਉੱਤਰੀ ਕੋਰੀਆ ਦੀਆਂ ਮਿਜ਼ਾਈਲਾਂ ਨਾਲ ਵਧੀ ਚਿੰਤਾ

ਏਸ਼ੀਆ ਵਿੱਚ ਉੱਤਰੀ ਕੋਰੀਆ ਦੀਆਂ ਫੌਜੀ ਸਰਗਰਮੀਆਂ ਕਾਰਨ ਤਣਾਅ ਵਧ ਰਿਹਾ ਹੈ। ਇੱਥੇ ਇੱਕ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ ਕਿ ਜਾਪਾਨ ਅਤੇ ਦੱਖਣੀ ਕੋਰੀਆ ਆਪਸ ਵਿੱਚ ਜੰਗ ਨਹੀਂ ਲੜ ਰਹੇ। ਦੋਵੇਂ ਦੇਸ਼ ਉੱਤਰੀ ਕੋਰੀਆ ਦੇ ਮਿਜ਼ਾਈਲ ਅਤੇ ਪ੍ਰਮਾਣੂ ਪ੍ਰੋਗਰਾਮ ਨੂੰ ਆਪਣੀ ਸੁਰੱਖਿਆ ਲਈ ਚੁਣੌਤੀ ਮੰਨਦੇ ਹਨ।

20 ਸਤੰਬਰ ਨੂੰ ਉੱਤਰੀ ਕੋਰੀਆ ਨੇ ਸਮੁੰਦਰ ਵੱਲ ਦੋ ਬੈਲਿਸਟਿਕ ਮਿਜ਼ਾਈਲਾਂ ਦਾਗੀਆਂ। ਇਸ ਤੋਂ ਬਾਅਦ 21 ਸਤੰਬਰ ਨੂੰ ਜਾਪਾਨ, ਦੱਖਣੀ ਕੋਰੀਆ ਅਤੇ ਅਮਰੀਕਾ ਦੇ ਅਧਿਕਾਰੀਆਂ ਨੇ ਆਪਸੀ ਸਲਾਹ-ਮਸ਼ਵਰਾ ਕੀਤਾ। ਤਿੰਨਾਂ ਦੇਸ਼ਾਂ ਨੇ ਉੱਤਰੀ ਕੋਰੀਆ ਦੇ ਮਿਜ਼ਾਈਲ ਪ੍ਰੀਖਣਾਂ ਉੱਤੇ ਚਿੰਤਾ ਪ੍ਰਗਟਾਈ।

ਉੱਤਰੀ ਕੋਰੀਆ ਦਾ ਕਹਿਣਾ ਹੈ ਕਿ ਉਸ ਨੂੰ ਆਪਣੀ ਸੁਰੱਖਿਆ ਲਈ ਹਥਿਆਰ ਵਿਕਸਤ ਕਰਨ ਦੀ ਲੋੜ ਹੈ। ਉਹ ਅਮਰੀਕਾ ਅਤੇ ਉਸ ਦੇ ਸਹਿਯੋਗੀ ਦੇਸ਼ਾਂ ਦੇ ਫੌਜੀ ਅਭਿਆਸਾਂ ਨੂੰ ਆਪਣੇ ਲਈ ਖ਼ਤਰਾ ਦੱਸਦਾ ਹੈ। ਦੂਜੇ ਪਾਸੇ ਜਾਪਾਨ ਅਤੇ ਦੱਖਣੀ ਕੋਰੀਆ ਇਨ੍ਹਾਂ ਅਭਿਆਸਾਂ ਨੂੰ ਆਪਣੀ ਰੱਖਿਆ ਦੀ ਤਿਆਰੀ ਮੰਨਦੇ ਹਨ।

ਕੋਰੀਆਈ ਪ੍ਰਾਇਦੀਪ ਉੱਤੇ 1950 ਤੋਂ 1953 ਤੱਕ ਭਿਆਨਕ ਜੰਗ ਹੋਈ ਸੀ। ਉਸ ਜੰਗ ਤੋਂ ਬਾਅਦ ਜੰਗਬੰਦੀ ਤਾਂ ਹੋ ਗਈ, ਪਰ ਦੋਵੇਂ ਕੋਰੀਆਈ ਦੇਸ਼ਾਂ ਵਿਚਕਾਰ ਰਸਮੀ ਸ਼ਾਂਤੀ ਸਮਝੌਤਾ ਨਹੀਂ ਹੋਇਆ।

ਇਸ ਖੇਤਰ ਵਿੱਚ ਸਭ ਤੋਂ ਵੱਡਾ ਖ਼ਤਰਾ ਕਿਸੇ ਗ਼ਲਤ ਅੰਦਾਜ਼ੇ ਜਾਂ ਅਚਾਨਕ ਹੋਈ ਫੌਜੀ ਘਟਨਾ ਤੋਂ ਹੈ। ਜੇਕਰ ਕੋਈ ਮਿਜ਼ਾਈਲ ਆਬਾਦੀ ਵਾਲੇ ਇਲਾਕੇ ਵਿੱਚ ਡਿੱਗਦੀ ਹੈ ਜਾਂ ਸਰਹੱਦ ਉੱਤੇ ਵੱਡੀ ਝੜਪ ਹੁੰਦੀ ਹੈ ਤਾਂ ਹਾਲਾਤ ਤੇਜ਼ੀ ਨਾਲ ਵਿਗੜ ਸਕਦੇ ਹਨ।

### 5. ਪਾਕਿਸਤਾਨ-ਅਫਗਾਨਿਸਤਾਨ: ਸਰਹੱਦ ਪਾਰ ਹਵਾਈ ਹਮਲਿਆਂ ਨਾਲ ਤਣਾਅ

ਪਾਕਿਸਤਾਨ ਅਤੇ ਅਫਗਾਨਿਸਤਾਨ ਵਿਚਕਾਰ ਸਰਹੱਦੀ ਵਿਵਾਦ ਕਈ ਦਹਾਕਿਆਂ ਤੋਂ ਚੱਲ ਰਿਹਾ ਹੈ। ਦੋਵਾਂ ਦੇਸ਼ਾਂ ਨੂੰ ਵੱਖ ਕਰਨ ਵਾਲੀ ਡੂਰੰਡ ਲਾਈਨ ਨੂੰ ਲੈ ਕੇ ਮਤਭੇਦ ਹਨ। ਇਸ ਤੋਂ ਇਲਾਵਾ ਅੱਤਵਾਦੀ ਸੰਗਠਨਾਂ ਦੀਆਂ ਸਰਗਰਮੀਆਂ ਵੀ ਤਣਾਅ ਦਾ ਵੱਡਾ ਕਾਰਨ ਹਨ।

18 ਸਤੰਬਰ ਨੂੰ ਪਾਕਿਸਤਾਨ ਦੇ ਕੋਹਾਟ ਵਿੱਚ ਇੱਕ ਪੁਲਿਸ ਕੰਪਲੈਕਸ ਉੱਤੇ ਵੱਡਾ ਹਮਲਾ ਹੋਇਆ। ਇਸ ਵਿੱਚ ਪੁਲਿਸ ਮੁਲਾਜ਼ਮਾਂ ਸਮੇਤ ਕਈ ਲੋਕ ਮਾਰੇ ਗਏ। ਪਾਕਿਸਤਾਨੀ ਅਧਿਕਾਰੀਆਂ ਨੇ ਹਮਲੇ ਦੇ ਅਫਗਾਨਿਸਤਾਨ ਨਾਲ ਸੰਭਾਵੀ ਸਬੰਧਾਂ ਦੀ ਜਾਂਚ ਸ਼ੁਰੂ ਕੀਤੀ।

ਇਸ ਤੋਂ ਬਾਅਦ 21 ਸਤੰਬਰ ਨੂੰ ਪਾਕਿਸਤਾਨ ਨੇ ਅਫਗਾਨਿਸਤਾਨ ਦੇ ਕੁਨਾਰ ਅਤੇ ਪਕਤਿਕਾ ਸੂਬਿਆਂ ਵਿੱਚ ਹਵਾਈ ਹਮਲੇ ਕੀਤੇ। ਪਾਕਿਸਤਾਨ ਨੇ ਦਾਅਵਾ ਕੀਤਾ ਕਿ ਇਨ੍ਹਾਂ ਹਮਲਿਆਂ ਵਿੱਚ 28 ਅੱਤਵਾਦੀ ਮਾਰੇ ਗਏ ਹਨ। ਅਫਗਾਨ ਅਧਿਕਾਰੀਆਂ ਨੇ ਕਿਹਾ ਕਿ ਹਮਲਿਆਂ ਵਿੱਚ ਤਿੰਨ ਆਮ ਨਾਗਰਿਕਾਂ ਦੀ ਮੌਤ ਹੋਈ ਹੈ। ਸੰਯੁਕਤ ਰਾਸ਼ਟਰ ਨੇ ਵੀ ਤਿੰਨ ਨਾਗਰਿਕਾਂ ਦੀ ਮੌਤ ਦੀ ਪੁਸ਼ਟੀ ਕੀਤੀ।

ਪਾਕਿਸਤਾਨ ਦਾ ਦੋਸ਼ ਹੈ ਕਿ ਅਫਗਾਨਿਸਤਾਨ ਦੀ ਧਰਤੀ ਤੋਂ ਅੱਤਵਾਦੀ ਉਸ ਦੇ ਦੇਸ਼ ਵਿੱਚ ਹਮਲੇ ਕਰਦੇ ਹਨ। ਅਫਗਾਨ ਤਾਲਿਬਾਨ ਸਰਕਾਰ ਇਸ ਦੋਸ਼ ਨੂੰ ਰੱਦ ਕਰਦੀ ਹੈ ਅਤੇ ਪਾਕਿਸਤਾਨ ਦੇ ਹਵਾਈ ਹਮਲਿਆਂ ਨੂੰ ਆਪਣੀ ਪ੍ਰਭੂਸੱਤਾ ਦੀ ਉਲੰਘਣਾ ਦੱਸਦੀ ਹੈ।

ਦੋਵਾਂ ਦੇਸ਼ਾਂ ਵਿਚਕਾਰ ਲੜਾਈ ਵਧਣ ਨਾਲ ਸਰਹੱਦੀ ਵਪਾਰ, ਆਵਾਜਾਈ ਅਤੇ ਆਮ ਲੋਕਾਂ ਦੀ ਜ਼ਿੰਦਗੀ ਪ੍ਰਭਾਵਿਤ ਹੋ ਸਕਦੀ ਹੈ। ਪਹਿਲਾਂ ਹੀ ਮੁਸ਼ਕਲ ਹਾਲਾਤ ਵਿੱਚ ਰਹਿ ਰਹੇ ਅਫਗਾਨ ਨਾਗਰਿਕਾਂ ਲਈ ਨਵੀਂ ਜੰਗ ਹੋਰ ਵੱਡਾ ਸੰਕਟ ਪੈਦਾ ਕਰ ਸਕਦੀ ਹੈ।

### ਦੁਨੀਆ ਦੀ ਆਰਥਿਕਤਾ ਉੱਤੇ ਕੀ ਅਸਰ ਪਵੇਗਾ?

ਇਨ੍ਹਾਂ ਪੰਜਾਂ ਖੇਤਰਾਂ ਵਿੱਚ ਚੱਲ ਰਹੇ ਟਕਰਾਅ ਦਾ ਅਸਰ ਸਿਰਫ਼ ਸਬੰਧਤ ਦੇਸ਼ਾਂ ਤੱਕ ਸੀਮਤ ਨਹੀਂ ਰਹਿੰਦਾ।

ਪੱਛਮੀ ਏਸ਼ੀਆ ਵਿੱਚ ਤੇਲ ਦੀ ਸਪਲਾਈ ਪ੍ਰਭਾਵਿਤ ਹੋਣ ਨਾਲ ਪੈਟਰੋਲ ਅਤੇ ਡੀਜ਼ਲ ਦੀਆਂ ਕੀਮਤਾਂ ਵਧ ਸਕਦੀਆਂ ਹਨ। ਸਮੁੰਦਰੀ ਰਸਤਿਆਂ ਉੱਤੇ ਖ਼ਤਰਾ ਵਧਣ ਨਾਲ ਜਹਾਜ਼ਾਂ ਦਾ ਬੀਮਾ ਅਤੇ ਮਾਲ ਢੋਣ ਦਾ ਖਰਚਾ ਵਧਦਾ ਹੈ। ਇਸ ਦਾ ਅਸਰ ਆਮ ਵਰਤੋਂ ਦੀਆਂ ਚੀਜ਼ਾਂ ਦੀਆਂ ਕੀਮਤਾਂ ਉੱਤੇ ਪੈਂਦਾ ਹੈ।

ਰੂਸ ਅਤੇ ਯੂਕਰੇਨ ਅਨਾਜ ਅਤੇ ਹੋਰ ਖੇਤੀ ਉਤਪਾਦਾਂ ਦੇ ਮਹੱਤਵਪੂਰਨ ਸਪਲਾਇਰ ਹਨ। ਜੰਗ ਕਾਰਨ ਇਨ੍ਹਾਂ ਦੀ ਸਪਲਾਈ ਵਿੱਚ ਰੁਕਾਵਟ ਆਉਣ ਨਾਲ ਖੁਰਾਕ ਸੁਰੱਖਿਆ ਪ੍ਰਭਾਵਿਤ ਹੋ ਸਕਦੀ ਹੈ।

ਭਾਰਤ ਵਰਗੇ ਦੇਸ਼ ਲਈ ਵੀ ਇਹ ਹਾਲਾਤ ਮਹੱਤਵਪੂਰਨ ਹਨ। ਭਾਰਤ ਆਪਣੀ ਲੋੜ ਦਾ ਵੱਡਾ ਹਿੱਸਾ ਕੱਚਾ ਤੇਲ ਵਿਦੇਸ਼ਾਂ ਤੋਂ ਖਰੀਦਦਾ ਹੈ। ਤੇਲ ਮਹਿੰਗਾ ਹੋਣ ਨਾਲ ਆਵਾਜਾਈ, ਖੇਤੀ ਅਤੇ ਉਦਯੋਗ ਦੀ ਲਾਗਤ ਵਧ ਸਕਦੀ ਹੈ।

ਇਸ ਤੋਂ ਇਲਾਵਾ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਲੱਖਾਂ ਭਾਰਤੀਆਂ ਦੀ ਸੁਰੱਖਿਆ ਅਤੇ ਰੁਜ਼ਗਾਰ ਉੱਤੇ ਵੀ ਜੰਗਾਂ ਦਾ ਅਸਰ ਪੈ ਸਕਦਾ ਹੈ।

### ਕੀ ਤੀਜਾ ਵਿਸ਼ਵ ਯੁੱਧ ਸ਼ੁਰੂ ਹੋ ਸਕਦਾ ਹੈ?

ਇਹ ਸਵਾਲ ਹੁਣ ਸਿਰਫ਼ ਕਲਪਨਾ ਦਾ ਵਿਸ਼ਾ ਨਹੀਂ ਰਿਹਾ। ਦੁਨੀਆ ਦੇ ਵੱਖ-ਵੱਖ ਹਿੱਸਿਆਂ ਵਿੱਚ ਚੱਲ ਰਹੇ ਫੌਜੀ ਟਕਰਾਅ ਕਾਰਨ ਵੱਡੀ ਜੰਗ ਦੇ ਖ਼ਤਰੇ ਬਾਰੇ ਚਿੰਤਾ ਵਧੀ ਹੈ। ਪਰ ਇਹ ਕਹਿਣਾ ਕਿ ਤੀਜਾ ਵਿਸ਼ਵ ਯੁੱਧ ਸ਼ੁਰੂ ਹੋਣ ਵਾਲਾ ਹੈ, ਮੌਜੂਦਾ ਜਾਣਕਾਰੀ ਦੇ ਆਧਾਰ ਉੱਤੇ ਠੀਕ ਨਹੀਂ ਹੋਵੇਗਾ।

ਵਿਸ਼ਵ ਯੁੱਧ ਦਾ ਖ਼ਤਰਾ ਉਸ ਸਥਿਤੀ ਵਿੱਚ ਵਧ ਸਕਦਾ ਹੈ, ਜਦੋਂ ਵੱਡੀਆਂ ਫੌਜੀ ਤਾਕਤਾਂ ਵੱਖ-ਵੱਖ ਖੇਤਰੀ ਜੰਗਾਂ ਵਿੱਚ ਇੱਕ-ਦੂਜੇ ਦੇ ਖ਼ਿਲਾਫ਼ ਸਿੱਧੇ ਤੌਰ ਉੱਤੇ ਉਤਰ ਆਉਣ।

ਮਿਸਾਲ ਵਜੋਂ, ਰੂਸ ਅਤੇ ਨਾਟੋ ਵਿਚਕਾਰ ਸਿੱਧੀ ਜੰਗ, ਅਮਰੀਕਾ-ਈਰਾਨ ਟਕਰਾਅ ਵਿੱਚ ਹੋਰ ਵੱਡੀਆਂ ਤਾਕਤਾਂ ਦੀ ਸ਼ਮੂਲੀਅਤ ਜਾਂ ਕੋਰੀਆਈ ਪ੍ਰਾਇਦੀਪ ਉੱਤੇ ਵੱਡੀ ਫੌਜੀ ਕਾਰਵਾਈ ਅੰਤਰਰਾਸ਼ਟਰੀ ਸੰਕਟ ਨੂੰ ਹੋਰ ਗੰਭੀਰ ਬਣਾ ਸਕਦੀ ਹੈ।

ਇਸ ਤੋਂ ਵੀ ਵੱਡੀ ਚਿੰਤਾ ਪ੍ਰਮਾਣੂ ਹਥਿਆਰਾਂ ਦੀ ਹੈ। ਰੂਸ, ਅਮਰੀਕਾ ਅਤੇ ਉੱਤਰੀ ਕੋਰੀਆ ਕੋਲ ਪ੍ਰਮਾਣੂ ਹਥਿਆਰ ਹਨ। ਜੇਕਰ ਕਿਸੇ ਵੱਡੇ ਟਕਰਾਅ ਵਿੱਚ ਇਨ੍ਹਾਂ ਦੀ ਵਰਤੋਂ ਹੁੰਦੀ ਹੈ ਤਾਂ ਇਸ ਦੇ ਨਤੀਜੇ ਸਿਰਫ਼ ਜੰਗ ਲੜਨ ਵਾਲੇ ਦੇਸ਼ਾਂ ਤੱਕ ਸੀਮਤ ਨਹੀਂ ਰਹਿਣਗੇ।

ਹਾਲਾਂਕਿ ਪ੍ਰਮਾਣੂ ਹਥਿਆਰਾਂ ਦੀ ਮੌਜੂਦਗੀ ਆਪਣੇ ਆਪ ਵਿੱਚ ਇਸ ਗੱਲ ਦਾ ਸਬੂਤ ਨਹੀਂ ਕਿ ਉਨ੍ਹਾਂ ਦੀ ਵਰਤੋਂ ਹੋਵੇਗੀ। ਵੱਡੀਆਂ ਤਾਕਤਾਂ ਨੂੰ ਵੀ ਪਤਾ ਹੈ ਕਿ ਅਜਿਹੀ ਜੰਗ ਦੇ ਨਤੀਜੇ ਉਨ੍ਹਾਂ ਲਈ ਤਬਾਹਕੁਨ ਹੋ ਸਕਦੇ ਹਨ।

ਇਸ ਲਈ ਤੀਜੇ ਵਿਸ਼ਵ ਯੁੱਧ ਦੀ ਸੰਭਾਵਨਾ ਨੂੰ ਪੂਰੀ ਤਰ੍ਹਾਂ ਰੱਦ ਨਹੀਂ ਕੀਤਾ ਜਾ ਸਕਦਾ, ਪਰ ਇਸ ਨੂੰ ਅਟੱਲ ਜਾਂ ਨੇੜੇ ਆ ਚੁੱਕੀ ਘਟਨਾ ਵਜੋਂ ਪੇਸ਼ ਕਰਨਾ ਵੀ ਗ਼ਲਤ ਹੋਵੇਗਾ।

### ਸ਼ਾਂਤੀ ਲਈ ਗੱਲਬਾਤ ਹੀ ਰਸਤਾ

ਦੁਨੀਆ ਦੇ ਇਨ੍ਹਾਂ ਪੰਜਾਂ ਸੰਕਟਾਂ ਦਾ ਇੱਕ ਸਾਂਝਾ ਪਹਿਲੂ ਹੈ ਕਿ ਇਨ੍ਹਾਂ ਦੀ ਸਭ ਤੋਂ ਵੱਡੀ ਕੀਮਤ ਆਮ ਲੋਕ ਚੁਕਾ ਰਹੇ ਹਨ। ਕਿਤੇ ਬੱਚੇ ਆਪਣੇ ਘਰ ਗੁਆ ਰਹੇ ਹਨ, ਕਿਤੇ ਪਰਿਵਾਰਾਂ ਨੂੰ ਦੇਸ਼ ਛੱਡਣਾ ਪੈ ਰਿਹਾ ਹੈ ਅਤੇ ਕਿਤੇ ਮਹਿੰਗਾਈ ਲੋਕਾਂ ਦੀ ਰੋਜ਼ੀ-ਰੋਟੀ ਨੂੰ ਪ੍ਰਭਾਵਿਤ ਕਰ ਰਹੀ ਹੈ।

ਸੰਯੁਕਤ ਰਾਸ਼ਟਰ ਅਤੇ ਹੋਰ ਅੰਤਰਰਾਸ਼ਟਰੀ ਸੰਸਥਾਵਾਂ ਦੀ ਭੂਮਿਕਾ ਅਜਿਹੇ ਸਮੇਂ ਹੋਰ ਮਹੱਤਵਪੂਰਨ ਹੋ ਜਾਂਦੀ ਹੈ। ਜੰਗਬੰਦੀ, ਕੂਟਨੀਤਕ ਗੱਲਬਾਤ ਅਤੇ ਨਾਗਰਿਕਾਂ ਦੀ ਸੁਰੱਖਿਆ ਲਈ ਠੋਸ ਕਦਮ ਚੁੱਕਣ ਦੀ ਲੋੜ ਹੈ।

ਸਤੰਬਰ 2026 ਦੇ ਹਾਲਾਤ ਇਹ ਦਰਸਾਉਂਦੇ ਹਨ ਕਿ ਦੁਨੀਆ ਕਈ ਗੰਭੀਰ ਸੁਰੱਖਿਆ ਸੰਕਟਾਂ ਦਾ ਸਾਹਮਣਾ ਕਰ ਰਹੀ ਹੈ। ਇਨ੍ਹਾਂ ਨੂੰ ਵਿਸ਼ਵ ਯੁੱਧ ਵਿੱਚ ਬਦਲਣ ਤੋਂ ਰੋਕਣਾ ਵੱਡੀਆਂ ਤਾਕਤਾਂ ਦੇ ਨਾਲ-ਨਾਲ ਸਾਰੇ ਸਬੰਧਤ ਦੇਸ਼ਾਂ ਦੀ ਜ਼ਿੰਮੇਵਾਰੀ ਹੈ।

ਅੱਜ ਦੁਨੀਆ ਸਾਹਮਣੇ ਸਭ ਤੋਂ ਵੱਡਾ ਸਵਾਲ ਇਹ ਨਹੀਂ ਕਿ ਅਗਲੀ ਜੰਗ ਕੌਣ ਜਿੱਤੇਗਾ, ਸਗੋਂ ਇਹ ਹੈ ਕਿ ਜੰਗਾਂ ਦੇ ਫੈਲਾਅ ਨੂੰ ਕਿਵੇਂ ਰੋਕਿਆ ਜਾਵੇ।




# ਪ੍ਰੈੱਸ ਦੀ ਆਜ਼ਾਦੀ, ਰਾਸ਼ਟਰੀ ਸੁਰੱਖਿਆ ਅਤੇ ਖ਼ਬਰਾਂ ਉੱਤੇ ਨਿਯੰਤਰਣ ਨੂੰ ਲੈ ਕੇ ਉੱਠੇ ਸਵਾਲ

**ਵਿਸ਼ੇਸ਼ ਰਿਪੋਰਟ | ਵਾਸ਼ਿੰਗਟਨ**

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਅਤੇ ਦੇਸ਼ ਦੇ ਪ੍ਰਮੁੱਖ ਮੀਡੀਆ ਅਦਾਰਿਆਂ ਵਿਚਕਾਰ ਟਕਰਾਅ ਇੱਕ ਵਾਰ ਫਿਰ ਚਰਚਾ ਵਿੱਚ ਹੈ। ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਦੀ ਪਹੁੰਚ, ਸਰਕਾਰੀ ਜਾਣਕਾਰੀ ਪ੍ਰਾਪਤ ਕਰਨ ਦੇ ਅਧਿਕਾਰ ਅਤੇ ਰਾਸ਼ਟਰਪਤੀ ਨੂੰ ਸਿੱਧੇ ਸਵਾਲ ਪੁੱਛਣ ਦੇ ਮੌਕਿਆਂ ਨੂੰ ਲੈ ਕੇ ਪੈਦਾ ਹੋਇਆ ਵਿਵਾਦ ਸਿਰਫ਼ ਅਮਰੀਕੀ ਪੱਤਰਕਾਰੀ ਤੱਕ ਸੀਮਤ ਨਹੀਂ ਹੈ। ਇਸ ਦਾ ਸਬੰਧ ਦੁਨੀਆ ਦੇ ਸਭ ਤੋਂ ਪ੍ਰਭਾਵਸ਼ਾਲੀ ਲੋਕਤੰਤਰਾਂ ਵਿੱਚੋਂ ਇੱਕ ਦੀ ਸਰਕਾਰ ਅਤੇ ਸੁਤੰਤਰ ਮੀਡੀਆ ਦੇ ਰਿਸ਼ਤੇ ਨਾਲ ਵੀ ਹੈ।

ਇਸ ਵਿਵਾਦ ਵਿੱਚ ਇੱਕ ਮਹੱਤਵਪੂਰਨ ਫ਼ਰਕ ਸਮਝਣਾ ਜ਼ਰੂਰੀ ਹੈ। ਕਿਸੇ ਮੀਡੀਆ ਅਦਾਰੇ ਨੂੰ ਵ੍ਹਾਈਟ ਹਾਊਸ ਦੀਆਂ ਚੋਣਵੀਆਂ ਪ੍ਰੈੱਸ ਗਤੀਵਿਧੀਆਂ ਵਿੱਚ ਸ਼ਾਮਲ ਨਾ ਕਰਨਾ, ਉਸ ਦੇ ਪੱਤਰਕਾਰਾਂ ਦੀ ਮਾਨਤਾ ਰੱਦ ਕਰਨਾ ਅਤੇ ਪੂਰੇ ਅਦਾਰੇ ਉੱਤੇ ਪਾਬੰਦੀ ਲਗਾਉਣਾ ਤਿੰਨ ਵੱਖਰੀਆਂ ਗੱਲਾਂ ਹਨ। ਇਸ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਟਰੰਪ ਪ੍ਰਸ਼ਾਸਨ ਨੇ ਕਿਹੜੇ ਅਦਾਰਿਆਂ ਦੀ ਪਹੁੰਚ ਸੀਮਤ ਕੀਤੀ, ਇਸ ਦੇ ਕੀ ਕਾਰਨ ਦੱਸੇ ਅਤੇ ਪੱਤਰਕਾਰਾਂ ਨੇ ਇਸ ਦਾ ਵਿਰੋਧ ਕਿਉਂ ਕੀਤਾ।

18 ਸਤੰਬਰ ਨੂੰ ਤਿੰਨ ਮੀਡੀਆ ਅਦਾਰਿਆਂ ਉੱਤੇ ਪਾਬੰਦੀ ਦਾ ਐਲਾਨ

18 ਸਤੰਬਰ 2026 ਨੂੰ ਰਾਸ਼ਟਰਪਤੀ ਟਰੰਪ ਨੇ ਆਪਣੇ ਸੋਸ਼ਲ ਮੀਡੀਆ ਮੰਚ ਟਰੂਥ ਸੋਸ਼ਲ ਉੱਤੇ ਐਲਾਨ ਕੀਤਾ ਕਿ ਸੀਐੱਨਐੱਨ (CNN), ਐੱਮਐੱਸ ਨਾਓ (MS NOW) ਅਤੇ ਪੋਲਿਟਿਕੋ (Politico) ਨੂੰ ਤੁਰੰਤ ਪ੍ਰਭਾਵ ਨਾਲ ਵ੍ਹਾਈਟ ਹਾਊਸ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਜਾ ਰਿਹਾ ਹੈ।

ਟਰੰਪ ਨੇ ਇਨ੍ਹਾਂ ਤਿੰਨਾਂ ਅਦਾਰਿਆਂ ਉੱਤੇ ਲਗਾਤਾਰ ਝੂਠੀਆਂ ਖ਼ਬਰਾਂ ਪ੍ਰਕਾਸ਼ਿਤ ਜਾਂ ਪ੍ਰਸਾਰਿਤ ਕਰਨ ਦਾ ਦੋਸ਼ ਲਗਾਇਆ। ਉਨ੍ਹਾਂ ਨੇ ਇਹ ਸੰਕੇਤ ਵੀ ਦਿੱਤਾ ਕਿ ਹੋਰ ਮੀਡੀਆ ਅਦਾਰਿਆਂ ਖ਼ਿਲਾਫ਼ ਵੀ ਅਜਿਹੀ ਕਾਰਵਾਈ ਕੀਤੀ ਜਾ ਸਕਦੀ ਹੈ।

19 ਸਤੰਬਰ ਨੂੰ ਇਹ ਐਲਾਨ ਅਮਲੀ ਰੂਪ ਵਿੱਚ ਸਾਹਮਣੇ ਆਇਆ। ਤਿੰਨਾਂ ਅਦਾਰਿਆਂ ਦੇ ਪੱਤਰਕਾਰਾਂ ਨੂੰ ਵ੍ਹਾਈਟ ਹਾਊਸ ਦੇ ਅੰਦਰ ਜਾਣ ਤੋਂ ਰੋਕ ਦਿੱਤਾ ਗਿਆ ਅਤੇ ਉਨ੍ਹਾਂ ਦੇ ਪ੍ਰੈੱਸ ਪਾਸ ਰੱਦ ਕਰ ਦਿੱਤੇ ਗਏ। ਸੀਬੀਐੱਸ ਨਿਊਜ਼ ਨੇ ਐੱਮਐੱਸ ਨਾਓ ਦੀ ਪੱਤਰਕਾਰ ਅਕਾਇਲਾ ਗਾਰਡਨਰ ਅਤੇ ਉਨ੍ਹਾਂ ਦੇ ਕੈਮਰਾਮੈਨ ਨੂੰ ਵ੍ਹਾਈਟ ਹਾਊਸ ਦੇ ਪ੍ਰਵੇਸ਼ ਦੁਆਰ ਤੋਂ ਵਾਪਸ ਮੋੜੇ ਜਾਣ ਦੀ ਘਟਨਾ ਦੀ ਰਿਪੋਰਟ ਕੀਤੀ।

ਇਸ ਕਾਰਵਾਈ ਦਾ ਮਤਲਬ ਇਹ ਨਹੀਂ ਸੀ ਕਿ ਇਨ੍ਹਾਂ ਅਦਾਰਿਆਂ ਨੂੰ ਅਮਰੀਕਾ ਵਿੱਚ ਖ਼ਬਰਾਂ ਪ੍ਰਸਾਰਿਤ ਕਰਨ ਤੋਂ ਰੋਕ ਦਿੱਤਾ ਗਿਆ ਸੀ। ਪਾਬੰਦੀ ਵ੍ਹਾਈਟ ਹਾਊਸ ਦੀ ਪਹੁੰਚ ਅਤੇ ਉੱਥੇ ਹੋਣ ਵਾਲੀਆਂ ਸਰਕਾਰੀ ਗਤੀਵਿਧੀਆਂ ਦੀ ਸਿੱਧੀ ਕਵਰੇਜ ਨਾਲ ਸਬੰਧਤ ਸੀ।

### ਟਰੰਪ ਨੇ ਪਾਬੰਦੀ ਪਿੱਛੇ ਕੀ ਕਾਰਨ ਦੱਸੇ?

ਟਰੰਪ ਨੇ ਆਪਣੇ ਫ਼ੈਸਲੇ ਨੂੰ ਮੀਡੀਆ ਦੀ ਆਜ਼ਾਦੀ ਉੱਤੇ ਹਮਲਾ ਮੰਨਣ ਤੋਂ ਇਨਕਾਰ ਕੀਤਾ। ਉਨ੍ਹਾਂ ਦਾ ਕਹਿਣਾ ਸੀ ਕਿ ਉਹ ਸੁਤੰਤਰ ਪ੍ਰੈੱਸ ਨਹੀਂ, ਸਗੋਂ ਉਨ੍ਹਾਂ ਅਦਾਰਿਆਂ ਖ਼ਿਲਾਫ਼ ਕਾਰਵਾਈ ਕਰ ਰਹੇ ਹਨ ਜਿਨ੍ਹਾਂ ਨੂੰ ਉਹ ਝੂਠੀਆਂ ਖ਼ਬਰਾਂ ਫੈਲਾਉਣ ਵਾਲੇ ਮੰਨਦੇ ਹਨ।

21 ਸਤੰਬਰ ਨੂੰ ਟਰੰਪ ਨੇ ਇੱਕ ਹੋਰ ਸੋਸ਼ਲ ਮੀਡੀਆ ਪੋਸਟ ਵਿੱਚ ਦੋਸ਼ ਲਗਾਇਆ ਕਿ ਅਜਿਹੀਆਂ ਖ਼ਬਰਾਂ ਅਮਰੀਕਾ ਦੀ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣ ਰਹੀਆਂ ਹਨ। ਉਨ੍ਹਾਂ ਨੇ ਇਨ੍ਹਾਂ ਅਦਾਰਿਆਂ ਦੀ ਰਿਪੋਰਟਿੰਗ ਨੂੰ ਜਾਣਬੁੱਝ ਕੇ ਗੁੰਮਰਾਹ ਕਰਨ ਵਾਲੀ ਦੱਸਿਆ।

ਹਾਲਾਂਕਿ, ਰਾਇਟਰਜ਼ ਦੀ ਰਿਪੋਰਟ ਮੁਤਾਬਕ, ਪਾਬੰਦੀ ਦੇ ਐਲਾਨ ਸਮੇਂ ਟਰੰਪ ਨੇ ਆਪਣੇ ਦੋਸ਼ਾਂ ਦੇ ਸਮਰਥਨ ਵਿੱਚ ਕੋਈ ਠੋਸ ਸਬੂਤ ਪੇਸ਼ ਨਹੀਂ ਕੀਤਾ। ਉਨ੍ਹਾਂ ਨੇ ਕਿਸੇ ਇੱਕ ਖ਼ਾਸ ਖ਼ਬਰ ਦੀ ਬਜਾਏ ਕਈ ਸਾਲਾਂ ਦੀ ਰਿਪੋਰਟਿੰਗ ਪ੍ਰਤੀ ਆਪਣੀ ਨਾਰਾਜ਼ਗੀ ਨੂੰ ਫ਼ੈਸਲੇ ਦਾ ਆਧਾਰ ਦੱਸਿਆ।

ਉਪ ਰਾਸ਼ਟਰਪਤੀ ਜੇਡੀ ਵੈਂਸ ਨੇ ਵੀ ਪ੍ਰਸ਼ਾਸਨ ਦੇ ਫ਼ੈਸਲੇ ਦਾ ਬਚਾਅ ਕੀਤਾ। ਉਨ੍ਹਾਂ ਦਾ ਤਰਕ ਸੀ ਕਿ ਸਰਕਾਰ ਕਿਸੇ ਮੀਡੀਆ ਅਦਾਰੇ ਨੂੰ ਖ਼ਬਰਾਂ ਪ੍ਰਕਾਸ਼ਿਤ ਕਰਨ ਤੋਂ ਨਹੀਂ ਰੋਕ ਰਹੀ, ਸਗੋਂ ਵ੍ਹਾਈਟ ਹਾਊਸ ਤੱਕ ਵਿਸ਼ੇਸ਼ ਪਹੁੰਚ ਦੇਣ ਬਾਰੇ ਫ਼ੈਸਲਾ ਕਰ ਰਹੀ ਹੈ।

ਇਸ ਤਰ੍ਹਾਂ ਪ੍ਰਸ਼ਾਸਨ ਦਾ ਪੱਖ ਹੈ ਕਿ ਸਰਕਾਰੀ ਇਮਾਰਤ ਵਿੱਚ ਦਾਖ਼ਲੇ ਦੀ ਇਜਾਜ਼ਤ ਅਤੇ ਪ੍ਰੈੱਸ ਦੀ ਆਜ਼ਾਦੀ ਦੋ ਵੱਖਰੇ ਮੁੱਦੇ ਹਨ। ਦੂਜੇ ਪਾਸੇ ਪੱਤਰਕਾਰਾਂ ਦਾ ਕਹਿਣਾ ਹੈ ਕਿ ਸਰਕਾਰ ਦੀ ਆਲੋਚਨਾ ਕਰਨ ਕਾਰਨ ਕਿਸੇ ਅਦਾਰੇ ਦੀ ਪਹੁੰਚ ਰੋਕਣਾ ਪ੍ਰੈੱਸ ਦੀ ਆਜ਼ਾਦੀ ਨਾਲ ਜੁੜਿਆ ਸਿੱਧਾ ਸਵਾਲ ਹੈ।

### ਸੀਐੱਨਐੱਨ, ਪੋਲਿਟਿਕੋ ਅਤੇ ਐੱਮਐੱਸ ਨਾਓ ਹੀ ਕਿਉਂ?

ਇਨ੍ਹਾਂ ਤਿੰਨਾਂ ਮੀਡੀਆ ਅਦਾਰਿਆਂ ਨੇ ਟਰੰਪ ਪ੍ਰਸ਼ਾਸਨ ਦੀਆਂ ਨੀਤੀਆਂ ਅਤੇ ਫ਼ੈਸਲਿਆਂ ਬਾਰੇ ਆਲੋਚਨਾਤਮਕ ਰਿਪੋਰਟਿੰਗ ਕੀਤੀ ਹੈ। ਟਰੰਪ ਲੰਬੇ ਸਮੇਂ ਤੋਂ ਇਨ੍ਹਾਂ ਦੀਆਂ ਕਈ ਖ਼ਬਰਾਂ ਨਾਲ ਅਸਹਿਮਤੀ ਪ੍ਰਗਟ ਕਰਦੇ ਰਹੇ ਹਨ।

ਸੀਐੱਨਐੱਨ ਅਮਰੀਕਾ ਦਾ ਪ੍ਰਮੁੱਖ ਟੈਲੀਵਿਜ਼ਨ ਨਿਊਜ਼ ਨੈੱਟਵਰਕ ਹੈ। ਪੋਲਿਟਿਕੋ ਅਮਰੀਕੀ ਸਰਕਾਰ, ਕਾਂਗਰਸ ਅਤੇ ਨੀਤੀਗਤ ਫ਼ੈਸਲਿਆਂ ਬਾਰੇ ਰਿਪੋਰਟਿੰਗ ਕਰਦਾ ਹੈ। ਐੱਮਐੱਸ ਨਾਓ ਵੀ ਅਮਰੀਕੀ ਸਿਆਸਤ ਅਤੇ ਸਰਕਾਰੀ ਨੀਤੀਆਂ ਦੀ ਕਵਰੇਜ ਕਰਦਾ ਹੈ।

ਟਰੰਪ ਨੇ ਇਨ੍ਹਾਂ ਅਦਾਰਿਆਂ ਦੀ ਰਿਪੋਰਟਿੰਗ ਨੂੰ ਪਾਬੰਦੀ ਦਾ ਕਾਰਨ ਦੱਸਿਆ ਹੈ, ਜਦਕਿ ਸਬੰਧਤ ਅਦਾਰਿਆਂ ਦਾ ਦੋਸ਼ ਹੈ ਕਿ ਉਨ੍ਹਾਂ ਨੂੰ ਸਰਕਾਰ ਪ੍ਰਤੀ ਆਲੋਚਨਾਤਮਕ ਰੁਖ਼ ਰੱਖਣ ਕਾਰਨ ਨਿਸ਼ਾਨਾ ਬਣਾਇਆ ਗਿਆ।

ਪੱਤਰਕਾਰੀ ਨਾਲ ਜੁੜੀਆਂ ਸੰਸਥਾਵਾਂ ਨੇ ਵੀ ਇਸ ਕਾਰਵਾਈ ਉੱਤੇ ਇਤਰਾਜ਼ ਪ੍ਰਗਟਾਇਆ ਹੈ। ਉਨ੍ਹਾਂ ਮੁਤਾਬਕ, ਜੇਕਰ ਸਰਕਾਰ ਪੱਤਰਕਾਰਾਂ ਨੂੰ ਉਨ੍ਹਾਂ ਦੀ ਰਿਪੋਰਟਿੰਗ ਦੇ ਆਧਾਰ ਉੱਤੇ ਵ੍ਹਾਈਟ ਹਾਊਸ ਤੋਂ ਬਾਹਰ ਕਰ ਸਕਦੀ ਹੈ ਤਾਂ ਭਵਿੱਖ ਵਿੱਚ ਹੋਰ ਅਦਾਰਿਆਂ ਦੀ ਸੁਤੰਤਰਤਾ ਵੀ ਪ੍ਰਭਾਵਿਤ ਹੋ ਸਕਦੀ ਹੈ।

### ਫੌਕਸ ਨਿਊਜ਼ ਸਮੇਤ ਵੱਡੇ ਚੈਨਲਾਂ ਨੇ ਕੀਤਾ ਵਿਰੋਧ

ਇਸ ਵਿਵਾਦ ਵਿੱਚ ਸਭ ਤੋਂ ਮਹੱਤਵਪੂਰਨ ਮੋੜ 21 ਸਤੰਬਰ ਨੂੰ ਆਇਆ, ਜਦੋਂ ਅਮਰੀਕਾ ਦੇ ਪ੍ਰਮੁੱਖ ਟੈਲੀਵਿਜ਼ਨ ਨੈੱਟਵਰਕਾਂ ਨੇ ਰਾਸ਼ਟਰਪਤੀ ਦੀ ਸਾਂਝੀ ਟੈਲੀਵਿਜ਼ਨ ਕਵਰੇਜ ਮੁਅੱਤਲ ਕਰਨ ਦਾ ਫ਼ੈਸਲਾ ਕੀਤਾ।

ਏਬੀਸੀ (ABC), ਸੀਬੀਐੱਸ (CBS), ਐੱਨਬੀਸੀ (NBC) ਅਤੇ ਫੌਕਸ ਨਿਊਜ਼ (Fox News) ਨੇ ਸੀਐੱਨਐੱਨ ਨਾਲ ਇਕਜੁੱਟਤਾ ਪ੍ਰਗਟਾਉਂਦਿਆਂ ਰਾਸ਼ਟਰਪਤੀ ਦੇ ਸਮਾਗਮਾਂ ਲਈ ਸਾਂਝੇ ਕੈਮਰੇ ਮੁਹੱਈਆ ਕਰਵਾਉਣ ਤੋਂ ਇਨਕਾਰ ਕਰ ਦਿੱਤਾ।

ਫੌਕਸ ਨਿਊਜ਼ ਦੀ ਸ਼ਮੂਲੀਅਤ ਖ਼ਾਸ ਤੌਰ ਉੱਤੇ ਚਰਚਾ ਵਿੱਚ ਰਹੀ, ਕਿਉਂਕਿ ਇਸ ਦੇ ਕਈ ਪ੍ਰੋਗਰਾਮਾਂ ਵਿੱਚ ਟਰੰਪ ਦੀਆਂ ਨੀਤੀਆਂ ਪ੍ਰਤੀ ਹਮਾਇਤੀ ਰੁਖ਼ ਦੇਖਣ ਨੂੰ ਮਿਲਦਾ ਰਿਹਾ ਹੈ। ਇਸ ਦੇ ਬਾਵਜੂਦ ਚੈਨਲ ਨੇ ਪ੍ਰੈੱਸ ਦੀ ਪਹੁੰਚ ਦੇ ਮੁੱਦੇ ਉੱਤੇ ਦੂਜੇ ਨੈੱਟਵਰਕਾਂ ਨਾਲ ਸਾਂਝਾ ਫ਼ੈਸਲਾ ਕੀਤਾ।

ਪੰਜ ਟੈਲੀਵਿਜ਼ਨ ਨੈੱਟਵਰਕਾਂ ਨੇ ਸਾਂਝੇ ਬਿਆਨ ਵਿੱਚ ਕਿਹਾ ਕਿ ਲੋਕਾਂ ਨੂੰ ਆਪਣੀ ਸਰਕਾਰ ਬਾਰੇ ਸਹੀ ਅਤੇ ਸੁਤੰਤਰ ਜਾਣਕਾਰੀ ਪ੍ਰਾਪਤ ਕਰਨ ਦਾ ਅਹਿਮ ਹਿੱਤ ਹੈ। ਉਨ੍ਹਾਂ ਦਾ ਕਹਿਣਾ ਸੀ ਕਿ ਕਿਸੇ ਵੀ ਪ੍ਰਸ਼ਾਸਨ ਨੂੰ ਸਿਰਫ਼ ਇਸ ਲਈ ਕਿਸੇ ਮੀਡੀਆ ਅਦਾਰੇ ਦੀ ਪਹੁੰਚ ਸੀਮਤ ਨਹੀਂ ਕਰਨੀ ਚਾਹੀਦੀ ਕਿ ਉਸ ਨੂੰ ਉਸ ਦੀ ਰਿਪੋਰਟਿੰਗ ਪਸੰਦ ਨਹੀਂ।

ਇਹ ਵਿਰੋਧ ਰਾਸ਼ਟਰਪਤੀ ਦੇ ਸਮਾਗਮਾਂ ਦੀ ਸਾਂਝੀ ਟੈਲੀਵਿਜ਼ਨ ਕਵਰੇਜ ਤੱਕ ਸੀਮਤ ਸੀ। ਕਾਂਗਰਸ ਅਤੇ ਹੋਰ ਸਰਕਾਰੀ ਗਤੀਵਿਧੀਆਂ ਦੀ ਸਾਂਝੀ ਕਵਰੇਜ ਜਾਰੀ ਰੱਖਣ ਦਾ ਫ਼ੈਸਲਾ ਕੀਤਾ ਗਿਆ।

### ਪ੍ਰੈੱਸ ਪੂਲ ਕੀ ਹੈ ਅਤੇ ਇਸ ਦੀ ਅਹਿਮੀਅਤ ਕਿਉਂ ਹੈ?

ਵ੍ਹਾਈਟ ਹਾਊਸ ਵਿੱਚ ਹਰ ਪੱਤਰਕਾਰ ਜਾਂ ਕੈਮਰਾਮੈਨ ਨੂੰ ਹਰ ਸਮਾਗਮ ਵਿੱਚ ਜਾਣ ਦੀ ਇਜਾਜ਼ਤ ਨਹੀਂ ਮਿਲ ਸਕਦੀ। ਇਸ ਲਈ ਪ੍ਰੈੱਸ ਪੂਲ ਦੀ ਵਿਵਸਥਾ ਬਣਾਈ ਗਈ ਹੈ।

ਇਸ ਤਹਿਤ ਕੁਝ ਚੁਣੇ ਹੋਏ ਪੱਤਰਕਾਰ, ਫ਼ੋਟੋਗ੍ਰਾਫ਼ਰ ਅਤੇ ਕੈਮਰਾ ਟੀਮਾਂ ਰਾਸ਼ਟਰਪਤੀ ਦੀਆਂ ਗਤੀਵਿਧੀਆਂ ਦੀ ਕਵਰੇਜ ਕਰਦੀਆਂ ਹਨ। ਉਹ ਆਪਣੀ ਜਾਣਕਾਰੀ, ਤਸਵੀਰਾਂ ਅਤੇ ਵੀਡੀਓ ਹੋਰ ਮੀਡੀਆ ਅਦਾਰਿਆਂ ਨਾਲ ਸਾਂਝੇ ਕਰਦੀਆਂ ਹਨ।

ਸੀਐੱਨਐੱਨ, ਏਬੀਸੀ, ਸੀਬੀਐੱਸ, ਐੱਨਬੀਸੀ ਅਤੇ ਫੌਕਸ ਨਿਊਜ਼ ਵਾਰੀ-ਵਾਰੀ ਟੈਲੀਵਿਜ਼ਨ ਪੂਲ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ।

ਸੀਐੱਨਐੱਨ ਉੱਤੇ ਪਾਬੰਦੀ ਲੱਗਣ ਕਾਰਨ ਇਸ ਵਿਵਸਥਾ ਵਿੱਚ ਰੁਕਾਵਟ ਪੈਦਾ ਹੋਈ। 21 ਸਤੰਬਰ ਨੂੰ ਵ੍ਹਾਈਟ ਹਾਊਸ ਦੇ ਨਵੇਂ ਹੈਲੀਪੈਡ ਦੇ ਉਦਘਾਟਨ ਮੌਕੇ ਸੁਤੰਤਰ ਟੈਲੀਵਿਜ਼ਨ ਪੂਲ ਦੀ ਕਵਰੇਜ ਉਪਲਬਧ ਨਹੀਂ ਸੀ। ਵ੍ਹਾਈਟ ਹਾਊਸ ਵੱਲੋਂ ਦਿੱਤੀ ਗਈ ਵੀਡੀਓ ਵਿੱਚ ਆਵਾਜ਼ ਦੀ ਸਮੱਸਿਆ ਕਾਰਨ ਟਰੰਪ ਦਾ ਸੰਬੋਧਨ ਸਪੱਸ਼ਟ ਸੁਣਾਈ ਨਹੀਂ ਦਿੱਤਾ।

ਇਸ ਘਟਨਾ ਨੇ ਦਰਸਾਇਆ ਕਿ ਸੁਤੰਤਰ ਕੈਮਰਾ ਟੀਮਾਂ ਸਿਰਫ਼ ਮੀਡੀਆ ਅਦਾਰਿਆਂ ਲਈ ਹੀ ਨਹੀਂ, ਸਗੋਂ ਆਮ ਲੋਕਾਂ ਤੱਕ ਸਰਕਾਰੀ ਗਤੀਵਿਧੀਆਂ ਦੀ ਪੂਰੀ ਜਾਣਕਾਰੀ ਪਹੁੰਚਾਉਣ ਲਈ ਵੀ ਮਹੱਤਵਪੂਰਨ ਹਨ।

### ਤਿੰਨ ਮੀਡੀਆ ਅਦਾਰਿਆਂ ਨੇ ਅਦਾਲਤ ਦਾ ਦਰਵਾਜ਼ਾ ਖੜਕਾਇਆ

21 ਸਤੰਬਰ ਨੂੰ ਸੀਐੱਨਐੱਨ, ਐੱਮਐੱਸ ਨਾਓ ਅਤੇ ਪੋਲਿਟਿਕੋ ਨੇ ਟਰੰਪ ਪ੍ਰਸ਼ਾਸਨ ਖ਼ਿਲਾਫ਼ ਵਾਸ਼ਿੰਗਟਨ ਦੀ ਸੰਘੀ ਅਦਾਲਤ ਵਿੱਚ ਮੁਕੱਦਮਾ ਦਾਇਰ ਕਰ ਦਿੱਤਾ।

ਇਨ੍ਹਾਂ ਅਦਾਰਿਆਂ ਨੇ ਦਲੀਲ ਦਿੱਤੀ ਕਿ ਉਨ੍ਹਾਂ ਦੇ ਪੱਤਰਕਾਰਾਂ ਦੀ ਮਾਨਤਾ ਰੱਦ ਕਰਨਾ ਅਮਰੀਕੀ ਸੰਵਿਧਾਨ ਦੀ ਪਹਿਲੀ ਸੋਧ ਅਧੀਨ ਪ੍ਰੈੱਸ ਦੀ ਆਜ਼ਾਦੀ ਅਤੇ ਪੰਜਵੀਂ ਸੋਧ ਅਧੀਨ ਕਾਨੂੰਨੀ ਪ੍ਰਕਿਰਿਆ ਨਾਲ ਜੁੜੇ ਅਧਿਕਾਰਾਂ ਦੀ ਉਲੰਘਣਾ ਹੈ।

ਉਨ੍ਹਾਂ ਨੇ ਅਦਾਲਤ ਤੋਂ ਪਾਬੰਦੀ ਉੱਤੇ ਆਰਜ਼ੀ ਰੋਕ ਲਗਾਉਣ ਅਤੇ ਪੱਤਰਕਾਰਾਂ ਦੀ ਵ੍ਹਾਈਟ ਹਾਊਸ ਤੱਕ ਪਹੁੰਚ ਬਹਾਲ ਕਰਨ ਦੀ ਮੰਗ ਕੀਤੀ।

ਮਾਮਲਾ ਸੰਘੀ ਜੱਜ ਟਿਮੋਥੀ ਜੇ. ਕੈਲੀ ਨੂੰ ਸੌਂਪਿਆ ਗਿਆ ਹੈ। ਇਹ ਉਹੀ ਜੱਜ ਹਨ ਜਿਨ੍ਹਾਂ ਨੇ 2018 ਵਿੱਚ ਸੀਐੱਨਐੱਨ ਦੇ ਪੱਤਰਕਾਰ ਜਿਮ ਅਕੋਸਟਾ ਦੀ ਪ੍ਰੈੱਸ ਮਾਨਤਾ ਬਹਾਲ ਕਰਨ ਲਈ ਆਰਜ਼ੀ ਹੁਕਮ ਜਾਰੀ ਕੀਤਾ ਸੀ।

ਮੌਜੂਦਾ ਮਾਮਲੇ ਵਿੱਚ ਅਦਾਲਤ ਨੇ ਅਜੇ ਅੰਤਿਮ ਫ਼ੈਸਲਾ ਨਹੀਂ ਦਿੱਤਾ। ਇਸ ਲਈ ਪਾਬੰਦੀ ਨੂੰ ਕਾਨੂੰਨੀ ਜਾਂ ਗ਼ੈਰਕਾਨੂੰਨੀ ਕਰਾਰ ਦੇਣ ਦਾ ਸਵਾਲ ਨਿਆਂਇਕ ਵਿਚਾਰ ਅਧੀਨ ਹੈ।

### ਕੀ ਟਰੰਪ ਪਹਿਲਾਂ ਵੀ ਪੱਤਰਕਾਰਾਂ ਨਾਲ ਟਕਰਾਅ ਵਿੱਚ ਰਹੇ ਹਨ?

ਇਹ ਪਹਿਲੀ ਵਾਰ ਨਹੀਂ ਹੈ ਜਦੋਂ ਟਰੰਪ ਅਤੇ ਅਮਰੀਕੀ ਮੀਡੀਆ ਵਿਚਕਾਰ ਪਹੁੰਚ ਨੂੰ ਲੈ ਕੇ ਵਿਵਾਦ ਪੈਦਾ ਹੋਇਆ ਹੋਵੇ।

2018 ਵਿੱਚ ਵ੍ਹਾਈਟ ਹਾਊਸ ਨੇ ਸੀਐੱਨਐੱਨ ਦੇ ਪੱਤਰਕਾਰ ਜਿਮ ਅਕੋਸਟਾ ਦੀ ਪ੍ਰੈੱਸ ਮਾਨਤਾ ਰੱਦ ਕਰ ਦਿੱਤੀ ਸੀ। ਅਦਾਲਤੀ ਕਾਰਵਾਈ ਤੋਂ ਬਾਅਦ ਉਨ੍ਹਾਂ ਦੀ ਮਾਨਤਾ ਬਹਾਲ ਹੋਈ।

ਟਰੰਪ ਦੇ ਦੂਜੇ ਕਾਰਜਕਾਲ ਦੌਰਾਨ ਵੀ ਵ੍ਹਾਈਟ ਹਾਊਸ ਦੀ ਪ੍ਰੈੱਸ ਪੂਲ ਵਿਵਸਥਾ ਵਿੱਚ ਤਬਦੀਲੀਆਂ ਕੀਤੀਆਂ ਗਈਆਂ। ਪਹਿਲਾਂ ਪੂਲ ਲਈ ਪੱਤਰਕਾਰਾਂ ਦੀ ਚੋਣ ਵਿੱਚ ਵ੍ਹਾਈਟ ਹਾਊਸ ਕਰਸਪੌਂਡੈਂਟਸ ਐਸੋਸੀਏਸ਼ਨ ਦੀ ਮੁੱਖ ਭੂਮਿਕਾ ਹੁੰਦੀ ਸੀ, ਪਰ ਪ੍ਰਸ਼ਾਸਨ ਨੇ ਇਸ ਚੋਣ ਪ੍ਰਕਿਰਿਆ ਉੱਤੇ ਆਪਣਾ ਨਿਯੰਤਰਣ ਵਧਾ ਦਿੱਤਾ।

ਮੌਜੂਦਾ ਵਿਵਾਦ ਇਸ ਪੁਰਾਣੇ ਟਕਰਾਅ ਦਾ ਨਵਾਂ ਅਧਿਆਏ ਹੈ, ਜਿਸ ਵਿੱਚ ਸਿਰਫ਼ ਇੱਕ ਪੱਤਰਕਾਰ ਦੀ ਬਜਾਏ ਤਿੰਨ ਵੱਡੇ ਮੀਡੀਆ ਅਦਾਰਿਆਂ ਦੀ ਪਹੁੰਚ ਰੋਕੀ ਗਈ ਹੈ।

### ਸਰਕਾਰੀ ਟੀਵੀ ਬਨਾਮ ਸੁਤੰਤਰ ਮੀਡੀਆ

ਇਸੇ ਵਿਵਾਦ ਦੌਰਾਨ ਵ੍ਹਾਈਟ ਹਾਊਸ ਨੇ 21 ਸਤੰਬਰ ਨੂੰ 'ਟਰੰਪ ਟੀਵੀ' ਨਾਮ ਦਾ ਇੱਕ ਡਿਜੀਟਲ ਮੰਚ ਵੀ ਸ਼ੁਰੂ ਕੀਤਾ। ਇਸ ਰਾਹੀਂ ਪ੍ਰਸ਼ਾਸਨ ਆਪਣੇ ਐਲਾਨਾਂ, ਰਾਸ਼ਟਰਪਤੀ ਦੇ ਭਾਸ਼ਣਾਂ ਅਤੇ ਸਰਕਾਰੀ ਗਤੀਵਿਧੀਆਂ ਦੀ ਜਾਣਕਾਰੀ ਸਿੱਧੀ ਲੋਕਾਂ ਤੱਕ ਪਹੁੰਚਾਉਣਾ ਚਾਹੁੰਦਾ ਹੈ।

ਸਰਕਾਰ ਦਾ ਆਪਣਾ ਪ੍ਰਸਾਰਣ ਮੰਚ ਹੋਣਾ ਅਤੇ ਸੁਤੰਤਰ ਪੱਤਰਕਾਰਾਂ ਵੱਲੋਂ ਸਰਕਾਰ ਦੀ ਜਾਂਚ-ਪੜਤਾਲ ਕਰਨਾ ਦੋ ਵੱਖਰੀਆਂ ਪ੍ਰਕਿਰਿਆਵਾਂ ਹਨ। ਸਰਕਾਰੀ ਮੰਚ ਪ੍ਰਸ਼ਾਸਨ ਦਾ ਪੱਖ ਪੇਸ਼ ਕਰ ਸਕਦਾ ਹੈ, ਜਦਕਿ ਸੁਤੰਤਰ ਪੱਤਰਕਾਰ ਉਸ ਦੇ ਦਾਅਵਿਆਂ ਦੀ ਜਾਂਚ ਕਰਨ ਅਤੇ ਜਵਾਬਦੇਹੀ ਨਾਲ ਜੁੜੇ ਸਵਾਲ ਪੁੱਛਣ ਦੀ ਭੂਮਿਕਾ ਨਿਭਾਉਂਦੇ ਹਨ।

### ਦੁਨੀਆ ਲਈ ਇਸ ਵਿਵਾਦ ਦਾ ਕੀ ਮਹੱਤਵ ਹੈ?

ਅਮਰੀਕਾ ਵਿੱਚ ਪ੍ਰੈੱਸ ਦੀ ਆਜ਼ਾਦੀ ਨੂੰ ਸੰਵਿਧਾਨਕ ਸੁਰੱਖਿਆ ਪ੍ਰਾਪਤ ਹੈ। ਇਸ ਦੇ ਬਾਵਜੂਦ ਸਰਕਾਰ ਅਤੇ ਮੀਡੀਆ ਵਿਚਕਾਰ ਪਹੁੰਚ ਨੂੰ ਲੈ ਕੇ ਪੈਦਾ ਹੋਇਆ ਇਹ ਵਿਵਾਦ ਦਰਸਾਉਂਦਾ ਹੈ ਕਿ ਸੰਵਿਧਾਨਕ ਅਧਿਕਾਰਾਂ ਦੀ ਵਿਆਖਿਆ ਅਤੇ ਉਨ੍ਹਾਂ ਦੀ ਅਮਲੀ ਵਰਤੋਂ ਉੱਤੇ ਵੀ ਟਕਰਾਅ ਹੋ ਸਕਦਾ ਹੈ।

ਟਰੰਪ ਪ੍ਰਸ਼ਾਸਨ ਦਾ ਤਰਕ ਹੈ ਕਿ ਸਰਕਾਰ ਨੂੰ ਵ੍ਹਾਈਟ ਹਾਊਸ ਵਿੱਚ ਵਿਸ਼ੇਸ਼ ਪਹੁੰਚ ਦੇਣ ਬਾਰੇ ਫ਼ੈਸਲਾ ਕਰਨ ਦਾ ਅਧਿਕਾਰ ਹੈ। ਮੀਡੀਆ ਅਦਾਰਿਆਂ ਦਾ ਕਹਿਣਾ ਹੈ ਕਿ ਇਸ ਅਧਿਕਾਰ ਦੀ ਵਰਤੋਂ ਆਲੋਚਨਾਤਮਕ ਰਿਪੋਰਟਿੰਗ ਨੂੰ ਸਜ਼ਾ ਦੇਣ ਲਈ ਨਹੀਂ ਕੀਤੀ ਜਾ ਸਕਦੀ।

ਇਸ ਵਿਵਾਦ ਦਾ ਇੱਕ ਹੋਰ ਪਹਿਲੂ ਲੋਕਾਂ ਦਾ ਜਾਣਕਾਰੀ ਪ੍ਰਾਪਤ ਕਰਨ ਦਾ ਅਧਿਕਾਰ ਹੈ। ਜਦੋਂ ਸਰਕਾਰ ਕਿਸੇ ਖ਼ਬਰ ਨੂੰ ਗ਼ਲਤ ਮੰਨਦੀ ਹੈ ਤਾਂ ਉਸ ਕੋਲ ਤੱਥਾਂ ਨਾਲ ਜਵਾਬ ਦੇਣ ਅਤੇ ਆਪਣਾ ਪੱਖ ਪੇਸ਼ ਕਰਨ ਦੇ ਮੌਕੇ ਹੁੰਦੇ ਹਨ। ਪਰ ਜਦੋਂ ਅਸਹਿਮਤੀ ਦਾ ਨਤੀਜਾ ਪੱਤਰਕਾਰਾਂ ਦੀ ਪਹੁੰਚ ਰੋਕਣ ਦੇ ਰੂਪ ਵਿੱਚ ਸਾਹਮਣੇ ਆਉਂਦਾ ਹੈ ਤਾਂ ਮਾਮਲਾ ਪ੍ਰੈੱਸ ਦੀ ਆਜ਼ਾਦੀ ਅਤੇ ਸਰਕਾਰੀ ਜਵਾਬਦੇਹੀ ਨਾਲ ਜੁੜ ਜਾਂਦਾ ਹੈ।

ਹੁਣ ਇਸ ਮਾਮਲੇ ਵਿੱਚ ਅਮਰੀਕੀ ਅਦਾਲਤ ਦੀ ਕਾਰਵਾਈ ਮਹੱਤਵਪੂਰਨ ਹੋਵੇਗੀ। ਅਦਾਲਤ ਨੇ ਇਹ ਤੈਅ ਕਰਨਾ ਹੈ ਕਿ ਵ੍ਹਾਈਟ ਹਾਊਸ ਵਿੱਚ ਪੱਤਰਕਾਰਾਂ ਦੀ ਪਹੁੰਚ ਸੀਮਤ ਕਰਨ ਲਈ ਪ੍ਰਸ਼ਾਸਨ ਕੋਲ ਕਿੰਨਾ ਅਧਿਕਾਰ ਹੈ ਅਤੇ ਇਸ ਉੱਤੇ ਸੰਵਿਧਾਨਕ ਪਾਬੰਦੀਆਂ ਕੀ ਹਨ।

22 ਸਤੰਬਰ 2026 ਤੱਕ ਦੀ ਸਥਿਤੀ ਅਨੁਸਾਰ, ਤਿੰਨਾਂ ਅਦਾਰਿਆਂ ਦੀ ਪਹੁੰਚ ਉੱਤੇ ਪਾਬੰਦੀ ਖ਼ਿਲਾਫ਼ ਕਾਨੂੰਨੀ ਲੜਾਈ ਜਾਰੀ ਹੈ ਅਤੇ ਪ੍ਰਮੁੱਖ ਟੈਲੀਵਿਜ਼ਨ ਨੈੱਟਵਰਕਾਂ ਨੇ ਰਾਸ਼ਟਰਪਤੀ ਦੀ ਸਾਂਝੀ ਟੀਵੀ ਕਵਰੇਜ ਮੁਅੱਤਲ ਕੀਤੀ ਹੋਈ ਹੈ।

ਇਸ ਟਕਰਾਅ ਦਾ ਕੇਂਦਰੀ ਸਵਾਲ ਇਹ ਹੈ ਕਿ ਸਰਕਾਰ ਨਾਲ ਅਸਹਿਮਤ ਹੋਣ ਵਾਲੇ ਪੱਤਰਕਾਰਾਂ ਨੂੰ ਸਰਕਾਰੀ ਗਤੀਵਿਧੀਆਂ ਦੀ ਕਵਰੇਜ ਕਰਨ ਦਾ ਮੌਕਾ ਕਿਸ ਹੱਦ ਤੱਕ ਮਿਲਣਾ ਚਾਹੀਦਾ ਹੈ। ਇਸ ਦਾ ਜਵਾਬ ਸਿਰਫ਼ ਟਰੰਪ ਅਤੇ ਤਿੰਨ ਮੀਡੀਆ ਅਦਾਰਿਆਂ ਲਈ ਨਹੀਂ, ਸਗੋਂ ਭਵਿੱਖ ਵਿੱਚ ਅਮਰੀਕੀ ਸਰਕਾਰ ਅਤੇ ਸੁਤੰਤਰ ਪ੍ਰੈੱਸ ਦੇ ਰਿਸ਼ਤੇ ਲਈ ਵੀ ਮਹੱਤਵ ਰੱਖੇਗਾ।




ਪਾਕਿਸਤਾਨ ਦੇ ਬਹਾਵਲਪੁਰ ਦੀ ਇੱਕ ਸਬਜ਼ੀ ਮੰਡੀ ਦਾ ਇੱਕ ਵੀਡੀਓ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ ਵੱਖ-ਵੱਖ ਸਬਜ਼ੀਆਂ ਦੇ ਬਾਜ਼ਾਰੀ ਭਾਅ ਦਿਖਾਏ ਗਏ ਹਨ। ਪਾਕਿਸਤਾਨ ਦੇ ਬਹਾਵਲਪੁਰ ਦੀ ਇਸ ਸਬਜ਼ੀ ਮੰਡੀ ਵਿੱਚ, ਇੱਕ ਆਦਮੀ ਦੁਕਾਨਦਾਰਾਂ ਤੋਂ ਵੱਖ-ਵੱਖ ਸਬਜ਼ੀਆਂ ਦੇ ਭਾਅ ਪੁੱਛਦਾ ਦਿਖਾਈ ਦੇ ਰਿਹਾ ਹੈ। ਬੈਂਗਣ ਦੀ ਕੀਮਤ ਪੁੱਛਣ 'ਤੇ, ਦੁਕਾਨਦਾਰ ਨੇ 350 ਰੁਪਏ ਦਾ ਹਵਾਲਾ ਦਿੱਤਾ। ਕੱਦੂ ਦੀ ਕੀਮਤ 600 ਰੁਪਏ ਹੈ, ਜਦੋਂ ਕਿ ਗਾਜਰ ਦੀ ਵੀ ਕੀਮਤ 600 ਰੁਪਏ ਹੈ। ਮਟਰ ਦੀ ਕੀਮਤ 2,000 ਰੁਪਏ ਹੈ, ਜੋ ਕਿ ਇਹਨਾਂ ਸਬਜ਼ੀਆਂ ਵਿੱਚੋਂ ਸਭ ਤੋਂ ਵੱਧ ਹੈ। ਨਿੰਬੂ ਦੀ ਕੀਮਤ 150 ਰੁਪਏ ਹੈ, ਜਦੋਂ ਕਿ ਕਰੇਲੇ ਦੀ ਕੀਮਤ 600 ਰੁਪਏ ਹੈ।

ਵੀਡੀਓ ਸਾਹਮਣੇ ਆਉਣ ਤੋਂ ਬਾਅਦ, ਭਾਰਤੀ ਉਪਭੋਗਤਾਵਾਂ ਦੀਆਂ ਪ੍ਰਤੀਕਿਰਿਆਵਾਂ ਵੀ ਸਾਹਮਣੇ ਆਈਆਂ ਹਨ। ਕੁਝ ਲੋਕ ਕਹਿ ਰਹੇ ਹਨ ਕਿ ਪਾਕਿਸਤਾਨੀ ਪਹਿਲਾਂ ਹੀ ਆਰਥਿਕ ਤੌਰ 'ਤੇ ਸੰਘਰਸ਼ ਕਰ ਰਹੇ ਹਨ, ਤਾਂ ਉਹ ਇੰਨੀਆਂ ਮਹਿੰਗੀਆਂ ਸਬਜ਼ੀਆਂ ਕਿਵੇਂ ਖਰੀਦ ਸਕਦੇ ਹਨ? ਦੂਸਰੇ ਪੁੱਛ ਰਹੇ ਹਨ, ਜੇਕਰ ਇਹ ਪਾਕਿਸਤਾਨ ਵਿੱਚ ਸਬਜ਼ੀਆਂ ਦੀਆਂ ਕੀਮਤਾਂ ਹਨ, ਤਾਂ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ ਕੀ ਹੋਣਗੀਆਂ?

ਇਸ ਵੀਡੀਓ ਨੂੰ ਲੈ ਕੇ ਹੋ ਰਹੀ ਚਰਚਾ ਦੇ ਵਿਚਕਾਰ, ਇੱਕ ਗੱਲ ਧਿਆਨ ਦੇਣ ਯੋਗ ਹੈ। ਕੁਝ ਸੋਸ਼ਲ ਮੀਡੀਆ ਯੂਜ਼ਰਸ ਦਾ ਕਹਿਣਾ ਹੈ ਕਿ ਵੀਡੀਓ ਵਿੱਚ ਦੱਸੀਆਂ ਗਈਆਂ ਕੀਮਤਾਂ ਜ਼ਰੂਰੀ ਨਹੀਂ ਕਿ ਪ੍ਰਤੀ ਕਿਲੋਗ੍ਰਾਮ ਹੋਣ। ਟਿੱਪਣੀਆਂ ਵਿੱਚ, ਕਈ ਲੋਕਾਂ ਨੇ ਦਾਅਵਾ ਕੀਤਾ ਕਿ ਪਾਕਿਸਤਾਨ ਵਿੱਚ ਕੁਝ ਥਾਵਾਂ 'ਤੇ, ਸਬਜ਼ੀਆਂ ਦੀਆਂ ਕੀਮਤਾਂ 'ਢਾੜੀ' ਦੇ ਰੂਪ ਵਿੱਚ ਵੀ ਦੱਸੀਆਂ ਜਾਂਦੀਆਂ ਹਨ। 'ਢਾੜੀ' ਸਥਾਨਕ ਤੌਰ 'ਤੇ ਵਰਤੀ ਜਾਂਦੀ ਭਾਰ ਦੀ ਇਕਾਈ ਹੈ, ਜਿਸਨੂੰ ਕਈ ਥਾਵਾਂ 'ਤੇ ਲਗਭਗ 5 ਕਿਲੋਗ੍ਰਾਮ ਮੰਨਿਆ ਜਾਂਦਾ ਹੈ। ਇਸ ਲਈ, ਵੀਡੀਓ ਵਿੱਚ ਸੁਣਾਈ ਗਈ '350 ਰੁਪਏ' ਦਾ ਮਤਲਬ ਸਿਰਫ਼ 350 ਰੁਪਏ ਪ੍ਰਤੀ ਕਿਲੋਗ੍ਰਾਮ ਮੰਨਣਾ ਸਹੀ ਨਹੀਂ ਹੋਵੇਗਾ। ਇਸ ਲਈ, ਵਾਇਰਲ ਵੀਡੀਓ ਵਿੱਚ ਦੱਸੀਆਂ ਗਈਆਂ ਕੀਮਤਾਂ ਨੂੰ ਸਮਝਣ ਲਈ, ਇਹ ਦੇਖਣਾ ਮਹੱਤਵਪੂਰਨ ਹੈ ਕਿ ਦੁਕਾਨਦਾਰ ਭਾਰ ਦੀ ਕਿਹੜੀ ਇਕਾਈ ਵਰਤ ਰਿਹਾ ਹੈ।




ਲੰਡਨ : ਲੰਡਨ ਦੇ ਸਾਊਥਾਲ ਸਥਿਤ ਸਾਊਥ ਰੋਡ 'ਤੇ ਸ਼ਨੀਵਾਰ ਤੜਕੇ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ, ਜਿਸ ਵਿੱਚ 17 ਸਾਲ ਦੇ ਨਾਬਾਲਗ ਰਣਬੀਰ ਸਿੰਘ ਦੀ ਮੌਤ ਹੋ ਗਈ ਅਤੇ ਇੱਕ ਵਿਅਕਤੀ ਜ਼ਖ਼ਮੀ ਹੋ ਗਿਆ। ਮੈਟਰੋਪੋਲੀਟਨ ਪੁਲਸ ਅਨੁਸਾਰ ਇਹ ਹਾਦਸਾ ਇੱਕ ਫੋਰਡ ਮਸਟੈਂਗ ਕਾਰ ਦਾ ਹੋਇਆ। ਘਟਨਾ ਦੀ ਜਾਣਕਾਰੀ ਮਿਲਦੇ ਹੀ ਮੈਟਰੋਪੋਲੀਟਨ ਪੁਲਸ, ਲੰਡਨ ਐਂਬੂਲੈਂਸ ਸਰਵਿਸ ਅਤੇ ਲੰਡਨ ਫਾਇਰ ਬ੍ਰਿਗੇਡ ਦੀ ਟੀਮ ਤੁਰੰਤ ਮੌਕੇ 'ਤੇ ਪਹੁੰਚ ਗਈ।

ਇਸ ਮਾਮਲੇ ਵਿੱਚ ਪੁਲਸ ਨੇ ਕਾਰਵਾਈ ਕਰਦਿਆਂ ਮੁਲਜ਼ਮ ਸੁਖਵੀਰ ਸਿੰਘ ਨੂੰ ਗ੍ਰਿਫ਼ਤਾਰ ਕਰ ਲਿਆ। ਮੁਲਜ਼ਮ ਸੁਖਵੀਰ ਸਿੰਘ ਨੂੰ ਸੋਮਵਾਰ ਨੂੰ ਲੰਡਨ ਦੀ ਉਕਸਬ੍ਰਿਜ ਮੈਜਿਸਟ੍ਰੇਟ ਕੋਰਟ ਵਿੱਚ ਪੇਸ਼ ਕੀਤਾ ਗਿਆ। ਅਦਾਲਤ ਨੇ ਉਸ ਨੂੰ ਹਿਰਾਸਤ ਵਿੱਚ ਭੇਜ ਦਿੱਤਾ ਹੈ ਅਤੇ ਹੁਣ ਉਸ ਦੀ ਅਗਲੀ ਪੇਸ਼ੀ 19 ਅਕਤੂਬਰ ਨੂੰ ਓਲਡ ਬੇਲੀ ਕੋਰਟ ਵਿੱਚ ਹੋਵੇਗੀ।

ਪੁਲਸ ਨੇ ਦੱਸਿਆ ਕਿ ਮੁਲਜ਼ਮ ਖ਼ਿਲਾਫ਼ ਮਾਮਲਾ ਦਰਜ ਹੋਣ ਦੇ ਬਾਵਜੂਦ ਘਟਨਾ ਦੀ ਜਾਂਚ ਜਾਰੀ ਹੈ। ਮੈਟਰੋਪੋਲੀਟਨ ਪੁਲਸ ਨੇ ਆਮ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇਕਰ ਕਿਸੇ ਕੋਲ ਵੀ ਘਟਨਾ, ਕਾਰ ਦੀ ਰਫ਼ਤਾਰ ਜਾਂ ਉਸ ਖੇਤਰ ਦੀ ਸੀ.ਸੀ.ਟੀ.ਵੀ. (CCTV), ਡੋਰਬੈਲ, ਮੋਬਾਈਲ ਜਾਂ ਡੈਸ਼ਕੈਮ ਰਿਕਾਰਡਿੰਗ ਹੋਵੇ, ਤਾਂ ਉਹ ਤੁਰੰਤ ਪੁਲਸ ਨਾਲ ਸੰਪਰਕ ਕਰਨ।

# ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਵਿਰੁੱਧ ਪਹੁੰਚੀ ਪਟੀਸ਼ਨ ’ਤੇ ਅਗਲੇ ਹਫ਼ਤੇ ਸੁਣਵਾਈ ਕਰੇਗਾ ਸੁਪਰੀਮ ਕੋਰਟ

## ਚੋਣ ਕਮਿਸ਼ਨਰਾਂ ਦੇ ਵਿਰੋਧ ਦੇ ਬਾਵਜੂਦ ਇੱਕਤਰਫ਼ਾ ਫੈਸਲੇ ਲੈਣ ਦੇ ਦੋਸ਼; ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ SIT ਜਾਂਚ ਦੀ ਮੰਗ

**ਨਵੀਂ ਦਿੱਲੀ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸੁਪਰੀਮ ਕੋਰਟ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਨੂੰ ਅਹੁਦੇ ਦੇ ਕੰਮਕਾਜ ਤੋਂ ਰੋਕਣ ਦੀ ਮੰਗ ਕਰਨ ਵਾਲੀ ਪਟੀਸ਼ਨ ’ਤੇ ਅਗਲੇ ਹਫ਼ਤੇ ਸੁਣਵਾਈ ਕਰਨ ਲਈ ਸਹਿਮਤ ਹੋ ਗਿਆ ਹੈ। ਭਾਰਤ ਦੇ ਮੁੱਖ ਜੱਜ ਸੂਰਿਆ ਕਾਂਤ ਦੀ ਅਗਵਾਈ ਵਾਲੇ ਬੈਂਚ ਨੇ ਸੀਨੀਅਰ ਵਕੀਲ ਵਿਕਾਸ ਸਿੰਘ ਵੱਲੋਂ ਰਾਕੇਸ਼ ਕੁਮਾਰ ਸਿੰਘ ਦੁਆਰਾ ਦਾਇਰ ਪਟੀਸ਼ਨ ਨੂੰ ਜਲਦ ਸੂਚੀਬੱਧ ਕਰਨ ਦੀ ਕੀਤੀ ਗਈ ਬੇਨਤੀ ਤੋਂ ਬਾਅਦ ਇਹ ਫੈਸਲਾ ਲਿਆ।



ਅਦਾਲਤ ਵਿੱਚ ਪੱਖ ਰੱਖਦਿਆਂ ਵਕੀਲ ਨੇ ਕਿਹਾ ਕਿ ਚੋਣ ਕਮਿਸ਼ਨ ਇੱਕ ਬਹੁ-ਮੈਂਬਰੀ ਸੰਸਥਾ ਹੈ ਅਤੇ ਕਾਨੂੰਨੀ ਢਾਂਚੇ ਤਹਿਤ ਇਸ ਦੇ ਸਾਰੇ ਫੈਸਲੇ ਜਿੱਥੋਂ ਤੱਕ ਹੋ ਸਕੇ ਰਜ਼ਾਮੰਦੀ ਨਾਲ ਲਏ ਜਾਣੇ ਚਾਹੀਦੇ ਹਨ, ਜਦੋਂਕਿ ਮਤਭੇਦ ਦੀ ਸਥਿਤੀ ਵਿੱਚ ਫੈਸਲਾ ਬਹੁਮਤ ਦੇ ਆਧਾਰ ’ਤੇ ਹੋਣਾ ਚਾਹੀਦਾ ਹੈ। ਬੈਂਚ, ਜਿਸ ਵਿੱਚ ਜਸਟਿਸ ਜੋਇਮਾਲਿਆ ਬਾਗਚੀ ਅਤੇ ਜਸਟਿਸ ਵੀ. ਮੋਹਨਾ ਵੀ ਸ਼ਾਮਲ ਸਨ, ਨੂੰ ਦੱਸਿਆ ਗਿਆ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ’ਤੇ ਬਾਕੀ ਦੋ ਚੋਣ ਕਮਿਸ਼ਨਰਾਂ ਵੱਲੋਂ ਜਤਾਏ ਇਤਰਾਜ਼ਾਂ ਦੇ ਬਾਵਜੂਦ ਫੈਸਲੇ ਲਏ ਗਏ, ਜੋ ਕਿ ਇੱਕ ਗੰਭੀਰ ਮਾਮਲਾ ਹੈ।

ਪਟੀਸ਼ਨ ਵਿੱਚ ਅਕਤੂਬਰ 2025 ਤੋਂ ਅਗਸਤ 2026 ਦਰਮਿਆਨ ਦੀਆਂ ਰਿਪੋਰਟਾਂ ਦਾ ਹਵਾਲਾ ਦਿੱਤਾ ਗਿਆ ਹੈ, ਜਿਸ ਅਨੁਸਾਰ ਚੋਣ ਕਮਿਸ਼ਨਰ ਸੁਖਬੀਰ ਸਿੰਘ ਸੰਧੂ ਅਤੇ ਵਿਵੇਕ ਜੋਸ਼ੀ ਵੱਲੋਂ ਲਿਖਤੀ ਇਤਰਾਜ਼ ਦਰਜ ਕਰਵਾਏ ਜਾਣ ਦੇ ਬਾਵਜੂਦ ਚੋਣ ਕਮਿਸ਼ਨ ਦੇ ਨਾਂ ’ਤੇ ਲਗਭਗ 14 ਅਹਿਮ ਫੈਸਲੇ ਲਏ ਗਏ। ਇਸ ਦੇ ਆਧਾਰ ’ਤੇ ਪਟੀਸ਼ਨ ਵਿੱਚ ਗਿਆਨੇਸ਼ ਕੁਮਾਰ ਨੂੰ ਕਮਿਸ਼ਨਰ ਵਜੋਂ ਕੰਮ ਕਰਨ ਤੋਂ ਰੋਕਣ, ਮਾਮਲੇ ਦੀ ਸੁਣਵਾਈ ਤੱਕ ਉਨ੍ਹਾਂ ਨੂੰ ਮੁਅੱਤਲ ਕਰਨ ਅਤੇ ਸੁਪਰੀਮ ਕੋਰਟ ਦੇ ਸੇਵਾਮੁਕਤ ਜੱਜ ਦੀ ਅਗਵਾਈ ਹੇਠ ਐੱਸ.ਆਈ.ਟੀ. ਗਠਿਤ ਕਰਨ ਦੀ ਮੰਗ ਕੀਤੀ ਗਈ ਹੈ। ਇਸ ਤੋਂ ਇਲਾਵਾ, ਪਟੀਸ਼ਨ ਵਿੱਚ ਸੁਪਰੀਮ ਕੋਰਟ ਤੋਂ ਮੰਗ ਕੀਤੀ ਗਈ ਹੈ ਕਿ ਫਾਰਮ-6 ਅਤੇ ਵੋਟਰ ਸੂਚੀ ਦੇ ਡਾਟਾ ਪ੍ਰਣਾਲੀ ਵਿੱਚ ਕੋਈ ਵੀ ਅਜਿਹਾ ਬਦਲਾਅ ਨਾ ਕੀਤਾ ਜਾਵੇ ਜਿਸ ਨਾਲ ਯੋਗ ਨਾਗਰਿਕਾਂ ਦੇ ਨਾਂ ਵੋਟਰ ਸੂਚੀ ਵਿੱਚੋਂ ਖ਼ਾਰਜ ਹੋਣ। ਗੌਰਤਲਬ ਹੈ ਕਿ ਸੀ.ਈ.ਸੀ. ਗਿਆਨੇਸ਼ ਕੁਮਾਰ ਵਿਰੁੱਧ ਸੁਪਰੀਮ ਕੋਰਟ ਵਿੱਚ ਇਹ ਦੂਜੀ ਪਟੀਸ਼ਨ ਹੈ; ਇਸ ਤੋਂ ਪਹਿਲਾਂ ਵਕੀਲ ਸ਼ੈਲੇਂਦਰ ਮਣੀ ਤ੍ਰਿਪਾਠੀ ਵੱਲੋਂ ਵੀ ਐੱਸ.ਆਈ.ਆਰ ਦੌਰਾਨ 13 ਕਰੋੜ ਵੋਟਰਾਂ ਦੇ ਨਾਂ ਕਥਿਤ ਤੌਰ ’ਤੇ ਹਟਾਏ ਜਾਣ ਦੇ ਮਾਮਲੇ ’ਚ ਸੀ.ਈ.ਸੀ. ਵਿਰੁੱਧ ਅਪਰਾਧਿਕ ਕਾਰਵਾਈ ਅਤੇ ਨਿਆਇਕ ਜਾਂਚ ਦੀ ਮੰਗ ਕੀਤੀ ਗਈ ਸੀ।

# ਅਮਰੀਕਾ ਵੱਲੋਂ ਭਾਰਤ ਨੂੰ ਵੱਡੀ ਰਾਹਤ; ਵਿਸ਼ੇਸ਼ ਦਵਾਈਆਂ ’ਤੇ 100 ਫੀਸਦੀ ਆਯਾਤ ਡਿਊਟੀ ਖ਼ਤਮ

## ਕੈਂਸਰ, ਦੁਰਲੱਭ ਬਿਮਾਰੀਆਂ ਤੇ ਜੀਨ ਥੈਰੇਪੀ ਦੀਆਂ ਦਵਾਈਆਂ ਨੂੰ ਟੈਕਸ ਤੋਂ ਛੋਟ; ਭਾਰਤ ਸਮੇਤ 20 ਖੇਤਰਾਂ ਨੂੰ ਮਿਲਿਆ ਲਾਭ

**ਨਵੀਂ ਦਿੱਲੀ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਅਮਰੀਕਾ ਨੇ ਐਲਾਨ ਕੀਤਾ ਹੈ ਕਿ ਭਾਰਤ ਸਮੇਤ 19 ਹੋਰ ਭਾਈਵਾਲ ਖੇਤਰਾਂ ਤੋਂ ਮੰਗਵਾਈਆਂ ਜਾਣ ਵਾਲੀਆਂ ਖਾਸ ਸਪੈਸ਼ਲਿਟੀ ਦਵਾਈਆਂ ਅਤੇ ਉਨ੍ਹਾਂ ਦੀ ਸਮੱਗਰੀ (ਕੰਪੋਨੈਂਟਸ) ਉੱਤੇ ਕੋਈ ਆਯਾਤ ਡਿਊਟੀ ਨਹੀਂ ਲੱਗੇਗੀ। ਇਹ ਫ਼ੈਸਲਾ ਅਜਿਹੇ ਸਮੇਂ ਲਿਆ ਗਿਆ ਹੈ ਜਦੋਂ ਅਮਰੀਕਾ ਕੁਝ ਖਾਸ ਪੇਟੈਂਟ ਫਾਰਮਾਸਿਊਟੀਕਲ ਉਤਪਾਦਾਂ ਉੱਤੇ ਪੂਰੇ 100 ਫੀਸਦੀ ਟੈਰਿਫ ਵੱਲ ਵਧ ਰਿਹਾ ਹੈ। ਅਮਰੀਕੀ ਵਣਜ ਵਿਭਾਗ ਵੱਲੋਂ ਫੈਡਰਲ ਰਜਿਸਟਰ ਵਿੱਚ ਇੱਕ ਅਧਿਕਾਰਤ ਸੂਚੀ ਜਾਰੀ ਕੀਤੀ ਗਈ ਹੈ, ਜਿਸ ਵਿੱਚ ਉਨ੍ਹਾਂ ਦੇਸ਼ਾਂ ਅਤੇ ਖੇਤਰਾਂ ਦੀ ਪਛਾਣ ਕੀਤੀ ਗਈ ਹੈ ਜਿਨ੍ਹਾਂ ਦੇ ਯੋਗ ਫਾਰਮਾਸਿਊਟੀਕਲ ਉਤਪਾਦਾਂ ਨੂੰ ਜ਼ੀਰੋ-ਟੈਰਿਫ (ਬਿਨਾਂ ਕਿਸੇ ਟੈਕਸ) ਦੀ ਛੋਟ ਮਿਲੇਗੀ।



ਇਹ ਜ਼ੀਰੋ-ਟੈਰਿਫ ਨੀਤੀ ਹਰ ਦਵਾਈ ਉੱਤੇ ਲਾਗੂ ਨਹੀਂ ਹੁੰਦੀ। ਇਹ ਸਿਰਫ਼ ਕੁਝ ਖਾਸ ਸਪੈਸ਼ਲਿਟੀ ਫਾਰਮਾਸਿਊਟੀਕਲ ਉਤਪਾਦਾਂ ਤੱਕ ਹੀ ਸੀਮਤ ਹੈ। ਇਨ੍ਹਾਂ ਵਿੱਚ ਦੁਰਲੱਭ ਬਿਮਾਰੀਆਂ ਦੇ ਇਲਾਜ ਲਈ ਦਵਾਈਆਂ, ਪ੍ਰਮਾਣੂ ਦਵਾਈਆਂ (ਨਿਊਕਲੀਅਰ ਮੈਡੀਸਨਜ਼), ਪਲਾਜ਼ਮਾ ਤੋਂ ਤਿਆਰ ਥੈਰੇਪੀਆਂ ਅਤੇ ਬੱਚਾ ਪੈਦਾ ਕਰਨ ਦੀ ਸਮਰੱਥਾ (ਫਰਟੀਲਿਟੀ) ਨਾਲ ਜੁੜੀਆਂ ਦਵਾਈਆਂ ਸ਼ਾਮਲ ਹਨ।

ਇਸ ਛੋਟ ਵਿੱਚ ਸੈੱਲ ਅਤੇ ਜੀਨ ਥੈਰੇਪੀਆਂ, ਐਂਟੀਬਾਡੀ-ਡਰੱਗ ਕੌਂਜੂਗੇਟਸ ਅਤੇ ਰਸਾਇਣਕ, ਜੈਵਿਕ, ਰੇਡੀਓਲਾਜੀਕਲ ਅਤੇ ਪ੍ਰਮਾਣੂ ਖਤਰਿਆਂ ਨਾਲ ਨਜਿੱਠਣ ਲਈ ਵਰਤੀਆਂ ਜਾਣ ਵਾਲੀਆਂ ਕੁਝ ਦਵਾਈਆਂ ਵੀ ਸ਼ਾਮਲ ਹਨ। ਰਿਪੋਰਟਾਂ ਮੁਤਾਬਕ ਪਸ਼ੂਆਂ ਦੀਆਂ ਕੁਝ ਦਵਾਈਆਂ ਨੂੰ ਵੀ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਵਣਜ ਵਿਭਾਗ ‘ਆਰਫਨ ਡਰੱਗ’ (ਅਨਾਥ ਦਵਾਈ) ਨੂੰ ਇੱਕ ਅਜਿਹੇ ਫਾਰਮਾਸਿਊਟੀਕਲ ਜਾਂ ਜੈਵਿਕ ਉਤਪਾਦ ਵਜੋਂ ਪਰਿਭਾਸ਼ਿਤ ਕਰਦਾ ਹੈ ਜੋ ਇੱਕ ਜਾਂ ਇੱਕ ਤੋਂ ਵੱਧ ਦੁਰਲੱਭ ਬਿਮਾਰੀਆਂ ਜਾਂ ਹਾਲਤਾਂ ਲਈ ਤਿਆਰ ਕੀਤਾ ਗਿਆ ਹੋਵੇ, ਜਿੱਥੇ ਉਸ ਦਵਾਈ ਦੀਆਂ ਸਾਰੀਆਂ ਪ੍ਰਵਾਨਿਤ ਅਰਜ਼ੀਆਂ ਦਾ ਟੀਚਾ ਉਹੀ ਬਿਮਾਰੀਆਂ ਹੁੰਦੀਆਂ ਹਨ। ਇਸ ਜ਼ੀਰੋ ਫੀਸਦੀ ਟੈਰਿਫ ਵਿੱਚ ਉਹ ਸਮੱਗਰੀ ਅਤੇ ਹੋਰ ਜ਼ਰੂਰੀ ਹਿੱਸੇ ਵੀ ਸ਼ਾਮਲ ਹਨ ਜੋ ਇਨ੍ਹਾਂ ਦਵਾਈਆਂ ਨੂੰ ਬਣਾਉਣ ਲਈ ਵਰਤੇ ਜਾਂਦੇ ਹਨ।

ਅਮਰੀਕਾ ਨੇ ਕੁਝ ਲਾਇਸੈਂਸ ਵਾਲੇ ਫਾਰਮਾਸਿਊਟੀਕਲ ਉਤਪਾਦਾਂ ਅਤੇ ਉਨ੍ਹਾਂ ਦੇ ਹਿੱਸਿਆਂ ਉੱਤੇ 100 ਫੀਸਦੀ ਐਡ ਵੈਲੋਰਮ ਟੈਰਿਫ (ਯਾਨੀ ਉਤਪਾਦ ਦੀ ਕੀਮਤ ਦੇ ਹਿਸਾਬ ਨਾਲ ਤੈਅ ਕੀਤਾ ਜਾਣ ਵਾਲਾ ਟੈਕਸ) ਦਾ ਐਲਾਨ ਕੀਤਾ ਸੀ। ਇਹ ਡਿਊਟੀ ਟਰੰਪ ਦੇ ਐਲਾਨ ਦੇ ਇੱਕ ਸ਼ਿਸ਼ਟਾਚਾਰ (ਪਰਿਸ਼ਿਸ਼ਟ) ਵਿੱਚ ਸ਼ਾਮਲ ਕੰਪਨੀਆਂ ਲਈ 31 ਜੁਲਾਈ ਤੋਂ ਲਾਗੂ ਹੋ ਗਈ ਸੀ। ਇਸ ਮਾਪਦੰਡ ਤੋਂ ਪ੍ਰਭਾਵਿਤ ਹੋਰਨਾਂ ਕੰਪਨੀਆਂ ਲਈ ਇਹ ਟੈਰਿਫ ਮੰਗਲਵਾਰ, 29 ਸਤੰਬਰ ਤੋਂ ਲਾਗੂ ਹੋਣ ਲਈ ਤੈਅ ਕੀਤਾ ਗਿਆ ਹੈ।

ਫਿਰ ਵੀ, ਵਣਜ ਵਿਭਾਗ ਨੇ ਸਪੱਸ਼ਟ ਕੀਤਾ ਹੈ ਕਿ ਫਾਰਮਾਸਿਊਟੀਕਲ ਉੱਤੇ ਸੈਕਸ਼ਨ 232 ਦੇ ਟੈਰਿਫ ਦਾ ਮੌਜੂਦਾ ਸਮੇਂ ਵਿੱਚ ਜੈਨਰਿਕ ਦਵਾਈਆਂ ਅਤੇ ਉਨ੍ਹਾਂ ਨਾਲ ਸਬੰਧਿਤ ਹਿੱਸਿਆਂ ਉੱਤੇ ਕੋਈ ਅਸਰ ਨਹੀਂ ਪਵੇਗਾ। ਇਸ ਦੌਰਾਨ, ਫਾਰਮਾਸਿਊਟੀਕਲ ਐਕਸਪੋਰਟ ਪ੍ਰਮੋਸ਼ਨ ਕੌਂਸਲ ਆਫ਼ ਇੰਡੀਆ ਨੇ ਰਿਪੋਰਟ ਦਿੱਤੀ ਹੈ ਕਿ ਭਾਰਤ ਨੇ 2024-25 ਵਿੱਚ 30.46 ਅਬਦੁਲ (ਬਿਲੀਅਨ) ਡਾਲਰ ਦੀਆਂ ਦਵਾਈਆਂ ਅਤੇ ਫਾਰਮਾਸਿਊਟੀਕਲ ਵਸਤੂਆਂ ਦਾ ਨਿਰਯਾਤ ਕੀਤਾ, ਜਿਸ ਵਿੱਚ ਅਮਰੀਕਾ ਇਸ ਦੇ ਸਭ ਤੋਂ ਵੱਡੇ ਬਾਜ਼ਾਰਾਂ ਵਿੱਚੋਂ ਇੱਕ ਹੈ।

ਵਣਜ ਵਿਭਾਗ ਦੇ ਤਹਿਤ ਉਦਯੋਗ ਅਤੇ ਸੁਰੱਖਿਆ ਬਿਊਰੋ ਨੇ ਕਿਹਾ ਕਿ ਸਪੈਸ਼ਲਿਟੀ ਉਤਪਾਦ ਜ਼ੀਰੋ ਟੈਰਿਫ ਲਈ ਯੋਗ ਹੋ ਸਕਦੇ ਹਨ ਜੇਕਰ ਉਹ ਉਨ੍ਹਾਂ ਦੇਸ਼ਾਂ ਤੋਂ ਆਉਂਦੇ ਹਨ ਜਿਨ੍ਹਾਂ ਕੋਲ ਅਮਰੀਕਾ ਨਾਲ ਵਪਾਰ ਅਤੇ ਸੁਰੱਖਿਆ ਸਮਝੌਤਾ ਹੈ ਜਾਂ ਭਵਿੱਖ ਵਿੱਚ ਹੋਣ ਦੀ ਉਮੀਦ ਹੈ। ਭਾਰਤ ਨੂੰ ਅਰਜਨਟੀਨਾ, ਬੰਗਲਾਦੇਸ਼, ਕੰਬੋਡੀਆ, ਇਕਵਾਡੋਰ, ਅਲ ਸਵਾਡੋਰ, ਯੂਰਪੀਅਨ ਯੂਨੀਅਨ, ਗੁਆਟੇਮਾਲਾ, ਇੰਡੋਨੇਸ਼ੀਆ, ਜਾਪਾਨ, ਜਾਰਡਨ, ਮਲੇਸ਼ੀਆ, ਉੱਤਰੀ ਮੈਸੇਡੋਨੀਆ, ਦੱਖਣੀ ਕੋਰੀਆ, ਸਵਿਟਜ਼ਰਲੈਂਡ, ਲੀਚਟਨਸਟਾਈਨ, ਤਾਈਵਾਨ, ਥਾਈਲੈਂਡ, ਯੂਨਾਈਟਿਡ ਕਿੰਗਡਮ ਅਤੇ ਵੀਅਤਨਾਮ ਦੇ ਨਾਲ ਸੂਚੀਬੱਧ ਕੀਤਾ ਗਿਆ ਹੈ। ਵਰਲਡ ਕਸਟਮਜ਼ ਆਰਗੇਨਾਈਜ਼ੇਸ਼ਨ ਐਡ ਵੈਲੋਰਮ ਟੈਰਿਫ ਨੂੰ ਉਨ੍ਹਾਂ ਵਸਤੂਆਂ ਦੇ ਵਿੱਤੀ ਮੁੱਲ ਦੀ ਇੱਕ ਖਾਸ ਪ੍ਰਤੀਸ਼ਤਤਾ ਵਜੋਂ ਪਰਿਭਾਸ਼ਿਤ ਕਰਦੀ ਹੈ ਜਿਨ੍ਹਾਂ ਉੱਤੇ ਟੈਕਸ ਲਗਾਇਆ ਜਾਂਦਾ ਹੈ।

ਵਣਜ ਵਿਭਾਗ ਨੇ ਕੰਪਨੀਆਂ ਲਈ ਅਮਰੀਕਾ ਵਿੱਚ ਸਿਹਤ ਸੰਕਟ ਨਾਲ ਨਜਿੱਠਣ ਲਈ ਜ਼ਰੂਰੀ ਵਿਸ਼ੇਸ਼ ਦਵਾਈਆਂ ਲਈ ਟੈਰਿਫ ਤੋਂ ਛੋਟ ਦੀ ਮੰਗ ਕਰਨ ਵਾਸਤੇ ਇੱਕ ਰਸਤਾ ਤਿਆਰ ਕੀਤਾ ਹੈ।

ਇਹ ਸਹਾਇਤਾ ਮੰਗਣ ਵਾਲੀਆਂ ਫ਼ਰਮਾਂ ਨੂੰ ਉਤਪਾਦ ਦੇ ਵਰਗੀਕਰਨ, ਸਰਗਰਮ ਤੱਤਾਂ, ਉਤਪਾਦਕ, ਮੂਲ ਦੇਸ਼ ਅਤੇ ਸ਼ਾਮਲ ਡਾਕਟਰੀ ਜ਼ਰੂਰਤ ਬਾਰੇ ਜਾਣਕਾਰੀ ਜਮ੍ਹਾਂ ਕਰਾਉਣੀ ਪਵੇਗੀ। ਵਣਜ ਵਿਭਾਗ ਅਮਰੀਕੀ ਵਪਾਰ ਪ੍ਰਤੀਨਿਧੀ ਅਤੇ ਸਿਹਤ ਅਤੇ ਮਨੁੱਖੀ ਸੇਵਾਵਾਂ ਵਿਭਾਗ ਦੇ ਤਾਲਮੇਲ ਨਾਲ ਇਨ੍ਹਾਂ ਬੇਨਤੀਆਂ ਦਾ ਵਿਅਕਤੀਗਤ ਤੌਰ ’ਤੇ ਮੁਲਾਂਕਣ ਕਰੇਗਾ।

# ਧਨਾਸ ’ਚ ਥਾਰ ਚਲਾ ਰਹੀ ਕੁੜੀ ਨੇ ਬਾਈਕ ਸਵਾਰ ਨੌਜਵਾਨਾਂ ਨੂੰ ਮਾਰੀ ਟੱਕਰ; ਭੱਜਣ ਦੀ ਕੋਸ਼ਿਸ਼ ’ਚ ਗੱਡੀ ਖੰਭੇ ਨਾਲ

**ਚੰਡੀਗੜ੍ਹ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਚੰਡੀਗੜ੍ਹ ਦੇ ਧਨਾਸ ਇਲਾਕੇ ਵਿੱਚ ਬੀਤੀ ਸੋਮਵਾਰ ਰਾਤ ਇੱਕ ਤੇਜ਼ ਰਫ਼ਤਾਰ ਲਾਲ ਰੰਗ ਦੀ ਥਾਰ ਗੱਡੀ ਵੱਲੋਂ ਮੋਟਰਸਾਈਕਲ ਸਵਾਰ ਦੋ ਨੌਜਵਾਨਾਂ ਨੂੰ ਜ਼ੋਰਦਾਰ ਟੱਕਰ ਮਾਰਨ ਦਾ ਮਾਮਲਾ ਸਾਹਮਣੇ ਆਇਆ ਹੈ। ਟੱਕਰ ਤੋਂ ਬਾਅਦ ਥਾਰ ਚਲਾ ਰਹੀ ਲੜਕੀ ਨੇ ਮੌਕੇ ਤੋਂ ਭੱਜਣ ਦੀ ਕੋਸ਼ਿਸ਼ ਕੀਤੀ, ਪਰ ਗੱਡੀ ਬੇਕਾਬੂ ਹੋ ਕੇ ਡਿਵਾਈਡਰ ’ਤੇ ਚੜ੍ਹ ਗਈ ਅਤੇ ਬਿਜਲੀ ਦੇ ਖੰਭੇ ਨਾਲ ਜਾ ਟਕਰਾਈ। ਹਾਦਸੇ ’ਚ ਜ਼ਖ਼ਮੀ ਹੋਏ ਦੋਵਾਂ ਬਾਈਕ ਸਵਾਰਾਂ ਨੂੰ ਇਲਾਜ ਲਈ ਤੁਰੰਤ ਹਸਪਤਾਲ ਦਾਖ਼ਲ ਕਰਵਾਇਆ ਗਿਆ ਹੈ। ਜਾਣਕਾਰੀ ਅਨੁਸਾਰ ਕੁੜੀ ਨਸ਼ੇ ਦੀ ਹਾਲਤ ਵਿੱਚ ਸੀ।



ਮੌਕੇ ’ਤੇ ਮੌਜੂਦ ਚਸ਼ਮਦੀਦਾਂ ਅਨੁਸਾਰ ਲਾਲ ਰੰਗ ਦੀ ਥਾਰ ਵਿੱਚ ਇੱਕ ਲੜਕੀ ਸਵਾਰ ਸੀ। ਜਦੋਂ ਉਸ ਨੇ ਬਾਈਕ ’ਤੇ ਜਾ ਰਹੇ ਦੋ ਨੌਜਵਾਨਾਂ ਨੂੰ ਟੱਕਰ ਮਾਰੀ ਤਾਂ ਉਸ ਨੇ ਗੱਡੀ ਭਜਾਉਣ ਦੀ ਕੋਸ਼ਿਸ਼ ਕੀਤੀ। ਰਾਹਗੀਰਾਂ ਨੇ ਜਦੋਂ ਥਾਰ ਦਾ ਪਿੱਛਾ ਕੀਤਾ ਤਾਂ ਹੜਬੜਾਹਟ ਵਿੱਚ ਲੜਕੀ ਤੋਂ ਗੱਡੀ ਦਾ ਸੰਤੁਲਨ ਵਿਗੜ ਗਿਆ ਅਤੇ ਥਾਰ ਸੜਕ ਦੇ ਵਿਚਕਾਰ ਬਣੇ ਡਿਵਾਈਡਰ ’ਤੇ ਚੜ੍ਹਦੀ ਹੋਈ ਬਿਜਲੀ ਦੇ ਖੰਭੇ ਨਾਲ ਜਾ ਟਕਰਾਈ।

ਹਾਦਸੇ ਤੋਂ ਬਾਅਦ ਲੜਕੀ ਗੱਡੀ ਦੇ ਅੰਦਰ ਹੀ ਬੈਠੀ ਰਹੀ, ਜਿਸ ਤੋਂ ਬਾਅਦ ਲੋਕਾਂ ਨੇ ਤੁਰੰਤ ਸਥਾਨਕ ਪੁਲੀਸ ਨੂੰ ਇਤਲਾਹ ਦਿੱਤੀ। ਘਟਨਾ ਦੀ ਸੂਚਨਾ ਮਿਲਦਿਆਂ ਹੀ ਪੁਲੀਸ ਟੀਮ ਮੌਕੇ ’ਤੇ ਪਹੁੰਚੀ ਅਤੇ ਥਾਰ ਗੱਡੀ ਨੂੰ ਆਪਣੇ ਕਬਜ਼ੇ ਵਿੱਚ ਲੈ ਕੇ ਯੁਵਤੀ ਤੋਂ ਪੁੱਛਗਿੱਛ ਸ਼ੁਰੂ ਕਰ ਦਿੱਤੀ।

ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਹਸਪਤਾਲ ’ਚ ਜ਼ਖ਼ਮੀਆਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ ਅਤੇ ਬਿਆਨਾਂ ਦੇ ਆਧਾਰ ’ਤੇ ਅਗਲੀ ਕਾਨੂੰਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

# ਐਸ.ਡੀ.ਐਮ. ਪਟਿਆਲਾ ਵੱਲੋਂ ਝੋਨੇ ਦੀ ਵਾਢੀ ਤੋਂ ਪਹਿਲਾਂ ਬੇਲਰ ਮਾਲਕਾਂ ਨਾਲ ਕੀਤੀ ਗਈ ਮੀਟਿੰਗ



**ਪਟਿਆਲਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਪਟਿਆਲਾ ਡਾ. ਹਿਮਾਂਸ਼ੂ ਅਗਰਵਾਲ ਦੇ ਦਿਸ਼ਾ-ਨਿਰਦੇਸ਼ਾਂ ਅਨੁਸਾਰ ਐਸ.ਡੀ.ਐਮ. ਪਟਿਆਲਾ ਗੁਰਦੇਵ ਸਿੰਘ ਧੰਮ ਵੱਲੋਂ ਤਹਿਸੀਲ ਪਟਿਆਲਾ ਵਿਚ ਪਰਾਲੀ ਪ੍ਰਬੰਧਨ ਦੇ ਸੁਚੱਜੇ ਪ੍ਰਬੰਧ ਕਰਨ ਅਤੇ ਅੱਗ ਲੱਗਣ ਦੀਆਂ ਘਟਨਾਵਾਂ ਨੂੰ ਘੱਟ ਕਰਨ ਹਿੱਤ ਤਹਿਸੀਲ ਪਟਿਆਲਾ ਦੇ ਸਮੂਹ ਬੇਲਰ ਮਾਲਕਾਂ ਅਤੇ ਖੇਤੀਬਾੜੀ ਵਿਭਾਗ ਦੇ ਅਧੀਕਾਰੀਆਂ/ਕਰਮਚਾਰੀਆਂ ਨਾਲ ਮੀਟਿੰਗ ਕਰਦਿਆਂ ਸਮੂਹ ਕਿਸਾਨ ਵੀਰਾਂ ਨੂੰ ਅਪੀਲ ਕੀਤੀ ਕਿ ਉਹ ਝੋਨੇ ਦੀ ਵਾਢੀ ਜਿਲ੍ਹਾ ਪ੍ਰਸ਼ਾਸ਼ਨ ਵੱਲੋਂ ਤਹਿ ਕੀਤੇ ਸਮੇਂ ਅਨੁਸਾਰ ਅਤੇ ਸੁਪਰ ਐਸ.ਐਮ.ਐਸ. ਲਗੀ ਕੰਬਾਇਨ ਨਾਲ ਕਰਨ ਤਾਂ ਜੋ ਪਰਾਲੀ ਨੂੰ ਖੇਤਾਂ ਵਿਚ ਮਿਲਾ ਕੇ ਧਰਤੀ ਦੀ ਉਪਜਾਊ ਸ਼ਕਤੀ ਵਧਾਈ ਜਾ ਸਕੇ ਅਤੇ ਵਾਤਾਵਰਣ ਨੂੰ ਦੂਸ਼ਿਤ ਹੋਣ ਤੋਂ ਬਚਾਇਆ ਜਾ ਸਕੇ। ਉਹਨਾਂ ਨੇ ਦਸਿਆ ਕਿ ਜਿਹਨਾਂ ਕਿਸਾਨਾਂ ਨੇ ਪਰਾਲੀ ਦੀਆਂ ਗੱਠਾਂ ਬਣਾਉਣੀਆਂ ਹੋਣ ਉਹ ਹੁਣ ਤੋਂ ਹੀ ਖੇਤੀਬਾੜੀ ਵਿਭਾਗ ਅਤੇ ਕੋਆਪ੍ਰੇਟਿਵ ਵਿਭਾਗ ਨਾਲ ਸੰਪਰਕ ਕਰਕੇ ਬੇਲਰ ਦੀ ਮੰਗ ਸਬੰਧੀ ਪਿੰਡ ਦਾ ਵੇਰਵਾ ਦੇ ਸਕਦੇ ਹਨ।

# ਜਸ਼ਨ-ਏ-ਇਨਕਲਾਬ ਮਨਾਉਣ ਵਾਲ਼ੀ ਸਰਕਾਰ ਨੇ ਬੰਦ ਕੀਤਾ ’ਸ਼ਹੀਦ ਭਗਤ ਸਿੰਘ ਰਾਜ ਯੁਵਾ ਪੁਰਸਕਾਰ’: ਡਾ. ਸਤਨਾਮ ਸਿੰਘ ਐਡਵੋਕੇਟ

**ਰੂਪਨਗਰ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿੱਥੇ ਪੰਜਾਬ ਸਰਕਾਰ ਨੇ ਲੁਧਿਆਣਾ ਵਿਖੇ ਅਮਰ ਸ਼ਹੀਦ ਭਗਤ ਸਿੰਘ ਜੀ ਦੇ ਜਨਮਦਿਨ ਮੌਕੇ ’ਜਸ਼ਨ-ਏ-ਇਨਕਲਾਬ’ ਦੇ ਬੈਨਰ ਹੇਠ ਸਮਾਗਮ ਰਚਾ ਕੇ ਆਪਣੇ ਆਪ ਨੂੰ ਸ਼ਹੀਦ-ਏ-ਆਜ਼ਮ ਦਾ ਅਸਲ ਵਾਰਸ ਦਰਸਾਉਣ ਦਾ ਖ਼ੂਬ ਡਰਾਮਾ ਰਚਿਆ। ਉੱਥੇ ਉਸੇ ਸਰਕਾਰ ਨੇ ਸ਼ਹੀਦ-ਏ-ਆਜ਼ਮ ਦੇ ਨਾਮ ’ਤੇ ਚੱਲ ਰਹੇ ’ਯੁਵਾ ਪੁਰਸਕਾਰ’ ਨੂੰ ਬੰਦ ਕਰ ਦਿੱਤਾ ਹੈ ਅਤੇ ਸਾਲ 2021-22 ਦੀ ਰਾਜ ਪੱਧਰੀ ਮੈਰਿਟ ਸੂਚੀ ਵਿੱਚ ਸ਼ਾਮਲ 23 ਮੈਰਿਟਧਾਰੀ ਨੌਜਵਾਨਾਂ ਨੂੰ ਅਜੇ ਤੱਕ ਉਨ੍ਹਾਂ ਦੇ ਪੁਰਸਕਾਰ ਨਹੀਂ ਦਿੱਤੇ ਜਦੋਂ ਕਿ ਸਰਕਾਰ ਬਣਨ ਉਪਰੰਤ 28 ਸਤੰਬਰ 2022 ਨੂੰ ਖੁਦ ਮਾਣਯੋਗ ਮੁੱਖ ਮੰਤਰੀ ਨੇ ਇਸ ਪੁਰਸਕਾਰ ਨੂੰ ਮੁੜ ਸ਼ੁਰੂ ਕਰਨ ਦਾ ਐਲਾਨ ਕੀਤਾ ਸੀ। ਜਿਸ ਬਾਬਤ ਹਰ ਜ਼ਿਲ੍ਹੇ ਤੋਂ ਫਾਈਲਾਂ ਮੰਗਵਾਈਆਂ ਗਈਆਂ, 29 ਉਮੀਦਵਾਰਾਂ ਦੀ ਰਾਜ ਪੱਧਰੀ ਮੈਰਿਟ ਤਿਆਰ ਕਰਕੇ ਪੁਲਿਸ ਵੈਰੀਫਿਕੇਸ਼ਨ ਕਰਵਾਈ ਗਈ, ਪਰ 23 ਮਾਰਚ ਨੂੰ ਕੇਵਲ 06 ਉਮੀਦਵਾਰਾਂ ਨੂੰ ਹੀ ਪੁਰਸਕਾਰ ਦਿੱਤੇ ਗਏ ਅਤੇ ਬਾਕੀ 23 ਮੈਰਿਟਧਾਰੀ ਨੌਜਵਾਨਾਂ ਨੂੰ ਵਾਂਝਾ ਰੱਖ ਦਿੱਤਾ ਗਿਆ।÷



ਉਕਤ ਸ਼ਬਦਾਂ ਦਾ ਪ੍ਰਗਟਾਵਾ ਕਰਦਿਆਂ ਡਾ. ਸਤਨਾਮ ਸਿੰਘ ਐਡਵੋਕੇਟ, ਪ੍ਰਧਾਨ, ਪੰਜਾਬ ਯੁਵਾ ਅਧਿਕਾਰ ਮੰਚ ਨੇ ਇਹ ਵੀ ਇੰਕਸਾਫ਼ ਕੀਤਾ ਕਿ ਸਿਤਮਜ਼ਰੀਫੀ ਦੀ ਹੱਦ ਤਾਂ ਉਦੋਂ ਹੋਈ ਜਦੋਂ 2022 ਤੋਂ ਬਾਅਦ ਇਸ ਪੁਰਸਕਾਰ ਨੂੰ ਬੰਦ ਹੀ ਕਰ ਦਿੱਤਾ ਗਿਆ। ਉਨ੍ਹਾਂ ਅੱਗੇ ਕਿਹਾ ਕਿ ਇਹ ਪੁਰਸਕਾਰ ਕੇਵਲ ਇੱਕ ਸਰਟੀਫਿਕੇਟ ਨਹੀਂ ਸੀ ਬਲਕਿ ਉਨ੍ਹਾਂ ਨੌਜਵਾਨਾਂ ਲਈ ਰਾਜ ਪੱਧਰੀ ਮਾਨਤਾ ਸੀ ਜਿਨ੍ਹਾਂ ਨੇ ਸਮਾਜ ਸੇਵਾ, ਖੇਡਾਂ, ਸੱਭਿਆਚਾਰ, ਸਿੱਖਿਆ, ਵਾਤਾਵਰਣ ਸੁਰੱਖਿਆ, ਨਸ਼ਾ ਵਿਰੋਧੀ ਮੁਹਿੰਮਾਂ ਅਤੇ ਯੁਵਾ ਵਿਕਾਸ ਵਿੱਚ ਯੋਗਦਾਨ ਪਾਇਆ।

# ਹਲਕਾ ਲਹਿਰਾ ਵਿੱਚ ਕਾਂਗਰਸ ਨੂੰ ਵੱਡਾ ਝਟਕਾ; ਰਜਿੰਦਰ ਸਿੰਘ ਇੰਦਰ ‘ਆਪ’ ਵਿੱਚ ਸ਼ਾਮਲ

**ਖਨੌਰੀ/ ਸੰਗਰੂਰ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਵਿਧਾਨ ਸਭਾ ਹਲਕਾ ਲਹਿਰਾ ਵਿੱਚ ਕਾਂਗਰਸ ਪਾਰਟੀ ਨੂੰ ਅੱਜ ਉਸ ਸਮੇਂ ਵੱਡਾ ਝਟਕਾ ਲੱਗਿਆ ਜਦੋਂ ਕਰੀਬ ਪੰਜ ਦਹਾਕਿਆਂ ਤੋਂ ਬੀਬੀ ਰਾਜਿੰਦਰ ਕੌਰ ਭੱਠਲ ਨਾਲ ਜੁੜੇ ਰਹੇ ਰਜਿੰਦਰ ਸਿੰਘ ਇੰਦਰ, ਸਾਬਕਾ ਪ੍ਰਧਾਨ ਸ਼ੈਲਰ ਐਸੋਸੀਏਸ਼ਨ ਖਨੌਰੀ ਮੰਡੀ, ਆਪਣੇ ਸੈਂਕੜੇ ਸਾਥੀਆਂ ਸਮੇਤ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋ ਗਏ। ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦੀ ਹਾਜ਼ਰੀ ਵਿੱਚ ਹੋਈ ਇਸ ਸ਼ਮੂਲੀਅਤ ਨੂੰ ਹਲਕੇ ਵਿੱਚ ਪਾਰਟੀ ਦੀ ਮਜ਼ਬੂਤੀ ਵੱਲ ਅਹਿਮ ਕਦਮ ਦੱਸਿਆ ਗਿਆ।



ਇਸ ਮੌਕੇ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਨੇ ਰਜਿੰਦਰ ਸਿੰਘ ਇੰਦਰ ਅਤੇ ਉਨ੍ਹਾਂ ਦੇ ਸਾਥੀਆਂ ਦਾ ਸਵਾਗਤ ਕਰਦਿਆਂ ਕਿਹਾ ਕਿ ਲੰਮੇ ਸਮੇਂ ਤੋਂ ਲੋਕਾਂ ਵਿੱਚ ਵਿਚਰਨ ਵਾਲੇ ਆਗੂਆਂ ਅਤੇ ਵਰਕਰਾਂ ਦੇ ਪਾਰਟੀ ਨਾਲ ਜੁੜਨ ਨਾਲ ਹਲਕਾ ਲਹਿਰਾ ਵਿੱਚ ‘ਆਪ’ ਦਾ ਆਧਾਰ ਹੋਰ ਮਜ਼ਬੂਤ ਹੋਵੇਗਾ। ਉਨ੍ਹਾਂ ਕਿਹਾ ਕਿ ਰਜਿੰਦਰ ਸਿੰਘ ਇੰਦਰ ਦਾ ਤਜਰਬਾ ਅਤੇ ਲੋਕਾਂ ਨਾਲ ਉਨ੍ਹਾਂ ਦੀ ਸਾਂਝ ਇਲਾਕੇ ਦੇ ਮਸਲੇ ਸਮਝਣ ਅਤੇ ਉਨ੍ਹਾਂ ਨੂੰ ਹੱਲ ਲਈ ਅੱਗੇ ਰੱਖਣ ਵਿੱਚ ਸਹਾਈ ਹੋਵੇਗੀ।

ਬਰਿੰਦਰ ਕੁਮਾਰ ਗੋਇਲ ਨੇ ਕਿਹਾ ਕਿ ਆਮ ਆਦਮੀ ਪਾਰਟੀ ਵਿੱਚ ਸ਼ਾਮਲ ਹੋਣ ਵਾਲੇ ਹਰੇਕ ਸਾਥੀ ਨੂੰ ਪੂਰਾ ਮਾਣ-ਸਤਿਕਾਰ ਦਿੱਤਾ ਜਾਵੇਗਾ। ਉਨ੍ਹਾਂ ਨਵੇਂ ਸਾਥੀਆਂ ਨੂੰ ਸੱਦਾ ਦਿੱਤਾ ਕਿ ਉਹ ਪਿੰਡਾਂ ਅਤੇ ਸ਼ਹਿਰਾਂ ਵਿੱਚ ਲੋਕਾਂ ਨਾਲ ਆਪਣਾ ਰਾਬਤਾ ਹੋਰ ਮਜ਼ਬੂਤ ਕਰਨ ਅਤੇ ਉਨ੍ਹਾਂ ਦੀਆਂ ਲੋੜਾਂ ਤੇ ਸਮੱਸਿਆਵਾਂ ਨੂੰ ਸਰਕਾਰ ਦੇ ਧਿਆਨ ਵਿੱਚ ਲਿਆਉਣ। ਉਨ੍ਹਾਂ ਕਿਹਾ ਕਿ ਲੋਕਾਂ ਦੀ ਗੱਲ ਸੁਣ ਕੇ ਕੰਮ ਕਰਨਾ ਹੀ ਪਾਰਟੀ ਦੀ ਕਾਰਜਸ਼ੈਲੀ ਦਾ ਅਧਾਰ ਹੈ।

ਕੈਬਨਿਟ ਮੰਤਰੀ ਨੇ ਅੱਗੇ ਕਿਹਾ ਕਿ ਪੰਜਾਬ ਸਰਕਾਰ ਸਿੱਖਿਆ, ਸਿਹਤ, ਬਿਜਲੀ ਅਤੇ ਬੁਨਿਆਦੀ ਢਾਂਚੇ ਦੇ ਖੇਤਰਾਂ ਵਿੱਚ ਲੋਕਾਂ ਨੂੰ ਬਿਹਤਰ ਸਹੂਲਤਾਂ ਦੇਣ ਲਈ ਯਤਨਸ਼ੀਲ ਹੈ। ਉਨ੍ਹਾਂ ਕਿਹਾ ਕਿ ਹਲਕਾ ਲਹਿਰਾ ਦੇ ਵਿਕਾਸ ਕਾਰਜਾਂ ਅਤੇ ਲੋਕਾਂ ਦੇ ਰੋਜ਼ਾਨਾ ਦੇ ਮਸਲਿਆਂ ਨੂੰ ਪਹਿਲ ਦੇ ਆਧਾਰ ’ਤੇ ਅੱਗੇ ਵਧਾਇਆ ਜਾ ਰਿਹਾ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਲੋਕਾਂ ਵੱਲੋਂ ਮਿਲਣ ਵਾਲੇ ਸੁਝਾਵਾਂ ਨੂੰ ਵੀ ਪੂਰੀ ਗੰਭੀਰਤਾ ਨਾਲ ਲਿਆ ਜਾਵੇਗਾ।

ਇਸ ਮੌਕੇ ਰਜਿੰਦਰ ਸਿੰਘ ਇੰਦਰ ਨੇ ਕਿਹਾ ਕਿ ਉਨ੍ਹਾਂ ਨੇ ਆਪਣੇ ਸਾਥੀਆਂ ਨਾਲ ਵਿਸਥਾਰ ਵਿੱਚ ਵਿਚਾਰ-ਵਟਾਂਦਰਾ ਕਰਨ ਤੋਂ ਬਾਅਦ ਆਮ ਆਦਮੀ ਪਾਰਟੀ ਨਾਲ ਜੁੜਨ ਦਾ ਫ਼ੈਸਲਾ ਲਿਆ ਹੈ। ਉਨ੍ਹਾਂ ਕਿਹਾ ਕਿ ਪੰਜ ਦਹਾਕਿਆਂ ਦੇ ਜਨਤਕ ਜੀਵਨ ਦੌਰਾਨ ਲੋਕਾਂ ਨਾਲ ਬਣੇ ਰਿਸ਼ਤੇ ਉਨ੍ਹਾਂ ਲਈ ਬਹੁਤ ਮਹੱਤਵਪੂਰਨ ਹਨ ਅਤੇ ਉਹ ਅੱਗੇ ਵੀ ਆਪਣੇ ਸਾਥੀਆਂ ਨਾਲ ਮਿਲ ਕੇ ਇਲਾਕੇ ਦੇ ਲੋਕਾਂ ਦੀ ਆਵਾਜ਼ ਉਠਾਉਂਦੇ ਰਹਿਣਗੇ।

ਰਜਿੰਦਰ ਸਿੰਘ ਇੰਦਰ ਨੇ ਪਾਰਟੀ ਵਿੱਚ ਸਵਾਗਤ ਲਈ ਕੈਬਨਿਟ ਮੰਤਰੀ ਬਰਿੰਦਰ ਕੁਮਾਰ ਗੋਇਲ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਉਹ ਆਪਣੇ ਸਾਥੀਆਂ ਸਮੇਤ ਹਲਕਾ ਲਹਿਰਾ ਵਿੱਚ ਪਾਰਟੀ ਦੀਆਂ ਸਰਗਰਮੀਆਂ ਵਿੱਚ ਪੂਰੀ ਤਨਦੇਹੀ ਨਾਲ ਹਿੱਸਾ ਲੈਣਗੇ।

# ਗਿਆਨੀ ਕੁਲਦੀਪ ਸਿੰਘ ਗੜਗੱਜ, ਗਿਆਨੀ ਟੇਕ ਸਿੰਘ ਤੇ ਐਡਵੋਕੇਟ ਧਾਮੀ ਵੱਲੋਂ ਪਟਿਆਲਾ ਜੇਲ੍ਹ ਵਿੱਚ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ

## ਲੰਮੇ ਸਮੇਂ ਤੋਂ ਲਟਕਦੇ ਮਾਮਲੇ ’ਤੇ ਭਾਈ ਰਾਜੋਆਣਾ ਦੀਆਂ ਭਾਵਨਾਵਾਂ ਅਨੁਸਾਰ ਫ਼ੈਸਲੇ ਦੀ ਆਖੀ ਗੱਲ

**ਪਟਿਆਲਾ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਟੇਕ ਸਿੰਘ ਅਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੇਂਦਰੀ ਜੇਲ੍ਹ ਪਟਿਆਲਾ ਵਿੱਚ ਫਾਂਸੀ ਦੀ ਸਜ਼ਾ ਦਾ ਸਾਹਮਣਾ ਕਰ ਰਹੇ ਭਾਈ ਬਲਵੰਤ ਸਿੰਘ ਰਾਜੋਆਣਾ ਨਾਲ ਮੁਲਾਕਾਤ ਕਰਕੇ ਉਨ੍ਹਾਂ ਦੀ ਸਿਹਤ ਅਤੇ ਹਾਲਾਤ ਬਾਰੇ ਜਾਣਕਾਰੀ ਲਈ। ਇਸ ਮੌਕੇ ਸ਼੍ਰੋਮਣੀ ਕਮੇਟੀ ਦੇ ਅੰਤ੍ਰਿੰਗ ਮੈਂਬਰ ਸ. ਸੁਰਜੀਤ ਸਿੰਘ ਗੜ੍ਹੀ ਵੀ ਮੌਜੂਦ ਸਨ। ਮੁਲਾਕਾਤ ਮਗਰੋਂ ਮੀਡੀਆ ਨਾਲ ਗੱਲ ਕਰਦਿਆਂ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਸਿੱਖ ਇਤਿਹਾਸ ਵਿੱਚ ਹਾਕਮਾਂ ਵੱਲੋਂ ਜਾਨ ਬਖ਼ਸ਼ੀ ਲਈ ਰੱਖੀਆਂ ਸ਼ਰਤਾਂ ਅੱਗੇ ਸਿੱਖਾਂ ਨੇ ਕਦੇ ਈਨ ਨਹੀਂ ਮੰਨੀ, ਸਗੋਂ ਸ਼ਹਾਦਤ ਨੂੰ ਪ੍ਰਵਾਨ ਕੀਤਾ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਵੀ ਇਸੇ ਸਿੱਖ ਪਰੰਪਰਾ ’ਤੇ ਪਹਿਰਾ ਦਿੰਦਿਆਂ ਸਪੱਸ਼ਟ ਕਹਿ ਰਹੇ ਹਨ ਕਿ ਉਨ੍ਹਾਂ ਨੂੰ ਜਾਨ ਬਖ਼ਸ਼ੀ ਦੀ ਭੀਖ ਨਹੀਂ ਚਾਹੀਦੀ।



ਉਨ੍ਹਾਂ ਕਿਹਾ ਕਿ ਕੇਂਦਰ ਸਰਕਾਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ 550ਵੇਂ ਪ੍ਰਕਾਸ਼ ਗੁਰਪੁਰਬ ਮੌਕੇ ਸਾਲ 2019 ਵਿੱਚ ਭਾਈ ਰਾਜੋਆਣਾ ਸਬੰਧੀ ਕੀਤੇ ਆਪਣੇ ਐਲਾਨ ਨੂੰ ਅਜੇ ਤੱਕ ਲਾਗੂ ਨਹੀਂ ਕਰ ਰਹੀ। ਛੇ ਸਾਲ ਤੋਂ ਵੱਧ ਸਮਾਂ ਬੀਤਣ ਅਤੇ ਸੁਪਰੀਮ ਕੋਰਟ ਵਿੱਚ ਇਸ ਮਾਮਲੇ ਸਬੰਧੀ 41 ਤਰੀਕਾਂ ਪੈਣ ਦੇ ਬਾਵਜੂਦ ਸਰਕਾਰ ਵੱਲੋਂ ਕੋਈ ਅੰਤਿਮ ਫ਼ੈਸਲਾ ਨਾ ਲੈਣਾ ਗੰਭੀਰ ਮਾਮਲਾ ਹੈ। ਉਨ੍ਹਾਂ ਕਿਹਾ ਕਿ 32 ਸਾਲਾਂ ਤੋਂ ਨਜ਼ਰਬੰਦ ਭਾਈ ਰਾਜੋਆਣਾ ਦਾ ਮਾਮਲਾ ਹੋਰ ਲਟਕਾਉਣ ਦੀ ਬਜਾਏ ਸਰਕਾਰ ਨੂੰ ਤੁਰੰਤ ਨਿਰਣਾ ਲੈਣਾ ਚਾਹੀਦਾ ਹੈ।

ਜਥੇਦਾਰ ਗੜਗੱਜ ਨੇ ਕਿਹਾ ਕਿ ਭਾਈ ਰਾਜੋਆਣਾ ਪੂਰੀ ਚੜ੍ਹਦੀ ਕਲਾ ਵਿੱਚ ਹਨ ਅਤੇ ਗੁਰੂ ਨਾਲ ਜੁੜੇ ਹੋਏ ਹਨ। ਭਾਈ ਰਾਜੋਆਣਾ ਨੇ ਜਥੇਦਾਰ ਭਾਈ ਜਗਤਾਰ ਸਿੰਘ ਹਵਾਰਾ ਦੇ ਮੌਲਿਕ ਅਧਿਕਾਰਾਂ ਸਬੰਧੀ ਵੀ ਚਿੰਤਾ ਪ੍ਰਗਟ ਕੀਤੀ, ਜਿਨ੍ਹਾਂ ਨੂੰ ਉਨ੍ਹਾਂ ਦੀ ਬਜ਼ੁਰਗ ਤੇ ਬੀਮਾਰ ਮਾਤਾ ਨਾਲ ਮਿਲਣ ਲਈ ਪੈਰੋਲ ਤੱਕ ਨਹੀਂ ਦਿੱਤੀ ਜਾ ਰਹੀ। ਉਨ੍ਹਾਂ ਕਿਹਾ ਕਿ ਇਹ ਸਰਕਾਰਾਂ ਵੱਲੋਂ ਸਿੱਖਾਂ ਨਾਲ ਵੱਡਾ ਅਨਿਆਂ ਹੈ। ਉਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਭਾਈ ਰਾਜੋਆਣਾ ਦੇ ਮਾਮਲੇ ਵਿੱਚ ਸਮੇਂ ਸਿਰ ਫ਼ੈਸਲਾ ਨਾ ਕੀਤਾ ਤਾਂ ਪੰਜ ਸਿੰਘ ਸਾਹਿਬਾਨ ਦੀ ਇਕੱਤਰਤਾ ਕਰਕੇ ਅਗਲੀ ਕਾਰਵਾਈ ਲਈ ਰਾਹ ਖੋਲ੍ਹਿਆ ਜਾਵੇਗਾ ਅਤੇ ਭਾਈ ਰਾਜੋਆਣਾ ਦੀਆਂ ਭਾਵਨਾਵਾਂ ਅਨੁਸਾਰ ਵਿਚਾਰ ਕੀਤਾ ਜਾਵੇਗਾ। 2 ਅਕਤੂਬਰ ਨੂੰ ਬੰਦੀ ਸਿੰਘਾਂ ਦੀ ਰਿਹਾਈ ਲਈ ਕੀਤੇ ਜਾ ਰਹੇ ਮਾਰਚ ਬਾਰੇ ਉਨ੍ਹਾਂ ਕਿਹਾ ਕਿ ਜਿਵੇਂ ਸ਼੍ਰੋਮਣੀ ਕਮੇਟੀ ਨੇ ਕੌਮੀ ਇਨਸਾਫ਼ ਮੋਰਚੇ ਦਾ ਸਮਰਥਨ ਕੀਤਾ ਹੈ, ਸ੍ਰੀ ਅਕਾਲ ਤਖ਼ਤ ਸਾਹਿਬ ਵੀ ਇਸ ਦਾ ਪੂਰਨ ਸਮਰਥਨ ਕਰਦਾ ਹੈ। ਉਨ੍ਹਾਂ ਮੀਡੀਆ ਨੂੰ ਵੀ ਅਪੀਲ ਕੀਤੀ ਕਿ ਬੰਦੀ ਸਿੰਘਾਂ ਦੇ ਮਨੁੱਖੀ ਅਧਿਕਾਰਾਂ ਨਾਲ ਸਬੰਧਤ ਮਾਮਲਿਆਂ ਨੂੰ ਖੁੱਲ੍ਹ ਕੇ ਉਭਾਰਿਆ ਜਾਵੇ।

ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਕਿਹਾ ਕਿ ਜਿਸ ਧਰਤੀ ’ਤੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੇ ਧਾਰਮਿਕ ਆਜ਼ਾਦੀ ਲਈ ਸ਼ਹਾਦਤ ਦਿੱਤੀ, ਉਸੇ ਮੁਲਕ ਵਿੱਚ ਸਿੱਖ ਬੰਦੀਆਂ ਨੂੰ ਆਪਣੇ ਪਰਿਵਾਰਾਂ ਅਤੇ ਮਾਵਾਂ ਨਾਲ ਮਿਲਣ ਲਈ ਵੀ ਲੰਮਾ ਇੰਤਜ਼ਾਰ ਕਰਨਾ ਪੈ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਨੂੰ ਬੰਦੀ ਸਿੰਘਾਂ ਦੇ ਮਾਮਲਿਆਂ ਵਿੱਚ ਬਿਨਾਂ ਦੇਰੀ ਨਿਆਂਸੰਗਤ ਅਤੇ ਮਨੁੱਖੀ ਪੱਖ ਨੂੰ ਧਿਆਨ ਵਿੱਚ ਰੱਖਦਿਆਂ ਫ਼ੈਸਲੇ ਕਰਨੇ ਚਾਹੀਦੇ ਹਨ।

ਇਸੇ ਦੌਰਾਨ ਮੀਡੀਆ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਭਾਈ ਬਲਵੰਤ ਸਿੰਘ ਰਾਜੋਆਣਾ ਪਿਛਲੇ ਕਰੀਬ 32 ਸਾਲਾਂ ਤੋਂ ਜੇਲ੍ਹ ਵਿੱਚ ਬੰਦ ਹਨ ਅਤੇ ਉਨ੍ਹਾਂ ਨੂੰ ਫਾਂਸੀ ਦੀ ਚੱਕੀ ਵਿੱਚ ਬੈਠਿਆਂ ਵੀ 19 ਸਾਲ ਤੋਂ ਵੱਧ ਦਾ ਸਮਾਂ ਹੋ ਚੁੱਕਾ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਵਲੋਂ ਦਾਇਰ ਕੀਤੀ ਗਈ ਪਟੀਸ਼ਨ ਦੇ ਜਲਦ ਨਿਪਟਾਰੇ ਲਈ ਭਾਈ ਸਾਹਿਬ ਨੇ ਵਿਸ਼ੇਸ਼ ਤੌਰ ’ਤੇ ਆਖਿਆ ਹੈ। ਉਨ੍ਹਾਂ ਕਿਹਾ ਕਿ ਭਾਈ ਰਾਜੋਆਣਾ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਜੋ ਵੀ ਕੌਮੀ ਸੇਵਾ ਕੀਤੀ ਹੈ, ਉਹ ਬਿਲਕੁਲ ਠੀਕ ਕੀਤੀ ਹੈ ਅਤੇ ਇਸ ਲਈ ਉਹ ਕਿਸੇ ਕਿਸਮ ਦੀ ਮਾਫ਼ੀ ਦੀ ਮੰਗ ਨਹੀਂ ਕਰ ਰਹੇ। ਐਡਵੋਕੇਟ ਧਾਮੀ ਨੇ ਕਿਹਾ ਸ਼ਹਾਦਤ ਸਿੱਖ ਪੰਥ ਦੀ ਜਿੰਦ-ਜਾਨ ਹੈ, ਬੰਦਾ ਜੰਮਦਾ ਹੈ ਤੇ ਇੱਕ ਦਿਨ ਅਕਾਲ ਚਲਾਣਾ ਕਰ ਜਾਂਦਾ ਹੈ, ਪ੍ਰੰਤੂ ਕੌਮ ਲਈ ਮਰ ਮਿਟਣਾ ਹੀ ਸਿੱਖੀ ਦਾ ਅਸਲ ਮਾਰਗ ਹੈ।

ਉਨ੍ਹਾਂ ਦੱਸਿਆ ਕਿ ਭਾਈ ਰਾਜੋਆਣਾ ਨਾਲ ਸਮੁੱਚੀ ਸਥਿਤੀ ਬਾਰੇ ਵਿਸਥਾਰਪੂਰਵਕ ਵਿਚਾਰਾਂ ਹੋਈਆਂ ਹਨ ਅਤੇ ਇਸ ਸਬੰਧੀ ਬਹੁਤ ਜਲਦ ਕੋਈ ਠੋਸ ਫ਼ੈਸਲਾ ਲਿਆ ਜਾਵੇਗਾ।

# ਬਡਰੁੱਖਾਂ ਵਿੱਚ ਅੱਧੀ ਰਾਤ ਅਣਪਛਾਤੇ ਗੁਰੂ ਘਰ ’ਚ ਦਾਖ਼ਲ; ਸੇਵਾਦਾਰ ਨੂੰ ਮਾਰੀ ਗੋਲੀ, ਗੰਭੀਰ ਜ਼ਖ਼ਮੀ ਜਾਂਚ ਵਿੱਚ ਜੁਟੀ ਪੁਲੀਸ

**ਸੰਗਰੂਰ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਇੱਥੋਂ ਨੇੜਲੇ ਪਿੰਡ ਬਡਰੁੱਖਾਂ ਵਿਖੇ ਬੀਤੀ ਅੱਧੀ ਰਾਤ ਕਾਰ ਸਵਾਰ ਅਣਪਛਾਤੇ ਵਿਅਕਤੀ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ ਦੀ ਯਾਦ ਵਿੱਚ ਬਣੇ ਗੁਰਦੁਆਰਾ ਸਾਹਿਬ ਵਿੱਚ ਕੰਧ ਟੱਪ ਕੇ ਦਾਖ਼ਲ ਹੋਏ, ਜਿਨ੍ਹਾਂ ਵੱਲੋਂ ਗੁਰਦੁਆਰਾ ਸਾਹਿਬ ਦੇ ਇੱਕ ਸੇਵਾਦਾਰ ਨੂੰ ਗੋਲੀ ਮਾਰ ਦਿੱਤੀ ਗਈ ਜਦੋਂ ਕਿ ਇੱਕ ਸੇਵਾਦਾਰ ਦੀ ਕੁੱਟਮਾਰ ਕੀਤੀ ਗਈ। ਗੋਲੀ ਲੱਗਣ ਨਾਲ ਜ਼ਖ਼ਮੀ ਹੋਏ ਸੇਵਾਦਾਰ ਨੂੰ ਸਿਵਲ ਹਸਪਤਾਲ ਸੰਗਰੂਰ ਲਿਜਾਇਆ ਗਿਆ, ਜਿੱਥੋਂ ਡਾਕਟਰਾਂ ਨੇ ਉਸ ਨੂੰ ਪਟਿਆਲਾ ਰੈਫ਼ਰ ਕਰ ਦਿੱਤਾ ਹੈ।



ਪ੍ਰਾਪਤ ਜਾਣਕਾਰੀ ਅਨੁਸਾਰ ਬੀਤੀ ਅੱਧੀ ਰਾਤ ਕਰੀਬ 1:30 ਵਜੇ ਕਾਰ ਵਿੱਚ ਸਵਾਰ ਕਰੀਬ ਚਾਰ ਅਣਪਛਾਤੇ ਵਿਅਕਤੀ ਪਿੰਡ ਦੇ ਵਿਚਕਾਰ ਸਥਿਤ ‘ਗੁਰਦੁਆਰਾ ਸਾਹਿਬ ਯਾਦਗਾਰ ਸ਼ੇਰੇ-ਪੰਜਾਬ ਮਹਾਰਾਜਾ ਰਣਜੀਤ ਸਿੰਘ’ ਵਿੱਚ ਕੰਧ ਟੱਪ ਕੇ ਦਾਖ਼ਲ ਹੋਏ। ਉਨ੍ਹਾਂ ਪਹਿਲਾਂ ਲੰਗਰ ਹਾਲ ਦੇ ਬਰਾਂਡੇ ਵਿੱਚ ਸੁੱਤੇ ਪਏ ਸੇਵਾਦਾਰ ਅਜੈਬ ਸਿੰਘ ਨੂੰ ਦਬੋਚ ਲਿਆ, ਜਿਸ ਦਾ ਕੱਪੜੇ ਨਾਲ ਮੂੰਹ ਬੰਦ ਕਰਕੇ ਕਾਬੂ ਕਰਨ ਦੀ ਕੋਸ਼ਿਸ਼ ਕੀਤੀ ਗਈ। ਮੌਕੇ ’ਤੇ ਰੌਲਾ ਪੈਣ ’ਤੇ ਅੰਦਰਲੇ ਕਮਰੇ ਵਿੱਚ ਸੁੱਤਾ ਸੇਵਾਦਾਰ ਜਸਵੰਤ ਸਿੰਘ ਜਿਉਂ ਹੀ ਬਾਹਰ ਆਇਆ ਤਾਂ ਉਸ ਨੂੰ ਗੋਲੀ ਮਾਰ ਦਿੱਤੀ। ਰੌਲਾ ਪੈਣ ’ਤੇ ਹਮਲਾਵਰ ਫ਼ਰਾਰ ਹੋ ਗਏ। ਬਾਅਦ ਵਿੱਚ ਗੁਰੂ ਘਰ ਤੋਂ ਘਟਨਾ ਬਾਰੇ ਅਨਾਊਂਸਮੈਂਟ ਕੀਤੀ ਗਈ ਅਤੇ ਪਿੰਡ ਦੇ ਲੋਕ ਗੁਰੂ ਘਰ ਪੁੱਜੇ। ਜ਼ਖ਼ਮੀ ਸੇਵਾਦਾਰ ਜਸਵੰਤ ਸਿੰਘ ਨੂੰ ਸਿਵਲ ਹਸਪਤਾਲ ਸੰਗਰੂਰ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਪਟਿਆਲਾ ਰੈਫ਼ਰ ਕਰ ਦਿੱਤਾ।

ਸੂਚਨਾ ਮਿਲਦਿਆਂ ਹੀ ਪੁਲੀਸ ਚੌਕੀ ਬਡਰੁੱਖਾਂ ਦੇ ਇੰਚਾਰਜ, ਥਾਣਾ ਲੌਂਗੋਵਾਲ ਦੇ ਐੱਸ.ਐੱਚ.ਓ. ਅਤੇ ਡੀ.ਐੱਸ.ਪੀ. ਸੁਨਾਮ ਮੌਕੇ ’ਤੇ ਪਹੁੰਚ ਗਏ ਸਨ। ਉਨ੍ਹਾਂ ਨੇ ਘਟਨਾ ਦਾ ਜਾਇਜ਼ਾ ਲਿਆ ਅਤੇ ਗੁਰੂ ਘਰ ਵਿੱਚ ਲੱਗੇ ਸੀ.ਸੀ.ਟੀ.ਵੀ. ਦੀ ਫ਼ੁਟੇਜ ਚੈੱਕ ਕਰਦਿਆਂ ਜਾਂਚ ਸ਼ੁਰੂ ਕਰ ਦਿੱਤੀ ਹੈ। ਪਿੰਡ ਦੇ ਸਰਪੰਚ ਰਣਦੀਪ ਸਿੰਘ, ਕਮੇਟੀ ਮੈਂਬਰ ਮੇਜਰ ਸਿੰਘ ਅਤੇ ਸਮੁੱਚੀ ਪੰਚਾਇਤ ਨੇ ਇਸ ਘਟਨਾ ਦੀ ਸਖ਼ਤ ਨਿੰਦਾ ਕੀਤੀ ਹੈ।

# ਪੰਜਾਬ ਦੇ ਕੈਬਨਿਟ ਮੰਤਰੀਆਂ ਦੀਆਂ ਸਰਕਾਰੀ ਕੋਠੀਆਂ ਦੇ ਬਾਹਰ ਪਹੁੰਚੇ ਸੁਨੀਲ ਜਾਖੜ ਨੂੰ ਪੁਲਿਸ ਨੇ ਰੋਕਿਆ

**ਚੰਡੀਗੜ੍ਹ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਭਾਜਪਾ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ ਅੱਜ ਚੰਡੀਗੜ੍ਹ ਦੇ ਸੈਕਟਰ 39 ਵਿਖੇ ਸਥਿਤ ਪੰਜਾਬ ਦੇ ਕੈਬਨਿਟ ਮੰਤਰੀਆਂ ਦੀਆਂ ਸਰਕਾਰੀ ਕੋਠੀਆਂ ਦੇ ਬਾਹਰ ਪਹੁੰਚੇ, ਜਿਨ੍ਹਾਂ ਨੂੰ ਪੁਲੀਸ ਨੇ ਬਾਹਰ ਰੋਕ ਦਿੱਤਾ।ਇਸ ਦੌਰਾਨ ਸੁਨੀਲ ਜਾਖੜ ਨੇ ਕਿਹਾ ਕਿ ਉਨ੍ਹਾਂ ਵੱਲੋਂ ਸੈਕਟਰ 39 ਵਿਖੇ ਸਥਿਤ ਸਰਕਟ ਹਾਊਸ ਵਿੱਚ ਕਮਰਾ ਬੁੱਕ ਕਰਵਾਇਆ ਹੋਇਆ ਹੈ, ਪਰ ਉਨ੍ਹਾਂ ਨੂੰ ਅੰਦਰ ਦਾਖ਼ਲ ਨਹੀਂ ਹੋਣ ਦਿੱਤਾ ਜਾ ਰਿਹਾ। ਜਾਖੜ ਨੇ ਕਿਹਾ ਕਿ ਪੰਜਾਬ ਦੇ ਮੰਤਰੀਆਂ ਦੀਆਂ ਕੋਠੀਆਂ ਵਿੱਚ ਬਾਹਰੀ ਵਿਅਕਤੀ ਰਹਿ ਰਹੇ ਹਨ, ਜਿਸ ਨੂੰ ਕਦੇ ਵੀ ਬਰਦਾਸ਼ਤ ਨਹੀਂ ਕੀਤਾ ਜਾਵੇਗਾ।



ਉਨ੍ਹਾਂ ਕਿਹਾ ਕਿ ਗਮਾਡਾ (7$141) ਅਤੇ ਹੋਰ ਸਰਕਾਰੀ ਦਫ਼ਤਰਾਂ ਦੀਆਂ ਫ਼ਾਈਲਾਂ ਨੂੰ ਬਾਹਰੀ ਵਿਅਕਤੀਆਂ ਵੱਲੋਂ ਪ੍ਰਵਾਨਗੀ ਦਿੱਤੀ ਜਾ ਰਹੀ ਹੈ, ਜੋ ਕਿ ਬਹੁਤ ਗ਼ਲਤ ਹੈ।

ਉਨ੍ਹਾਂ ਕਿਹਾ ਕਿ ਭਾਜਪਾ ਵੱਲੋਂ ਪਹਿਲਾਂ ਸਰਕਾਰੀ ਮੰਤਰੀਆਂ ਦੀਆਂ ਕੋਠੀਆਂ ਵਿੱਚੋਂ ਬਾਹਰੀਆਂ ਨੂੰ ਕੱਢਿਆ ਜਾਵੇਗਾ, ਉਸ ਤੋਂ ਬਾਅਦ ਪੰਜਾਬ ਵਿੱਚੋਂ ਸਫ਼ਾਇਆ ਕੀਤਾ ਜਾਵੇਗ

# ਰਾਸ਼ਟਰੀਯ ਪੋਸ਼ਣ ਮਾਹ 2026: ਚੰਡੀਗੜ੍ਹ ਭਰ ਵਿੱਚ ਸੰਵਾਦ, ਪੋਸ਼ਣ ਅਤੇ ਸਮੁਦਾਇਕ ਜਾਗਰੂਕਤਾ ਗਤੀਵਿਧੀਆਂ ਦਾ ਆਯੋਜਨ

**ਚੰਡੀਗੜ੍ਹ, 30 ਸਤੰਬਰ**
**-ਕੌਮੀ ਪੱਤ੍ਰਿਕਾ ਬਿਊਰੋ-**

ਰਾਸ਼ਟਰੀਯ ਪੋਸ਼ਣ ਮਾਹ 2026 ਦੇ ਤਹਿਤ ਚੰਡੀਗੜ੍ਹ ਦੇ ਵਿਭਿੰਨ ਆਂਗਣਵਾੜੀ ਕੇਂਦਰਾਂ ਅਤੇ ਖੇਤਰਾਂ ਵਿੱਚ ਕਈ ਸੰਵਾਦਾਤਮਕ, ਪੋਸ਼ਣ-ਅਧਾਰਿਤ ਅਤੇ ਸਮੁਦਾਇਕ ਜਾਗਰੂਕਤਾ ਪ੍ਰੋਗਰਾਮ ਆਯੋਜਿਤ ਕੀਤੇ ਗਏ। ਇਨ੍ਹਾਂ ਦਾ ਉਦੇਸ਼ ਬੱਚਿਆਂ, ਮਾਪਿਆਂ ਅਤੇ ਸਮੁਦਾਇ ਦੇ ਲੋਕਾਂ ਵਿੱਚ ਤੰਦਰੁਸਤ ਆਦਤਾਂ, ਸ਼ੁਰੂਆਤੀ ਬਾਲ ਵਿਕਾਸ ਅਤੇ ਪੋਸ਼ਣ ਪ੍ਰਤੀ ਜਾਗਰੂਕਤਾ ਨੂੰ ਹੁਲਾਰਾ ਦੇਣਾ ਸੀ।

ਮੌਲੀ ਕਲੋਨੀ ਵਿੱਚ ਖੇਡ-ਕੁੱਦ ਅਤੇ ਅਸਾਨ ਗਤੀਵਿਧੀਆਂ ਦੇ ਜ਼ਰੀਏ ’ਮਾਤਾ-ਪਿਤਾ-ਬੱਚਾ ਸੰਵਾਦ ਸੈਸ਼ਨ’ ਆਯੋਜਿਤ ਕੀਤਾ ਗਿਆ। ਇਸ ਦਾ ਉਦੇਸ਼ ਮਾਤਾ-ਪਿਤਾ ਅਤੇ ਬੱਚਿਆਂ ਦੇ ਦਰਮਿਆਨ ਵਿਚਕਾਰ ਬਿਹਤਰ ਤਾਲਮੇਲ ਬਣਾਉਣਾ ਸੀ। ਇਸ ਵਿੱਚ ਮਾਪਿਆਂ ਅਤੇ ਬੱਚਿਆਂ ਨੇ ਬੜੇ ਉਤਸ਼ਾਹ ਨਾਲ ਹਿੱਸਾ ਲਿਆ, ਜਿਸ ਨਾਲ ਉਨ੍ਹਾਂ ਦੇ ਦਰਮਿਆਨ ਆਪਸੀ ਜੁੜਾਅ, ਗੱਲਬਾਤ ਅਤੇ ਖੇਡ-ਖੇਡ ਵਿੱਚ ਸਿੱਖਣ ਨੂੰ ਹੁਲਾਰਾ ਮਿਲਿਆ।

ਸਰਕਲ 25 ਵਿੱਚ ’ਅਨੀਮੀਆ ਜਾਂਚ ਤੇ ਸਲਾਹ-ਮਸ਼ਵਰਾ ਕੈਂਪ’ ਆਯੋਜਿਤ ਕੀਤਾ ਗਿਆ, ਜਿੱਥੇ ਲਾਭਾਰਥੀਆਂ ਨੂੰ ਅਨੀਮੀਆ ਤੋਂ ਬਚਾਅ, ਇਸ ਦੇ ਪ੍ਰਬੰਧਨ ਅਤੇ ਸੰਤੁਲਿਤ ਤੇ ਪੌਸ਼ਟਿਕ ਆਹਾਰ ਦੇ ਮਹੱਤਵ ਦੀ ਜਾਣਕਾਰੀ ਦਿੱਤੀ ਗਈ। ਪਲਸੌਰਾ ਵਿੱਚ ਬੱਚਿਆਂ ਲਈ ਕਹਾਣੀ ਸੁਣਾਉਣ, ਬਾਲਗੀਤ (ਕਵਿਤਾਵਾਂ) ਅਤੇ ਮਨੋਰੰਜਕ ਗਤੀਵਿਧੀਆਂ ਦਾ ਆਯੋਜਨ ਕੀਤਾ ਗਿਆ। ਬੱਚਿਆਂ ਨੇ ਬੜੇ ਚਾਅ ਨਾਲ ਹਿੱਸਾ ਲੈਕੇ ਸੈਸ਼ਨ ਨੂੰ ਰੋਚਕ, ਅਨੰਦਮਈ ਅਤੇ ਸਿੱਖਿਆਦਾਇਕ ਬਣਾ ਦਿੱਤਾ। ਇਨ੍ਹਾਂ ਗਤੀਵਿਧੀਆਂ ਨਾਲ ਬੱਚਿਆਂ ਦੇ ਬੋਲਣ ਦੇ ਕੌਸ਼ਲ, ਰਚਨਾਤਮਕਤਾ ਅਤੇ ਖੇਡ-ਖੇਡ ਵਿੱਚ ਸਿੱਖਣ ਦੀ ਸਮਰੱਥਾ ਨੂੰ ਹੁਲਾਰਾ ਮਿਲਿਆ। ਪੋਸ਼ਣ ਮਾਹ ਦੇ ਤਹਿਤ ਕਈ ਹੋਰ ਪ੍ਰੋਗਰਾਮ ਵੀ ਚਲਾਏ ਗਏ, ਜਿਨ੍ਹਾਂ ਵਿੱਚ ਗਰਭਵਤੀ ਮਹਿਲਾਵਾਂ ਦੀ ਜਣੇਪੇ ਤੋਂ ਪਹਿਲਾਂ ਦੀ ਜਾਂਚ (ਐਂਟੀਨੇਟਲ ਚੈੱਕ-ਅੱਪ/ਏਐੱਨਸੀ), ਸੰਪੂਰਨ ਪੋਸ਼ਣ ਬਾਰੇ ਜਾਗਰੂਕਤਾ ਸੈਸ਼ਨ, ਪੋਸ਼ਣ ਸਪਲੀਮੈਂਟਸ ਦੀ ਜ਼ਰੂਰਤ ਅਤੇ ਮਹੱਤਵ ’ਤੇ ਲੈਕਚਰ, ਨਵੀਆਂ ਪਹਿਚਾਣੀਆਂ ਗਈਆਂ ਗਰਭਵਤੀ ਮਹਿਲਾਵਾਂ ਦੀ ਰਜਿਸਟ੍ਰੇਸ਼ਨ ਅਤੇ ਅਨੀਮੀਆ ਤੋਂ ਬਚਾਅ ਨਾਲ ਜੁੜੇ ਸੈਸ਼ਨ ਸ਼ਾਮਲ ਰਹੇ। ਇਨ੍ਹਾਂ ਸਾਰੀਆਂ ਗਤੀਵਿਧੀਆਂ ਦਾ ਮੁੱਖ ਉਦੇਸ਼ ਮਾਤਾਵਾਂ ਦੇ ਪੋਸ਼ਣ ਨੂੰ ਸੁਧਾਰਨਾ ਅਤੇ ਜ਼ਰੂਰੀ ਸਿਹਤ ਅਤੇ ਪੋਸ਼ਣ ਸੇਵਾਵਾਂ ਸਮੇਂ ’ਤੇ ਉਪਲਬਧ ਕਰਵਾਉਣਾ ਸੀ। ਸਮੁਦਾਇਕ ਪੱਧਰ ’ਤੇ ਲੋਕਾਂ ਤੱਕ ਪਹੁੰਚਣ ਲਈ ਘਰ-ਘਰ ਜਾ ਕੇ ਪਰਿਵਾਰਾਂ ਨੂੰ ਸਿਹਤ, ਪੋਸ਼ਣ ਅਤੇ ਬਚਪਨ ਦੇ ਸ਼ੁਰੂਆਤੀ ਵਿਕਾਸ ਨਾਲ ਜੁੜੇ ਮੁੱਦਿਆਂ ’ਤੇ ਜਾਗਰੂਕ ਕੀਤਾ ਗਿਆ।




ਪੰਜਾਬ ਦੀ ਰਾਜਨੀਤੀ ਵਿੱਚ ਆਪਣੀ ਪਕੜ ਮਜ਼ਬੂਤ ਕਰਨ ਦੀ ਕੋਸ਼ਿਸ਼ ਕਰ ਰਹੀ ਭਾਰਤੀ ਜਨਤਾ ਪਾਰਟੀ (ਭਾਜਪਾ) ਹੁਣ ਸੂਬੇ ਦੇ ਪ੍ਰਮੁੱਖ ਸਿਆਸੀ ਪਰਿਵਾਰਾਂ ਨਾਲ ਜੁੜੇ ਚਿਹਰਿਆਂ ਨੂੰ ਸ਼ਾਮਲ ਕਰਨ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ। ਵੱਖ-ਵੱਖ ਪਾਰਟੀਆਂ ਅਤੇ ਸਿਆਸੀ ਪਰਿਵਾਰਾਂ ਦੇ ਆਗੂਆਂ ਨੂੰ ਪਾਰਟੀ ਵਿੱਚ ਸ਼ਾਮਲ ਕਰਨ ਦੀ ਇਹ ਰਣਨੀਤੀ ਗੁਆਂਢੀ ਹਰਿਆਣਾ ਵਿੱਚ ਅਪਣਾਏ ਗਏ ਭਾਜਪਾ ਮਾਡਲ ਦੀ ਯਾਦ ਦਿਵਾਉਂਦੀ ਹੈ।

ਹਾਲਾਂਕਿ, ਪੰਜਾਬ ਭਾਜਪਾ ਦਾ ਕਹਿਣਾ ਹੈ ਕਿ ਪਾਰਟੀ ਵਿੱਚ ਸ਼ਾਮਲ ਹੋਣ ਦੇ ਚਾਹਵਾਨ ਆਗੂਆਂ ਦੀ ਗਿਣਤੀ ਵਧੀ ਹੈ, ਅਤੇ ਇਸੇ ਕਰਕੇ ਨਵੇਂ ਚਿਹਰਿਆਂ ਨੂੰ ਸ਼ਾਮਲ ਕੀਤਾ ਜਾ ਰਿਹਾ ਹੈ।

### ਇੱਕ ਹੋਰ ਬਾਦਲ ਪਰਿਵਾਰ ਭਾਜਪਾ ਵਿੱਚ ਸ਼ਾਮਲ ਹੋਇਆ

ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਸ਼੍ਰੋਮਣੀ ਅਕਾਲੀ ਦਲ (ਸ਼੍ਰੋਮਣੀ ਅਕਾਲੀ ਦਲ) ਦੇ ਦਿੱਗਜ ਨੇਤਾ, ਸਵਰਗੀ ਪ੍ਰਕਾਸ਼ ਸਿੰਘ ਬਾਦਲ ਦੇ ਚਚੇਰੇ ਭਰਾ ਮੇਜਰ (ਸੇਵਾਮੁਕਤ) ਭੁਪਿੰਦਰ ਸਿੰਘ ਢਿੱਲੋਂ ਸੋਮਵਾਰ ਨੂੰ ਭਾਜਪਾ ਵਿੱਚ ਸ਼ਾਮਲ ਹੋ ਗਏ। ਹਾਲਾਂਕਿ ਉਹ ਆਪਣੇ ਭਤੀਜੇ ਅਤੇ ਸਾਬਕਾ ਮੰਤਰੀ ਮਨਪ੍ਰੀਤ ਸਿੰਘ ਬਾਦਲ ਵਾਂਗ ਪ੍ਰਮੁੱਖ ਸਿਆਸੀ ਹਸਤੀ ਨਹੀਂ ਹਨ, ਪਰ ਬਾਦਲ ਪਰਿਵਾਰ ਨਾਲ ਉਨ੍ਹਾਂ ਦਾ ਲੰਬੇ ਸਮੇਂ ਤੋਂ ਚੱਲਿਆ ਆ ਰਿਹਾ ਸਬੰਧ ਉਨ੍ਹਾਂ ਨੂੰ ਸਿਆਸੀ ਤੌਰ 'ਤੇ ਮਹੱਤਵਪੂਰਨ ਬਣਾਉਂਦਾ ਹੈ।

ਢਿੱਲੋਂ ਨੇ ਲਗਭਗ 25 ਸਾਲ ਪ੍ਰਕਾਸ਼ ਸਿੰਘ ਬਾਦਲ ਦੇ ਸਿਆਸੀ ਸਲਾਹਕਾਰ ਵਜੋਂ ਸੇਵਾ ਨਿਭਾਈ। ਉਨ੍ਹਾਂ ਦੇ ਪੁੱਤਰ ਅਮਰਵੀਰ ਸਿੰਘ ਬਾਵਾ ਵੀ ਭਾਜਪਾ ਵਿੱਚ ਸ਼ਾਮਲ ਹੋਏ।

### ਭਾਜਪਾ ਨੇ ਭਗਵੰਤ ਮਾਨ ਦੇ ਪਰਿਵਾਰ ਵਿੱਚੋਂ ਇੱਕ ਚਿਹਰਾ ਵੀ ਸ਼ਾਮਲ ਕੀਤਾ

ਢਿੱਲੋਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਚਾਰ ਮਹੀਨੇ ਪਹਿਲਾਂ, ਮਈ ਵਿੱਚ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਚਚੇਰੇ ਭਰਾ ਗਿਆਨ ਸਿੰਘ ਮਾਨ ਵੀ ਭਾਜਪਾ ਵਿੱਚ ਸ਼ਾਮਲ ਹੋਏ। ਗਿਆਨ ਸਿੰਘ ਪਹਿਲਾਂ ਆਮ ਆਦਮੀ ਪਾਰਟੀ (ਆਪ) ਦੇ ਸਰਗਰਮ ਸਮਰਥਕ ਰਹੇ ਸਨ ਅਤੇ 2022 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦੌਰਾਨ ਪਾਰਟੀ ਲਈ ਪ੍ਰਚਾਰ ਕੀਤਾ ਸੀ।

ਉਨ੍ਹਾਂ ਨੇ ਬਾਅਦ ਵਿੱਚ ਮਾਨ ਸਰਕਾਰ ਦੀ ਆਲੋਚਨਾ ਕਰਨੀ ਸ਼ੁਰੂ ਕਰ ਦਿੱਤੀ, ਖਾਸ ਕਰਕੇ ਹੁਣ ਰੱਦ ਕੀਤੀ ਗਈ ਲੈਂਡ-ਪੂਲਿੰਗ ਨੀਤੀ ਨੂੰ ਨਿਸ਼ਾਨਾ ਬਣਾਇਆ।

ਗਿਆਨ ਸਿੰਘ ਦੇ ਭਾਜਪਾ ਵਿੱਚ ਸ਼ਾਮਲ ਹੋਣ ਤੋਂ ਬਾਅਦ, ਅਕਾਲੀ ਦਲ ਦੇ ਨੇਤਾ ਬਿਕਰਮ ਸਿੰਘ ਮਜੀਠੀਆ ਨੇ ਭਗਵੰਤ ਮਾਨ 'ਤੇ ਨਿਸ਼ਾਨਾ ਸਾਧਿਆ। ਉਨ੍ਹਾਂ ਕਿਹਾ ਕਿ ਜਦੋਂ ਪਰਿਵਾਰ ਦੇ ਮੈਂਬਰ ਵੀ ਤੁਹਾਨੂੰ ਛੱਡਣਾ ਸ਼ੁਰੂ ਕਰ ਦਿੰਦੇ ਹਨ, ਤਾਂ ਤੁਹਾਨੂੰ ਸਮਝਣਾ ਚਾਹੀਦਾ ਹੈ ਕਿ ਕੁਝ ਗੰਭੀਰਤਾ ਨਾਲ ਗਲਤ ਹੈ।

### ਕਾਂਗਰਸ ਤੋਂ ਅਕਾਲੀ ਦਲ ਤੱਕ, ਭਾਜਪਾ ਰਾਜਨੀਤਿਕ ਪਰਿਵਾਰਾਂ 'ਤੇ ਨਜ਼ਰ

ਪਿਛਲੇ ਕੁਝ ਸਾਲਾਂ ਵਿੱਚ, ਭਾਜਪਾ ਨੇ ਪੰਜਾਬ ਵਿੱਚ ਕਈ ਸਥਾਪਿਤ ਰਾਜਨੀਤਿਕ ਪਰਿਵਾਰਾਂ ਦੇ ਨੇਤਾਵਾਂ ਨੂੰ ਇਕੱਠਾ ਕੀਤਾ ਹੈ। ਇਨ੍ਹਾਂ ਵਿੱਚ ਕਾਂਗਰਸ ਦੇ ਸਾਬਕਾ ਮੁੱਖ ਮੰਤਰੀ ਅਤੇ ਪਟਿਆਲਾ ਦੇ ਸ਼ਾਹੀ ਪਰਿਵਾਰ ਦੇ ਮੈਂਬਰ ਕੈਪਟਨ ਅਮਰਿੰਦਰ ਸਿੰਘ, ਪੰਜਾਬ ਕਾਂਗਰਸ ਦੇ ਸਾਬਕਾ ਪ੍ਰਧਾਨ ਸੁਨੀਲ ਜਾਖੜ, ਸਾਬਕਾ ਕੇਂਦਰੀ ਮੰਤਰੀ ਅਤੇ ਮਰਹੂਮ ਕਾਂਗਰਸ ਦੇ ਮੁੱਖ ਮੰਤਰੀ ਬੇਅੰਤ ਸਿੰਘ ਦੇ ਪੋਤੇ ਰਵਨੀਤ ਸਿੰਘ ਬਿੱਟੂ ਅਤੇ ਸਾਬਕਾ ਅਕਾਲੀ ਨੇਤਾ ਗੁਰਚਰਨ ਸਿੰਘ ਟੌਹੜਾ ਦੇ ਪੋਤੇ ਕੰਵਰਵੀਰ ਸਿੰਘ ਟੌਹੜਾ ਸ਼ਾਮਲ ਹਨ।

ਸਾਬਕਾ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਦੇ ਭਤੀਜੇ ਮਨਪ੍ਰੀਤ ਸਿੰਘ ਬਾਦਲ ਵੀ ਜਨਵਰੀ 2023 ਵਿੱਚ ਕਾਂਗਰਸ ਛੱਡ ਕੇ ਭਾਜਪਾ ਵਿੱਚ ਸ਼ਾਮਲ ਹੋ ਗਏ ਸਨ।

### ਇਸ ਮਾਡਲ ਨੂੰ ਹਰਿਆਣਾ ਵਿੱਚ ਵੀ ਅਜ਼ਮਾਇਆ

ਪੰਜਾਬ ਵਿੱਚ ਭਾਜਪਾ ਦੀ ਰਣਨੀਤੀ ਗੁਆਂਢੀ ਹਰਿਆਣਾ ਵਿੱਚ ਪਾਰਟੀ ਦੇ ਪਹਿਲਾਂ ਦੇ ਯਤਨਾਂ ਨਾਲ ਜੁੜੀ ਜਾਪਦੀ ਹੈ। 2014 ਦੀਆਂ ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ, ਭਾਜਪਾ ਨੇ ਦੋ ਪ੍ਰਮੁੱਖ ਕਾਂਗਰਸੀ ਨੇਤਾਵਾਂ, ਚੌਧਰੀ ਬੀਰੇਂਦਰ ਸਿੰਘ ਅਤੇ ਰਾਓ ਇੰਦਰਜੀਤ ਸਿੰਘ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ। ਉਸ ਸਮੇਂ, ਭਾਜਪਾ ਆਪਣੇ ਆਪ ਨੂੰ ਰਾਜ ਵਿੱਚ ਇੱਕ ਮਜ਼ਬੂਤ ਰਾਜਨੀਤਿਕ ਸ਼ਕਤੀ ਵਜੋਂ ਸਥਾਪਤ ਕਰਨ ਦੀ ਕੋਸ਼ਿਸ਼ ਕਰ ਰਹੀ ਸੀ। ਰਾਓ ਇੰਦਰਜੀਤ ਸਿੰਘ ਬਾਅਦ ਵਿੱਚ ਕੇਂਦਰ ਵਿੱਚ ਭਾਜਪਾ ਦੀ ਅਗਵਾਈ ਵਾਲੀ ਐਨਡੀਏ ਸਰਕਾਰ ਵਿੱਚ ਮੰਤਰੀ ਬਣੇ।

ਹਾਲਾਂਕਿ, 2024 ਦੀਆਂ ਲੋਕ ਸਭਾ ਚੋਣਾਂ ਤੋਂ ਪਹਿਲਾਂ, ਬੀਰੇਂਦਰ ਸਿੰਘ ਭਾਜਪਾ ਛੱਡ ਕੇ ਕਾਂਗਰਸ ਵਿੱਚ ਵਾਪਸ ਆ ਗਏ। ਉਨ੍ਹਾਂ ਦੇ ਪੁੱਤਰ, ਬ੍ਰਿਜੇਂਦਰ ਸਿੰਘ, ਜੋ ਕਿ ਆਈਏਐਸ ਅਧਿਕਾਰੀ ਤੋਂ ਭਾਜਪਾ ਸੰਸਦ ਮੈਂਬਰ ਬਣੇ ਸਨ, ਨੇ ਵੀ ਭਾਜਪਾ ਛੱਡ ਦਿੱਤੀ ਅਤੇ ਲਗਭਗ ਇੱਕ ਮਹੀਨਾ ਪਹਿਲਾਂ ਕਾਂਗਰਸ ਵਿੱਚ ਸ਼ਾਮਲ ਹੋ ਗਏ।

ਹਰਿਆਣਾ ਵਿੱਚ, ਭਾਜਪਾ ਨੇ ਕਈ ਪ੍ਰਭਾਵਸ਼ਾਲੀ ਰਾਜਨੀਤਿਕ ਪਰਿਵਾਰਾਂ ਦੇ ਮੈਂਬਰਾਂ ਨੂੰ ਵੀ ਸ਼ਾਮਲ ਕੀਤਾ। ਸਾਬਕਾ ਮੁੱਖ ਮੰਤਰੀ ਓਮ ਪ੍ਰਕਾਸ਼ ਚੌਟਾਲਾ ਦੇ ਭਰਾ ਰਣਜੀਤ ਸਿੰਘ ਚੌਟਾਲਾ ਨੇ 2019 ਤੋਂ 2024 ਤੱਕ ਭਾਜਪਾ ਦੀ ਅਗਵਾਈ ਵਾਲੀ ਹਰਿਆਣਾ ਸਰਕਾਰ ਵਿੱਚ ਮੰਤਰੀ ਵਜੋਂ ਸੇਵਾ ਨਿਭਾਈ। 2024 ਵਿੱਚ, ਉਨ੍ਹਾਂ ਨੇ ਹਿਸਾਰ ਤੋਂ ਭਾਜਪਾ ਦੀ ਟਿਕਟ 'ਤੇ ਲੋਕ ਸਭਾ ਚੋਣਾਂ ਲੜੀਆਂ ਪਰ ਹਾਰ ਗਏ। ਇਸ ਤੋਂ ਬਾਅਦ, ਰਾਣੀਆ ਵਿਧਾਨ ਸਭਾ ਸੀਟ ਤੋਂ ਭਾਜਪਾ ਦੀ ਟਿਕਟ ਤੋਂ ਇਨਕਾਰ ਕੀਤੇ ਜਾਣ ਤੋਂ ਬਾਅਦ, ਉਨ੍ਹਾਂ ਨੇ ਆਜ਼ਾਦ ਉਮੀਦਵਾਰ ਵਜੋਂ ਚੋਣ ਲੜੀ ਅਤੇ ਹਾਰ ਗਏ। ਬਾਅਦ ਵਿੱਚ ਉਨ੍ਹਾਂ ਨੂੰ ਪਾਰਟੀ ਵਿੱਚੋਂ ਕੱਢ ਦਿੱਤਾ ਗਿਆ।

ਇਸੇ ਤਰ੍ਹਾਂ, ਭਾਜਪਾ ਨੇ ਬੰਸੀ ਲਾਲ ਪਰਿਵਾਰ ਤੋਂ ਕਿਰਨ ਚੌਧਰੀ ਅਤੇ ਉਨ੍ਹਾਂ ਦੀ ਧੀ ਸ਼ਰੂਤੀ ਚੌਧਰੀ ਅਤੇ ਭਜਨ ਲਾਲ ਪਰਿਵਾਰ ਤੋਂ ਕੁਲਦੀਪ ਬਿਸ਼ਨੋਈ ਅਤੇ ਉਨ੍ਹਾਂ ਦੇ ਪੁੱਤਰ ਭਾਵਿਆ ਬਿਸ਼ਨੋਈ ਨੂੰ ਪਾਰਟੀ ਵਿੱਚ ਸ਼ਾਮਲ ਕੀਤਾ।

ਭਾਜਪਾ ਨੂੰ ਪੰਜਾਬ ਵਿੱਚ ਆਪਣਾ ਸਿਆਸੀ ਅਧਾਰ ਸਥਾਪਤ ਕਰਨ ਦੀ ਚੁਣੌਤੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਲੰਬੇ ਸਮੇਂ ਤੋਂ, ਭਾਜਪਾ ਨੇ ਸ਼੍ਰੋਮਣੀ ਅਕਾਲੀ ਦਲ ਨਾਲ ਗੱਠਜੋੜ ਰਾਹੀਂ ਪੰਜਾਬ ਦੀ ਰਾਜਨੀਤੀ ਵਿੱਚ ਆਪਣੀ ਭੂਮਿਕਾ ਨਿਭਾਈ। 2020 ਵਿੱਚ ਦੋਵਾਂ ਪਾਰਟੀਆਂ ਵਿਚਕਾਰ ਗੱਠਜੋੜ ਟੁੱਟਣ ਤੋਂ ਬਾਅਦ, ਭਾਜਪਾ ਨੇ ਸੂਬੇ ਵਿੱਚ ਆਪਣੇ ਸੁਤੰਤਰ ਸੰਗਠਨ ਅਤੇ ਚੋਣ ਅਧਾਰ ਨੂੰ ਮਜ਼ਬੂਤ ਕਰਨ ਲਈ ਆਪਣੀਆਂ ਕੋਸ਼ਿਸ਼ਾਂ ਤੇਜ਼ ਕਰ ਦਿੱਤੀਆਂ। ਪਾਰਟੀ 2027 ਦੀਆਂ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬਾਈ ਰਾਜਨੀਤੀ ਵਿੱਚ ਆਪਣੀ ਭੂਮਿਕਾ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਰਾਜਨੀਤਿਕ ਨਿਰੀਖਕਾਂ ਦੇ ਅਨੁਸਾਰ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ ਅਤੇ ਹੋਰ ਪਾਰਟੀਆਂ ਦੇ ਪ੍ਰਭਾਵਸ਼ਾਲੀ ਰਾਜਨੀਤਿਕ ਪਰਿਵਾਰਾਂ ਨਾਲ ਜੁੜੇ ਵਿਅਕਤੀਆਂ ਨੂੰ ਭਾਜਪਾ ਵਿੱਚ ਸ਼ਾਮਲ ਕਰਨ ਪਿੱਛੇ ਇੱਕ ਕਾਰਨ ਉਨ੍ਹਾਂ ਦੇ ਮੌਜੂਦਾ ਰਾਜਨੀਤਿਕ ਨੈਟਵਰਕ ਹੋ ਸਕਦੇ ਹਨ। ਅਜਿਹੇ ਨੇਤਾਵਾਂ ਕੋਲ ਸਥਾਨਕ ਸੰਪਰਕ, ਰਾਜਨੀਤਿਕ ਨੈਟਵਰਕ, ਖੇਤਰੀ ਰਾਜਨੀਤੀ ਦੀ ਸਮਝ ਅਤੇ ਦਹਾਕਿਆਂ ਤੋਂ ਬਣਿਆ ਸਮਰਥਨ ਅਧਾਰ ਹੈ। ਇਹ ਭਾਜਪਾ ਨੂੰ ਰਾਜ ਵਿੱਚ ਇੱਕ ਪੂਰੀ ਤਰ੍ਹਾਂ ਨਵੀਂ ਲੀਡਰਸ਼ਿਪ ਬਣਾਉਣ ਲਈ ਲੱਗਣ ਵਾਲੀ ਤੇਜ਼ੀ ਨਾਲ ਆਪਣਾ ਰਾਜਨੀਤਿਕ ਨੈਟਵਰਕ ਸਥਾਪਤ ਕਰਨ ਵਿੱਚ ਮਦਦ ਕਰ ਸਕਦਾ ਹੈ।

ਇੱਕ ਨਿਰੀਖਕ ਦੇ ਅਨੁਸਾਰ, ਵਿਭਿੰਨ ਰਾਜਨੀਤਿਕ ਪਿਛੋਕੜ ਵਾਲੇ ਨੇਤਾਵਾਂ ਨੂੰ ਸ਼ਾਮਲ ਕਰਕੇ, ਭਾਜਪਾ ਉਨ੍ਹਾਂ ਵਿਅਕਤੀਆਂ ਨੂੰ ਇਕੱਠਾ ਕਰ ਰਹੀ ਹੈ ਜੋ ਪਹਿਲਾਂ ਹੀ ਪੰਜਾਬ ਦੇ ਰਾਜਨੀਤਿਕ ਮਾਹੌਲ ਅਤੇ ਚੋਣ ਪ੍ਰਣਾਲੀ ਨੂੰ ਸਮਝਦੇ ਹਨ। ਇਸ ਨਾਲ ਪੰਜਾਬ ਭਾਜਪਾ ਲੀਡਰਸ਼ਿਪ ਪਾਰਟੀ ਦੇ ਰਵਾਇਤੀ ਅਕਸ ਤੋਂ ਭਟਕਦੀ ਦਿਖਾਈ ਦੇ ਰਹੀ ਹੈ।

### ਭਾਜਪਾ ਨੇ ਹਰਿਆਣਾ ਦੀ ਨਕਲ ਕਰਨ ਤੋਂ ਇਨਕਾਰ

ਪੰਜਾਬ ਭਾਜਪਾ ਦੇ ਮੀਡੀਆ ਇੰਚਾਰਜ ਵਿਨੀਤ ਜੋਸ਼ੀ ਨੇ ਇਸ ਰਣਨੀਤੀ ਨੂੰ ਹਰਿਆਣਾ ਮਾਡਲ ਦੀ ਨਕਲ ਦੱਸ ਕੇ ਇਨਕਾਰ ਕੀਤਾ। ਉਨ੍ਹਾਂ ਕਿਹਾ ਕਿ ਲੋਕ ਖੁਦ ਭਾਜਪਾ ਵਿੱਚ ਸ਼ਾਮਲ ਹੋਣਾ ਚਾਹੁੰਦੇ ਹਨ। ਉਨ੍ਹਾਂ ਅਨੁਸਾਰ, ਪਾਰਟੀ ਕੋਲ ਹੁਣ ਵੱਡੀ ਗਿਣਤੀ ਵਿੱਚ ਆਗੂ ਹਨ ਜੋ ਸ਼ਾਮਲ ਹੋਣਾ ਚਾਹੁੰਦੇ ਹਨ, ਅਤੇ ਇਹ ਪਾਰਟੀ 'ਤੇ ਨਿਰਭਰ ਕਰਦਾ ਹੈ ਕਿ ਉਹ ਕਿਸ ਨੂੰ ਸ਼ਾਮਲ ਕਰੇ ਅਤੇ ਕਿਸ ਨੂੰ ਨਾ।

ਸ਼੍ਰੋਮਣੀ ਅਕਾਲੀ ਦਲ ਦੇ ਬੁਲਾਰੇ ਪਰਮਬੰਸ ਸਿੰਘ ਰੋਮਾਣਾ ਨੇ ਭੁਪਿੰਦਰ ਸਿੰਘ ਢਿੱਲੋਂ ਦੇ ਭਾਜਪਾ ਵਿੱਚ ਸ਼ਾਮਲ ਹੋਣ 'ਤੇ ਕਿਹਾ ਕਿ ਢਿੱਲੋਂ ਪਾਰਟੀ ਵਿੱਚ ਨਹੀਂ ਸਨ। ਇਸ ਲਈ, ਸ਼੍ਰੋਮਣੀ ਅਕਾਲੀ ਦਲ ਦਾ ਉਨ੍ਹਾਂ ਦੇ ਭਾਜਪਾ ਵਿੱਚ ਸ਼ਾਮਲ ਹੋਣ ਨਾਲ ਕੋਈ ਲੈਣਾ-ਦੇਣਾ ਨਹੀਂ ਹੈ, ਅਤੇ ਪਾਰਟੀ ਇਸ 'ਤੇ ਕੋਈ ਟਿੱਪਣੀ ਨਹੀਂ ਕਰਨਾ ਚਾਹੁੰਦੀ।

### ਆਪ ਅਤੇ ਕਾਂਗਰਸ ਨੇ ਭਾਜਪਾ 'ਤੇ ਨਿਸ਼ਾਨਾ ਸਾਧਿਆ

ਆਪ ਨੇ ਭਾਜਪਾ ਵਿੱਚ ਸ਼ਾਮਲ ਹੋਣ ਵਾਲੇ ਨਵੇਂ ਚਿਹਰਿਆਂ ਨੂੰ ਅਜਿਹੇ ਆਗੂ ਦੱਸਿਆ ਜਿਨ੍ਹਾਂ ਦੀ ਰਾਜਨੀਤਿਕ ਪ੍ਰਸੰਗਿਕਤਾ ਪਹਿਲਾਂ ਹੀ ਘੱਟ ਗਈ ਹੈ। ਆਪ ਦੇ ਰਾਸ਼ਟਰੀ ਮੀਡੀਆ ਇੰਚਾਰਜ ਅਨੁਰਾਗ ਢਾਂਡਾ ਨੇ ਭਾਜਪਾ ਦੀ ਰਣਨੀਤੀ 'ਤੇ ਚੁਟਕੀ ਲੈਂਦੇ ਹੋਏ ਕਿਹਾ ਕਿ ਪਾਰਟੀ ਇੱਥੋਂ ਇੱਟਾਂ ਅਤੇ ਉੱਥੋਂ ਮਲਬਾ ਇਕੱਠਾ ਕਰਕੇ ਆਪਣਾ ਘਰ ਬਣਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਉਨ੍ਹਾਂ ਦਾਅਵਾ ਕੀਤਾ ਕਿ ਭਾਜਪਾ ਕੋਲ ਪੰਜਾਬ ਵਿੱਚ ਇੱਕ ਮਜ਼ਬੂਤ ਅਧਾਰ ਅਤੇ ਕੇਡਰ ਦੀ ਘਾਟ ਹੈ, ਅਤੇ ਨਵੇਂ ਨੇਤਾਵਾਂ ਨੂੰ ਸ਼ਾਮਲ ਕਰਨਾ ਸੂਬੇ ਵਿੱਚ ਸੱਤਾ ਹਾਸਲ ਕਰਨ ਦੀ ਉਸਦੀ ਕੋਸ਼ਿਸ਼ ਨੂੰ ਦਰਸਾਉਂਦਾ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਵੀ ਦਾਅਵਾ ਕੀਤਾ ਕਿ ਭਾਜਪਾ ਕੋਲ ਸੂਬੇ ਵਿੱਚ ਮਜ਼ਬੂਤ ਅਧਾਰ ਅਤੇ ਕੇਡਰ ਦੀ ਘਾਟ ਹੈ।

### ਸ਼੍ਰੋਮਣੀ ਅਕਾਲੀ ਦਲ ਨਾਲ ਸੰਭਾਵੀ ਗਠਜੋੜ ਦੇ ਵਿਚਕਾਰ ਹੋਰ ਚਰਚਾ

ਭੁਪਿੰਦਰ ਸਿੰਘ ਢਿੱਲੋਂ ਦਾ ਭਾਜਪਾ ਵਿੱਚ ਸ਼ਾਮਲ ਹੋਣਾ ਆਉਣ ਵਾਲੀਆਂ ਚੋਣਾਂ ਲਈ ਸੰਭਾਵੀ ਗਠਜੋੜ ਲਈ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਵਿਚਕਾਰ ਗੈਰ-ਰਸਮੀ ਗੱਲਬਾਤ ਦੀਆਂ ਰਿਪੋਰਟਾਂ ਦੇ ਵਿਚਕਾਰ ਆਇਆ ਹੈ। ਸਿੱਟੇ ਵਜੋਂ, ਪੰਜਾਬ ਵਿੱਚ ਪਾਰਟੀ ਦੀ ਭਵਿੱਖ ਦੀ ਰਣਨੀਤੀ ਲਈ ਰਾਜਨੀਤਿਕ ਪਰਿਵਾਰਾਂ ਦੇ ਨੇਤਾਵਾਂ ਨੂੰ ਭਾਜਪਾ ਵਿੱਚ ਸ਼ਾਮਲ ਕਰਨਾ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।




ਚੰਡੀਗੜ੍ਹ : ਵਿਦੇਸ਼ ਜਾ ਕੇ ਚੰਗੀ ਨੌਕਰੀ ਕਰਨ ਅਤੇ ਆਪਣੇ ਪਰਿਵਾਰ ਦੀ ਆਰਥਿਕ ਹਾਲਤ ਸੁਧਾਰਨ ਦਾ ਸੁਪਨਾ ਦੇਖਣ ਵਾਲੇ ਪੰਜਾਬ ਦੇ ਕਈ ਨੌਜਵਾਨ ਕਥਿਤ ਤੌਰ 'ਤੇ ਮਨੁੱਖੀ ਤਸਕਰੀ ਦੇ ਇੱਕ ਵੱਡੇ ਜਾਲ ਵਿੱਚ ਫਸ ਗਏ। ਉਨ੍ਹਾਂ ਨੂੰ ਸਪੇਨ, ਆਸਟ੍ਰੇਲੀਆ ਅਤੇ ਦੱਖਣੀ ਕੋਰੀਆ ਵਿੱਚ ਨੌਕਰੀਆਂ ਦਿਵਾਉਣ ਦਾ ਵਾਅਦਾ ਕੀਤਾ ਗਿਆ, ਪਰ ਏਜੰਟ ਉਨ੍ਹਾਂ ਨੂੰ ਥਾਈਲੈਂਡ, ਈਰਾਨ, ਇਥੋਪੀਆ ਅਤੇ ਕੀਨੀਆ ਵਰਗੇ ਦੇਸ਼ਾਂ ਵਿੱਚ ਲੈ ਗਏ।

ਪੀੜਤ ਪਰਿਵਾਰਾਂ ਦਾ ਦੋਸ਼ ਹੈ ਕਿ ਉੱਥੇ ਨੌਜਵਾਨਾਂ ਨੂੰ ਬੰਧਕ ਬਣਾ ਕੇ ਉਨ੍ਹਾਂ ਦੀ ਰਿਹਾਈ ਲਈ ਲੱਖਾਂ ਰੁਪਏ ਮੰਗੇ ਗਏ। ਕਈ ਪਰਿਵਾਰਾਂ ਨੂੰ ਆਪਣੇ ਪੁੱਤਰਾਂ ਨੂੰ ਛੁਡਾਉਣ ਲਈ ਕਰਜ਼ਾ ਚੁੱਕਣਾ ਪਿਆ ਅਤੇ ਕੀਮਤੀ ਸਮਾਨ ਵੇਚਣਾ ਪਿਆ।

ਇਨ੍ਹਾਂ ਮਾਮਲਿਆਂ ਵਿੱਚ ਇੱਕ ਨਾਂ ਵਾਰ-ਵਾਰ ਸਾਹਮਣੇ ਆ ਰਿਹਾ ਹੈ—'ਖਾਨ ਬਾਬਾ'। ਪਰਿਵਾਰਾਂ ਮੁਤਾਬਕ ਇਸੇ ਨਾਂ ਨਾਲ ਉਨ੍ਹਾਂ ਨੂੰ ਫ਼ੋਨ ਕਰਕੇ ਫਿਰੌਤੀ ਮੰਗੀ ਜਾਂਦੀ ਸੀ। ਪੁਲਿਸ ਹਾਲੇ ਤੱਕ ਇਸ ਵਿਅਕਤੀ ਦੀ ਅਸਲ ਪਛਾਣ ਦਾ ਪਤਾ ਨਹੀਂ ਲਗਾ ਸਕੀ।

### ਸਪੇਨ ਜਾਣ ਦੀ ਥਾਂ ਥਾਈਲੈਂਡ ਪਹੁੰਚੇ ਦੋ ਨੌਜਵਾਨ

ਕਪੂਰਥਲਾ ਜ਼ਿਲ੍ਹੇ ਦੇ ਪਿੰਡ ਗਿੱਲ ਦਾ 24 ਸਾਲਾ ਮਨਪ੍ਰੀਤ ਸਿੰਘ ਛੋਟੇ-ਮੋਟੇ ਕੰਮ ਕਰਦਾ ਸੀ। ਜਲੰਧਰ ਦੇ ਪਿੰਡ ਮਾਣਕ ਦਾ 27 ਸਾਲਾ ਕੁਲਰਾਜ ਸਿੰਘ ਟਰੱਕ ਡਰਾਈਵਰ ਸੀ। ਦੋਵਾਂ ਨੂੰ ਇੱਕ ਸਥਾਨਕ ਟ੍ਰੈਵਲ ਏਜੰਟ ਨੇ ਸਪੇਨ ਦੇ ਹੋਟਲਾਂ ਵਿੱਚ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ।

ਏਜੰਟ ਨੇ ਕਿਹਾ ਕਿ ਪਹਿਲਾਂ ਵਿਦੇਸ਼ ਚਲੇ ਜਾਓ ਅਤੇ ਨੌਕਰੀ ਮਿਲਣ ਤੋਂ ਬਾਅਦ ਕਮਾਈ ਵਿੱਚੋਂ ਪੈਸੇ ਦੇ ਦੇਣਾ। ਇਸ ਗੱਲ 'ਤੇ ਭਰੋਸਾ ਕਰਕੇ ਦੋਵੇਂ 30 ਜੂਨ ਨੂੰ ਪੰਜਾਬ ਤੋਂ ਰਵਾਨਾ ਹੋ ਗਏ।

ਪਰ ਸਪੇਨ ਪਹੁੰਚਣ ਦੀ ਥਾਂ ਉਨ੍ਹਾਂ ਨੂੰ ਥਾਈਲੈਂਡ ਲਿਜਾਇਆ ਗਿਆ। ਕੁਝ ਸਮੇਂ ਬਾਅਦ ਉਨ੍ਹਾਂ ਦੇ ਪਰਿਵਾਰਾਂ ਨੂੰ 'ਖਾਨ ਬਾਬਾ' ਨਾਂ ਦੇ ਵਿਅਕਤੀ ਦਾ ਫ਼ੋਨ ਆਇਆ। ਉਸ ਨੇ ਦੋਵਾਂ ਦੀ ਰਿਹਾਈ ਲਈ 15-15 ਲੱਖ ਰੁਪਏ ਮੰਗੇ।

ਮਨਪ੍ਰੀਤ ਦੇ ਪਰਿਵਾਰ ਨੇ ਪੈਸਿਆਂ ਦਾ ਪ੍ਰਬੰਧ ਕਰ ਦਿੱਤਾ ਅਤੇ ਉਹ ਘਰ ਵਾਪਸ ਆ ਗਿਆ। ਦੂਜੇ ਪਾਸੇ ਕੁਲਰਾਜ ਦਾ ਪਰਿਵਾਰ ਪੂਰੀ ਰਕਮ ਨਹੀਂ ਦੇ ਸਕਿਆ।

ਕੁਲਰਾਜ ਦੇ ਪਰਿਵਾਰ ਦਾ ਦਾਅਵਾ ਹੈ ਕਿ ਉਨ੍ਹਾਂ ਨੇ ਅੱਠ ਲੱਖ ਰੁਪਏ ਦਿੱਤੇ, ਪਰ ਬਾਕੀ ਪੈਸੇ ਨਾ ਮਿਲਣ ਕਾਰਨ ਉਸ ਵਿਰੁੱਧ ਝੂਠੀ ਜਾਣਕਾਰੀ ਦਿੱਤੀ ਗਈ। ਇਸ ਤੋਂ ਬਾਅਦ ਉਸ ਨੂੰ ਥਾਈਲੈਂਡ ਵਿੱਚ ਗ੍ਰਿਫ਼ਤਾਰ ਕਰ ਲਿਆ ਗਿਆ। ਪਰਿਵਾਰ ਮੁਤਾਬਕ ਉਹ ਜੇਲ੍ਹ ਵਿੱਚ ਬੰਦ ਹੈ।

### ਕੌਣ ਹੈ 'ਖਾਨ ਬਾਬਾ'?

ਪਿਛਲੇ 11 ਮਹੀਨਿਆਂ ਦੌਰਾਨ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਤੋਂ ਅਜਿਹੇ ਕਈ ਮਾਮਲੇ ਸਾਹਮਣੇ ਆਏ ਹਨ। ਪੀੜਤ ਪਰਿਵਾਰਾਂ ਨੇ ਪੁਲਿਸ ਨੂੰ ਦੱਸਿਆ ਕਿ ਉਨ੍ਹਾਂ ਨੂੰ 'ਖਾਨ ਬਾਬਾ' ਨਾਂ ਦੇ ਵਿਅਕਤੀ ਵੱਲੋਂ ਫ਼ੋਨ ਆਏ ਸਨ।

ਇਹ ਵਿਅਕਤੀ ਕਿੱਥੇ ਰਹਿੰਦਾ ਹੈ, ਉਸ ਦਾ ਅਸਲੀ ਨਾਂ ਕੀ ਹੈ ਅਤੇ ਉਸ ਨਾਲ ਕਿੰਨੇ ਏਜੰਟ ਜੁੜੇ ਹੋਏ ਹਨ, ਇਸ ਬਾਰੇ ਹਾਲੇ ਸਪੱਸ਼ਟ ਜਾਣਕਾਰੀ ਸਾਹਮਣੇ ਨਹੀਂ ਆਈ।

ਪੰਜਾਬ ਪੁਲਿਸ ਦੇ ਅਧਿਕਾਰੀਆਂ ਨੇ 'ਦਿ ਇੰਡੀਅਨ ਐਕਸਪ੍ਰੈੱਸ' ਨੂੰ ਦੱਸਿਆ ਕਿ ਪਰਿਵਾਰਾਂ ਵੱਲੋਂ ਦਿੱਤੀਆਂ ਫ਼ੋਨ ਕਾਲਾਂ ਦੀਆਂ ਰਿਕਾਰਡਿੰਗਾਂ ਦੀ ਜਾਂਚ ਕੀਤੀ ਜਾ ਰਹੀ ਹੈ। ਹਾਲਾਂਕਿ ਪੁਲਿਸ ਨੂੰ ਅਜੇ ਤੱਕ ਕੋਈ ਵੱਡਾ ਸੁਰਾਗ ਨਹੀਂ ਮਿਲਿਆ।

ਕਪੂਰਥਲਾ ਦੇ ਐੱਸ.ਐੱਸ.ਪੀ. ਗੌਰਵ ਤੂਰਾ ਅਨੁਸਾਰ ਹਰ ਸ਼ਿਕਾਇਤ ਦੀ ਵੱਖਰੇ ਤੌਰ 'ਤੇ ਜਾਂਚ ਕੀਤੀ ਜਾ ਰਹੀ ਹੈ।

ਸਥਾਨਕ ਏਜੰਟ ਨੇ ਕੀ ਦਿੱਤੀ ਸਫ਼ਾਈ?

ਮਨਪ੍ਰੀਤ ਅਤੇ ਕੁਲਰਾਜ ਨੂੰ ਵਿਦੇਸ਼ ਭੇਜਣ ਦਾ ਪ੍ਰਬੰਧ ਕਰਨ ਵਾਲੇ ਸਥਾਨਕ ਏਜੰਟ ਸੰਜੀਵ ਕੁਮਾਰ ਦਾ ਨਾਂ ਪੁਲਿਸ ਸ਼ਿਕਾਇਤ ਵਿੱਚ ਦਰਜ ਹੈ।

ਸੰਜੀਵ ਨੇ ਮੰਨਿਆ ਕਿ ਉਸ ਨੇ ਦੋਵਾਂ ਦੀ ਯਾਤਰਾ ਦਾ ਪ੍ਰਬੰਧ ਕਰਨ ਵਿੱਚ ਮਦਦ ਕੀਤੀ ਸੀ, ਪਰ ਉਸ ਦਾ ਕਹਿਣਾ ਹੈ ਕਿ ਉਸ ਨੇ ਕਿਸੇ ਤੋਂ ਪੈਸੇ ਨਹੀਂ ਲਏ।

ਉਸ ਨੇ ਇਸ ਮਾਮਲੇ ਲਈ ਫਗਵਾੜਾ ਦੇ ਰਹਿਣ ਵਾਲੇ ਸੁਮਿਤ ਕੁਮਾਰ ਨੂੰ ਜ਼ਿੰਮੇਵਾਰ ਦੱਸਿਆ, ਜੋ ਹੁਣ ਮਲੇਸ਼ੀਆ ਵਿੱਚ ਰਹਿੰਦਾ ਹੈ।

ਸੰਜੀਵ ਮੁਤਾਬਕ ਸੁਮਿਤ ਨੇ ਉਸ ਨੂੰ ਦੱਸਿਆ ਸੀ ਕਿ ਨੌਜਵਾਨ ਪਹਿਲਾਂ ਥਾਈਲੈਂਡ ਜਾਣਗੇ ਅਤੇ ਉੱਥੋਂ ਉਨ੍ਹਾਂ ਨੂੰ ਸਪੇਨ ਦਾ ਵੀਜ਼ਾ ਮਿਲ ਜਾਵੇਗਾ। ਸੰਜੀਵ ਨੇ ਇਹ ਵੀ ਦਾਅਵਾ ਕੀਤਾ ਕਿ ਪਰਿਵਾਰਾਂ ਨੂੰ ਅੰਮ੍ਰਿਤਸਰ ਦੇ ਇੱਕ ਵਿਅਕਤੀ ਕੋਲ ਭੇਜਿਆ ਗਿਆ ਸੀ, ਜਿਸ ਨੇ ਕ੍ਰਿਪਟੋਕਰੰਸੀ ਰਾਹੀਂ ਪੈਸੇ ਲਏ।

ਕੁਲਰਾਜ ਦੀ ਮਾਂ ਕੁਲਦੀਪ ਕੌਰ ਨੇ ਆਪਣੀ ਸ਼ਿਕਾਇਤ ਵਿੱਚ ਸੰਜੀਵ ਤੋਂ ਇਲਾਵਾ ਸੁਮਿਤ, ਉਸ ਦੀ ਮਾਂ ਅਤੇ ਭੈਣ ਕੋਮਲ ਦੇ ਨਾਂ ਵੀ ਲਏ ਹਨ।

ਪੁਲਿਸ ਨੇ ਸੰਜੀਵ ਤੋਂ ਪੁੱਛਗਿੱਛ ਕਰਕੇ ਉਸ ਦਾ ਬਿਆਨ ਦਰਜ ਕੀਤਾ ਹੈ। ਉਸ ਦੀ ਗ੍ਰਿਫ਼ਤਾਰੀ ਨਾ ਹੋਣ ਬਾਰੇ ਪੁੱਛੇ ਜਾਣ 'ਤੇ ਐੱਸ.ਐੱਸ.ਪੀ. ਨੇ ਕਿਹਾ ਕਿ ਮਾਮਲੇ ਦੀ ਜਾਂਚ ਜਾਰੀ ਹੈ।

### ਆਸਟ੍ਰੇਲੀਆ ਭੇਜਣ ਦਾ ਵਾਅਦਾ, ਈਰਾਨ ਵਿੱਚ ਬਣਾਇਆ ਬੰਧਕ

ਪੁਲਿਸ ਅਨੁਸਾਰ ਅਜਿਹਾ ਇੱਕ ਮਾਮਲਾ ਅਕਤੂਬਰ 2025 ਵਿੱਚ ਸਾਹਮਣੇ ਆਇਆ ਸੀ।

ਸੁਲਤਾਨਪੁਰ ਲੋਧੀ ਦੇ ਅਜੈ ਸਿੰਘ ਨੂੰ ਤਰਨਤਾਰਨ ਦੇ ਇੱਕ ਏਜੰਟ ਨੇ ਆਸਟ੍ਰੇਲੀਆ ਵਿੱਚ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ ਸੀ। ਅਜੈ ਕੋਲਕਾਤਾ ਰਾਹੀਂ ਦੁਬਈ ਪਹੁੰਚਿਆ, ਪਰ ਇਸ ਤੋਂ ਬਾਅਦ ਉਸ ਦਾ ਪਰਿਵਾਰ ਨਾਲ ਸੰਪਰਕ ਟੁੱਟ ਗਿਆ।

ਪਰਿਵਾਰ ਦਾ ਕਹਿਣਾ ਹੈ ਕਿ ਕੁਝ ਸਮੇਂ ਬਾਅਦ ਉਨ੍ਹਾਂ ਨੂੰ ਇੱਕ ਵੀਡੀਓ ਮਿਲੀ, ਜਿਸ ਵਿੱਚ ਅਜੈ ਅਤੇ ਕੁਝ ਹੋਰ ਨੌਜਵਾਨਾਂ ਦੀ ਕੁੱਟਮਾਰ ਹੁੰਦੀ ਦਿਖਾਈ ਗਈ। ਉਨ੍ਹਾਂ ਨੂੰ ਦੱਸਿਆ ਗਿਆ ਕਿ ਅਜੈ ਨੂੰ ਈਰਾਨ ਵਿੱਚ ਬੰਧਕ ਬਣਾਇਆ ਗਿਆ ਹੈ।

ਪਰਿਵਾਰ ਮੁਤਾਬਕ ਉਸ ਦੀ ਰਿਹਾਈ ਲਈ ਲਗਭਗ 70 ਲੱਖ ਰੁਪਏ ਮੰਗੇ ਗਏ।

ਅਜੈ ਦੇ ਇੱਕ ਰਿਸ਼ਤੇਦਾਰ ਨੇ ਦੱਸਿਆ ਕਿ ਉਨ੍ਹਾਂ ਨੇ ਅੰਮ੍ਰਿਤਸਰ ਦੇ ਇੱਕ ਵਿਅਕਤੀ ਨੂੰ ਕਿਸ਼ਤਾਂ ਵਿੱਚ ਪੈਸੇ ਦਿੱਤੇ, ਜੋ ਕ੍ਰਿਪਟੋਕਰੰਸੀ ਰਾਹੀਂ ਅੱਗੇ ਭੇਜੇ ਗਏ।

ਅਜੈ ਆਖ਼ਰਕਾਰ 5 ਦਸੰਬਰ 2025 ਨੂੰ ਘਰ ਵਾਪਸ ਆ ਗਿਆ।

ਪੁਲਿਸ ਦਾ ਕਹਿਣਾ ਹੈ ਕਿ ਉਸ ਨੇ ਅਜੈ ਅਤੇ ਉਸ ਦੇ ਪਰਿਵਾਰ ਨਾਲ ਗੱਲਬਾਤ ਕੀਤੀ ਹੈ। ਪਰਿਵਾਰ ਮੁਤਾਬਕ ਏਜੰਟ ਨੇ ਪੈਸੇ ਵਾਪਸ ਕਰਨ ਦਾ ਵਾਅਦਾ ਕੀਤਾ ਹੈ ਅਤੇ ਰਕਮ ਮਿਲਣ 'ਤੇ ਉਹ ਆਪਣੀ ਸ਼ਿਕਾਇਤ ਵਾਪਸ ਲੈ ਸਕਦੇ ਹਨ।

### ਦੱਖਣੀ ਕੋਰੀਆ ਦੀ ਥਾਂ ਇਥੋਪੀਆ ਪਹੁੰਚੇ ਨੌਜਵਾਨ

ਫਤਿਹਗੜ੍ਹ ਸਾਹਿਬ ਦੇ ਰਹਿਣ ਵਾਲੇ ਨਾਈ ਹਰਬੰਸ ਸਿੰਘ ਨੂੰ ਵੀ ਦੱਖਣੀ ਕੋਰੀਆ ਵਿੱਚ ਨੌਕਰੀ ਦਿਵਾਉਣ ਦਾ ਵਾਅਦਾ ਕੀਤਾ ਗਿਆ ਸੀ।

ਉਹ ਮਾਰਚ 2026 ਵਿੱਚ ਦਿੱਲੀ ਤੋਂ ਰਵਾਨਾ ਹੋਇਆ, ਪਰ ਦੱਖਣੀ ਕੋਰੀਆ ਪਹੁੰਚਣ ਦੀ ਥਾਂ ਇਥੋਪੀਆ ਪਹੁੰਚ ਗਿਆ।

ਇਸੇ ਤਰ੍ਹਾਂ ਫਾਜ਼ਿਲਕਾ ਦੇ ਰੋਹਿਤ ਕੁਮਾਰ ਨੂੰ ਵੀ ਦੱਖਣੀ ਕੋਰੀਆ ਵਿੱਚ ਨੌਕਰੀ ਦਾ ਸੁਪਨਾ ਦਿਖਾਇਆ ਗਿਆ ਸੀ। ਉਸ ਨੂੰ ਬੈਂਕਾਕ, ਸ਼ਾਰਜਾਹ ਅਤੇ ਦੁਬਈ ਰਾਹੀਂ ਇਥੋਪੀਆ ਲਿਜਾਇਆ ਗਿਆ।

ਰੋਹਿਤ ਦੇ ਪਰਿਵਾਰ ਦਾ ਦਾਅਵਾ ਹੈ ਕਿ ਉਸ ਦੀ ਰਿਹਾਈ ਲਈ ਲਗਭਗ 30 ਲੱਖ ਰੁਪਏ ਦੇਣੇ ਪਏ।

ਉਸ ਦੇ ਚਾਚਾ ਅਸ਼ੋਕ ਕੁਮਾਰ ਨੇ ਦੱਸਿਆ ਕਿ ਪਹਿਲਾਂ 10 ਲੱਖ ਰੁਪਏ ਦਿੱਤੇ ਗਏ। ਇਸ ਤੋਂ ਬਾਅਦ ਨੈਨੀਤਾਲ ਵਿੱਚ 'ਖਾਨ ਬਾਬਾ' ਨਾਲ ਜੁੜੇ ਦੱਸੇ ਜਾਂਦੇ ਵਿਅਕਤੀਆਂ ਨੂੰ ਤਿੰਨ ਹੋਰ ਕਿਸ਼ਤਾਂ ਦਿੱਤੀਆਂ ਗਈਆਂ।

ਆਖ਼ਰੀ ਭੁਗਤਾਨ 20 ਅਪ੍ਰੈਲ ਨੂੰ ਕੀਤਾ ਗਿਆ, ਜਿਸ ਤੋਂ ਬਾਅਦ ਰੋਹਿਤ ਦੀ ਰਿਹਾਈ ਹੋਈ।

ਇਸ ਮਾਮਲੇ ਵਿੱਚ ਉੱਤਰਾਖੰਡ ਵਿੱਚ ਕਈ ਵਿਅਕਤੀਆਂ ਵਿਰੁੱਧ ਐੱਫ.ਆਈ.ਆਰ. ਵੀ ਦਰਜ ਕੀਤੀ ਗਈ।

### ਬੰਧਕ ਬਣਾ ਕੇ ਕੁੱਟਮਾਰ, ਖਾਣ ਲਈ ਮਿਲਦੇ ਸਨ ਸਿਰਫ਼ ਆਲੂ

ਰੋਹਿਤ ਕੁਮਾਰ ਨੇ ਆਪਣੀ ਹੱਡਬੀਤੀ ਸੁਣਾਉਂਦਿਆਂ ਦੱਸਿਆ ਕਿ ਉਹ 3 ਮਾਰਚ ਨੂੰ ਦਿੱਲੀ ਤੋਂ ਰਵਾਨਾ ਹੋਇਆ ਸੀ। ਪਹਿਲਾਂ ਉਸ ਨੂੰ ਥਾਈਲੈਂਡ ਲਿਜਾਇਆ ਗਿਆ, ਜਿੱਥੇ ਪੰਜਾਬ ਦੇ ਦੋ ਹੋਰ ਨੌਜਵਾਨਾਂ ਨਾਲ ਇੱਕ ਕਮਰੇ ਵਿੱਚ ਰੱਖਿਆ ਗਿਆ।

ਇਸ ਤੋਂ ਬਾਅਦ ਉਨ੍ਹਾਂ ਨੂੰ ਸ਼ਾਰਜਾਹ ਅਤੇ ਦੁਬਈ ਰਾਹੀਂ 5 ਮਾਰਚ ਨੂੰ ਇਥੋਪੀਆ ਪਹੁੰਚਾਇਆ ਗਿਆ।

ਰੋਹਿਤ ਮੁਤਾਬਕ ਏਜੰਟ ਨੇ ਕਿਹਾ ਸੀ ਕਿ ਉਹ ਇਥੋਪੀਆ ਵਿੱਚ ਸਿਰਫ਼ ਇੱਕ ਦਿਨ ਰੁਕਣਗੇ ਅਤੇ ਫਿਰ ਦੱਖਣੀ ਕੋਰੀਆ ਚਲੇ ਜਾਣਗੇ।

ਪਰ ਇਥੋਪੀਆ ਦੀ ਰਾਜਧਾਨੀ ਅਦੀਸ ਅਬਾਬਾ ਦੇ ਹਵਾਈ ਅੱਡੇ ਤੋਂ ਤਿੰਨ ਵਿਅਕਤੀ, ਜਿਨ੍ਹਾਂ ਵਿੱਚ ਇੱਕ ਔਰਤ ਵੀ ਸੀ, ਉਨ੍ਹਾਂ ਨੂੰ ਸ਼ਸ਼ੀਮੇਨ ਸ਼ਹਿਰ ਲੈ ਗਏ।

ਉੱਥੇ ਪਹਿਲਾਂ ਹੀ ਕਈ ਭਾਰਤੀ ਨੌਜਵਾਨ ਮੌਜੂਦ ਸਨ। ਰੋਹਿਤ ਮੁਤਾਬਕ ਉਨ੍ਹਾਂ ਵਿੱਚ ਪੰਜ-ਛੇ ਪੰਜਾਬ ਦੇ ਸਨ, ਜਦਕਿ ਬਾਕੀ ਜੰਮੂ ਅਤੇ ਹਰਿਆਣਾ ਦੇ ਰਹਿਣ ਵਾਲੇ ਸਨ।

ਰੋਹਿਤ ਨੇ ਦੋਸ਼ ਲਾਇਆ ਕਿ ਅਗਵਾਕਾਰਾਂ ਨੇ ਉਨ੍ਹਾਂ ਦੇ ਕੱਪੜੇ ਉਤਾਰ ਦਿੱਤੇ, ਹੱਥ ਬੰਨ੍ਹ ਦਿੱਤੇ ਅਤੇ ਇੱਕ ਕਮਰੇ ਵਿੱਚ ਬੰਦ ਕਰ ਦਿੱਤਾ।

ਉਸ ਨੇ ਦੱਸਿਆ ਕਿ ਉਨ੍ਹਾਂ ਨੂੰ ਪੂਰਾ ਖਾਣਾ ਵੀ ਨਹੀਂ ਦਿੱਤਾ ਜਾਂਦਾ ਸੀ। ਕਈ ਵਾਰ ਸਿਰਫ਼ ਆਲੂ ਖਾਣ ਲਈ ਮਿਲਦੇ ਸਨ ਅਤੇ ਕਈ ਵਾਰ ਉਹ ਵੀ ਨਹੀਂ ਮਿਲਦੇ ਸਨ।

ਰੋਹਿਤ ਦਾ ਕਹਿਣਾ ਹੈ ਕਿ ਜੇਕਰ ਕੋਈ ਨੌਜਵਾਨ ਦੂਜੇ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ ਸੀ ਤਾਂ ਉਸ ਦੀ ਡੰਡਿਆਂ ਨਾਲ ਕੁੱਟਮਾਰ ਕੀਤੀ ਜਾਂਦੀ ਸੀ।

ਉਸ ਨੇ ਦੱਸਿਆ ਕਿ ਉਸ ਦੀ ਪਿੱਠ 'ਤੇ ਅਜੇ ਵੀ ਕੁੱਟਮਾਰ ਦੇ ਨਿਸ਼ਾਨ ਹਨ। ਰੋਹਿਤ ਮੁਤਾਬਕ ਉਸ ਨੂੰ 5 ਮਾਰਚ ਤੋਂ 24 ਮਾਰਚ ਤੱਕ ਬੰਧਕ ਬਣਾ ਕੇ ਰੱਖਿਆ ਗਿਆ।

ਆਪਣੇ ਨਾਲ ਵਾਪਰੀ ਘਟਨਾ ਨੂੰ ਯਾਦ ਕਰਦਿਆਂ ਰੋਹਿਤ ਨੇ ਕਿਹਾ, "ਮੈਨੂੰ ਅਜੇ ਵੀ ਬੁਰੇ ਸੁਪਨੇ ਆਉਂਦੇ ਹਨ।"

### ਕੀ ਇਸ ਗਿਰੋਹ ਦੇ ਤਾਰ ਪਾਕਿਸਤਾਨ ਨਾਲ ਵੀ ਜੁੜੇ ਹਨ?

ਰੋਹਿਤ ਕੁਮਾਰ ਦਾ ਦਾਅਵਾ ਹੈ ਕਿ ਉਸ ਨੂੰ ਬੰਧਕ ਬਣਾਉਣ ਵਾਲੇ ਵਿਅਕਤੀ ਇੱਕ ਵੱਡੇ ਗਿਰੋਹ ਦਾ ਹਿੱਸਾ ਸਨ, ਜਿਸ ਨਾਲ ਪੰਜਾਬ, ਦਿੱਲੀ ਅਤੇ ਪਾਕਿਸਤਾਨ ਤੋਂ ਕੰਮ ਕਰਨ ਵਾਲੇ ਏਜੰਟ ਜੁੜੇ ਹੋਏ ਸਨ।

ਹਾਲਾਂਕਿ ਪਾਕਿਸਤਾਨ ਨਾਲ ਇਸ ਗਿਰੋਹ ਦੇ ਸਬੰਧਾਂ ਦੀ ਪੁਲਿਸ ਵੱਲੋਂ ਅਜੇ ਪੁਸ਼ਟੀ ਨਹੀਂ ਕੀਤੀ ਗਈ।

ਰੋਹਿਤ ਦੇ ਪਰਿਵਾਰ ਨੂੰ ਵੀ 'ਖਾਨ ਬਾਬਾ' ਨਾਲ ਜੁੜੇ ਦੱਸੇ ਜਾਂਦੇ ਵਿਅਕਤੀਆਂ ਦੇ ਫ਼ੋਨ ਆਏ ਸਨ।

ਤਰਨਤਾਰਨ ਦੇ ਦੋ, ਪਠਾਨਕੋਟ ਦੇ ਦੋ ਅਤੇ ਫਿਲੌਰ ਦੇ ਇੱਕ ਨੌਜਵਾਨ ਦੇ ਪਰਿਵਾਰ ਨੇ ਵੀ ਦੱਸਿਆ ਕਿ ਉਨ੍ਹਾਂ ਦੇ ਪੁੱਤਰਾਂ ਦੀ ਰਿਹਾਈ ਲਈ ਭਾਰੀ ਰਕਮ ਦੇਣੀ ਪਈ।

### ਥਾਈਲੈਂਡ ਦੀ ਜੇਲ੍ਹ ਵਿੱਚ ਬੰਦ ਇੱਕ ਹੋਰ ਪੰਜਾਬੀ

ਫਗਵਾੜਾ ਦੇ ਰਾਮ ਬਾਲਕ ਦੀ ਕਹਾਣੀ ਵੀ ਕੁਲਰਾਜ ਵਰਗੀ ਹੈ।

ਉਸ ਨੂੰ ਦੱਖਣੀ ਕੋਰੀਆ ਭੇਜਣ ਦਾ ਵਾਅਦਾ ਕਰਕੇ ਥਾਈਲੈਂਡ ਲਿਜਾਇਆ ਗਿਆ ਸੀ। 29 ਜੁਲਾਈ ਨੂੰ ਥਾਈ ਪੁਲਿਸ ਨੇ ਇੱਕ ਥਾਂ ਛਾਪਾ ਮਾਰਿਆ ਅਤੇ ਰਾਮ ਬਾਲਕ ਸਮੇਤ ਉਸ ਨੂੰ ਬੰਧਕ ਬਣਾਉਣ ਦੇ ਦੋਸ਼ੀਆਂ ਨੂੰ ਵੀ ਗ੍ਰਿਫ਼ਤਾਰ ਕਰ ਲਿਆ।

ਰਾਮ ਬਾਲਕ ਦੇ ਭਰਾ ਰਾਜਕੁਮਾਰ ਨੇ ਦੱਸਿਆ ਕਿ ਉਨ੍ਹਾਂ ਦਾ ਪਰਿਵਾਰ ਬਹੁਤ ਗਰੀਬ ਹੈ ਅਤੇ ਉਹ ਵਿਦੇਸ਼ ਭੇਜਣ ਵਾਲੇ ਏਜੰਟਾਂ ਦੇ ਜਾਲ ਵਿੱਚ ਫਸ ਗਿਆ।

ਰਾਜਕੁਮਾਰ ਨੇ ਵਿਦੇਸ਼ ਮੰਤਰੀ ਨੂੰ ਪੱਤਰ ਲਿਖ ਕੇ ਆਪਣੇ ਭਰਾ ਦੀ ਸੁਰੱਖਿਅਤ ਵਾਪਸੀ ਦੀ ਮੰਗ ਕੀਤੀ ਹੈ।

### ਇੰਟਰਪੋਲ ਦੀ ਮਦਦ ਲੈਣ ਦੀ ਮੰਗ

ਆਮ ਆਦਮੀ ਪਾਰਟੀ ਦੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਵੀ ਇਨ੍ਹਾਂ ਮਾਮਲਿਆਂ ਨੂੰ ਗੰਭੀਰਤਾ ਨਾਲ ਲਿਆ ਹੈ।

ਉਨ੍ਹਾਂ ਮੁਤਾਬਕ ਵਿਦੇਸ਼ ਮੰਤਰਾਲੇ, ਕੇਂਦਰੀ ਗ੍ਰਹਿ ਮੰਤਰਾਲੇ ਅਤੇ ਪੰਜਾਬ ਦੇ ਡੀ.ਜੀ.ਪੀ. ਨੂੰ ਪੱਤਰ ਲਿਖ ਕੇ ਇਸ ਗਿਰੋਹ ਦੀ ਜਾਂਚ ਲਈ ਇੰਟਰਪੋਲ ਦੀ ਸਹਾਇਤਾ ਲੈਣ ਦੀ ਮੰਗ ਕੀਤੀ ਗਈ ਹੈ।

ਇਨ੍ਹਾਂ ਮਾਮਲਿਆਂ ਨੇ ਵਿਦੇਸ਼ਾਂ ਵਿੱਚ ਨੌਕਰੀਆਂ ਦਿਵਾਉਣ ਵਾਲੇ ਏਜੰਟਾਂ ਦੀ ਭੂਮਿਕਾ ਅਤੇ ਮਨੁੱਖੀ ਤਸਕਰੀ ਦੇ ਖ਼ਤਰੇ ਨੂੰ ਮੁੜ ਚਰਚਾ ਵਿੱਚ ਲਿਆ ਦਿੱਤਾ ਹੈ।

ਪੀੜਤ ਪਰਿਵਾਰਾਂ ਲਈ ਸਭ ਤੋਂ ਵੱਡੀ ਚਿੰਤਾ ਆਪਣੇ ਪੁੱਤਰਾਂ ਦੀ ਸੁਰੱਖਿਅਤ ਵਾਪਸੀ ਹੈ। ਇਸ ਦੇ ਨਾਲ ਹੀ ਇਹ ਸਵਾਲ ਵੀ ਖੜ੍ਹਾ ਹੈ ਕਿ ਵੱਖ-ਵੱਖ ਦੇਸ਼ਾਂ ਵਿੱਚ ਫੈਲੇ ਇਸ ਕਥਿਤ ਗਿਰੋਹ ਨੂੰ ਕੌਣ ਚਲਾ ਰਿਹਾ ਹੈ ਅਤੇ 'ਖਾਨ ਬਾਬਾ' ਦੀ ਅਸਲ ਪਛਾਣ ਕੀ ਹੈ?

ਫਿਲਹਾਲ ਪੁਲਿਸ ਦੀ ਜਾਂਚ ਜਾਰੀ ਹੈ ਅਤੇ ਇਨ੍ਹਾਂ ਸਵਾਲਾਂ ਦੇ ਜਵਾਬ ਸਾਹਮਣੇ ਆਉਣੇ ਬਾਕੀ ਹਨ।







ਦੇਸ਼ ਦੇ ਕਈ ਰਾਜਾਂ ਵਿੱਚ 2027 ਦੌਰਾਨ ਵਿਧਾਨ ਸਭਾ ਚੋਣਾਂ ਹੋਣੀਆਂ ਹਨ। ਇਨ੍ਹਾਂ ਵਿੱਚ ਪੰਜਾਬ, ਉੱਤਰ ਪ੍ਰਦੇਸ਼, ਗੁਜਰਾਤ, ਉੱਤਰਾਖੰਡ, ਹਿਮਾਚਲ ਪ੍ਰਦੇਸ਼, ਮਨੀਪੁਰ ਅਤੇ ਗੋਆ ਸ਼ਾਮਲ ਹਨ। ਹਰ ਰਾਜ ਦੀ ਸਿਆਸੀ ਸਥਿਤੀ ਵੱਖਰੀ ਹੈ ਅਤੇ ਹਰ ਥਾਂ ਚੋਣਾਂ ਦੇ ਮੁੱਦੇ ਵੀ ਵੱਖਰੇ ਹੋਣਗੇ।

ਇਨ੍ਹਾਂ ਚੋਣਾਂ ਦਾ ਮਹੱਤਵ ਸਿਰਫ਼ ਸੂਬਿਆਂ ਦੀਆਂ ਸਰਕਾਰਾਂ ਬਣਾਉਣ ਤੱਕ ਸੀਮਤ ਨਹੀਂ ਹੈ। ਸਿਆਸੀ ਪਾਰਟੀਆਂ ਇਨ੍ਹਾਂ ਨੂੰ 2029 ਦੀਆਂ ਲੋਕ ਸਭਾ ਚੋਣਾਂ ਦੀ ਤਿਆਰੀ ਵਜੋਂ ਵੀ ਦੇਖ ਰਹੀਆਂ ਹਨ।

ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਦਿੱਲੀ ਦੇ ਸ਼੍ਰੀ ਰਾਮ ਕਾਲਜ ਆਫ਼ ਕਾਮਰਸ ਦੇ ਸ਼ਤਾਬਦੀ ਸਮਾਗਮ ਵਿੱਚ ਸ਼ਾਮਲ ਹੋਣਾ ਵੀ ਇਸੇ ਸੰਦਰਭ ਵਿੱਚ ਦੇਖਿਆ ਜਾ ਰਿਹਾ ਹੈ। ਨੌਜਵਾਨ ਵੋਟਰਾਂ ਦੀ ਵਧਦੀ ਅਹਿਮੀਅਤ ਨੂੰ ਸਮਝਦਿਆਂ ਸਾਰੀਆਂ ਪਾਰਟੀਆਂ ਉਨ੍ਹਾਂ ਨਾਲ ਜੁੜਨ ਦੀ ਕੋਸ਼ਿਸ਼ ਕਰ ਰਹੀਆਂ ਹਨ। ਰਾਹੁਲ ਗਾਂਧੀ ਵੀ ਵਿਦਿਆਰਥੀਆਂ ਅਤੇ ਨੌਜਵਾਨਾਂ ਦੇ ਮੁੱਦੇ ਉਠਾ ਰਹੇ ਹਨ।

### ਪੰਜਾਬ ਵਿੱਚ ਪੰਜ ਧਿਰੀ ਮੁਕਾਬਲੇ ਦੀ ਸੰਭਾਵਨਾ

ਪੰਜਾਬ ਦੀਆਂ 2027 ਦੀਆਂ ਵਿਧਾਨ ਸਭਾ ਚੋਣਾਂ ਵਿੱਚ ਕਈ ਸਿਆਸੀ ਧਿਰਾਂ ਮੈਦਾਨ ਵਿੱਚ ਹੋ ਸਕਦੀਆਂ ਹਨ। ਆਮ ਆਦਮੀ ਪਾਰਟੀ, ਕਾਂਗਰਸ, ਸ਼੍ਰੋਮਣੀ ਅਕਾਲੀ ਦਲ, ਭਾਜਪਾ ਅਤੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਸਿਆਸੀ ਧਿਰ ਵਿਚਕਾਰ ਮੁਕਾਬਲੇ ਦੀ ਸੰਭਾਵਨਾ ਹੈ।

ਹਾਲਾਂਕਿ, ਚੋਣਾਂ ਤੋਂ ਪਹਿਲਾਂ ਪਾਰਟੀਆਂ ਦੇ ਗੱਠਜੋੜ ਅਤੇ ਉਮੀਦਵਾਰਾਂ ਦੀ ਚੋਣ ਨਾਲ ਇਹ ਸਮੀਕਰਨ ਬਦਲ ਸਕਦੇ ਹਨ।

ਪੰਜਾਬ ਵਿੱਚ ਇਸ ਵੇਲੇ ਆਮ ਆਦਮੀ ਪਾਰਟੀ ਦੀ ਸਰਕਾਰ ਹੈ। ਪਾਰਟੀ ਆਪਣੀਆਂ ਭਲਾਈ ਯੋਜਨਾਵਾਂ ਅਤੇ ਸਰਕਾਰੀ ਕੰਮਾਂ ਦੇ ਆਧਾਰ 'ਤੇ ਮੁੜ ਲੋਕਾਂ ਦਾ ਸਮਰਥਨ ਹਾਸਲ ਕਰਨ ਦੀ ਕੋਸ਼ਿਸ਼ ਕਰ ਰਹੀ ਹੈ। ਦੂਜੇ ਪਾਸੇ ਵਿਰੋਧੀ ਪਾਰਟੀਆਂ ਨਸ਼ਿਆਂ, ਬੇਰੁਜ਼ਗਾਰੀ ਅਤੇ ਸਰਕਾਰ ਦੀ ਕਾਰਗੁਜ਼ਾਰੀ ਨੂੰ ਚੋਣ ਮੁੱਦੇ ਬਣਾਉਣ ਦੀ ਕੋਸ਼ਿਸ਼ ਕਰ ਰਹੀਆਂ ਹਨ।

ਕਾਂਗਰਸ ਵੀ ਸੱਤਾ ਵਿੱਚ ਵਾਪਸੀ ਲਈ ਤਿਆਰੀ ਕਰ ਰਹੀ ਹੈ, ਪਰ ਪਾਰਟੀ ਦੇ ਅੰਦਰ ਵੱਖ-ਵੱਖ ਆਗੂਆਂ ਦੀਆਂ ਸਿਆਸੀ ਇੱਛਾਵਾਂ ਅਤੇ ਧੜੇਬੰਦੀ ਉਸ ਲਈ ਇੱਕ ਚੁਣੌਤੀ ਹਨ।

### ਕੀ ਭਾਜਪਾ ਅਤੇ ਅਕਾਲੀ ਦਲ ਮੁੜ ਇਕੱਠੇ ਹੋਣਗੇ?

ਪੰਜਾਬ ਦੀ ਸਿਆਸਤ ਵਿੱਚ ਇੱਕ ਅਹਿਮ ਸਵਾਲ ਇਹ ਹੈ ਕਿ ਕੀ ਭਾਜਪਾ ਅਤੇ ਸ਼੍ਰੋਮਣੀ ਅਕਾਲੀ ਦਲ ਮੁੜ ਗੱਠਜੋੜ ਕਰਨਗੇ?

ਦੋਵੇਂ ਪਾਰਟੀਆਂ ਲੰਮਾ ਸਮਾਂ ਇਕੱਠੀਆਂ ਰਹੀਆਂ ਹਨ, ਪਰ ਕਿਸਾਨ ਅੰਦੋਲਨ ਦੌਰਾਨ ਉਨ੍ਹਾਂ ਦਾ ਗੱਠਜੋੜ ਟੁੱਟ ਗਿਆ ਸੀ। ਹੁਣ ਸਿਆਸੀ ਹਲਕਿਆਂ ਵਿੱਚ ਮੁੜ ਗੱਠਜੋੜ ਦੀ ਚਰਚਾ ਹੈ।

ਸੁਖਬੀਰ ਸਿੰਘ ਬਾਦਲ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਮੁਲਾਕਾਤ ਨੂੰ ਵੀ ਇਸੇ ਨਜ਼ਰੀਏ ਨਾਲ ਦੇਖਿਆ ਜਾ ਰਿਹਾ ਹੈ। ਹਾਲਾਂਕਿ, ਮੁਲਾਕਾਤ ਨੂੰ ਗੱਠਜੋੜ ਬਾਰੇ ਕਿਸੇ ਅੰਤਿਮ ਫ਼ੈਸਲੇ ਦਾ ਸਬੂਤ ਨਹੀਂ ਮੰਨਿਆ ਜਾ ਸਕਦਾ। ਜੇਕਰ ਦੋਵੇਂ ਪਾਰਟੀਆਂ ਇਕੱਠੀਆਂ ਹੁੰਦੀਆਂ ਹਨ ਤਾਂ ਸੀਟਾਂ ਦੀ ਵੰਡ ਇੱਕ ਵੱਡਾ ਸਵਾਲ ਹੋਵੇਗੀ। ਭਾਜਪਾ ਪੰਜਾਬ ਵਿੱਚ ਆਪਣਾ ਸਿਆਸੀ ਆਧਾਰ ਵਧਾਉਣਾ ਚਾਹੁੰਦੀ ਹੈ, ਜਦਕਿ ਅਕਾਲੀ ਦਲ ਆਪਣੀ ਪੁਰਾਣੀ ਸਿਆਸੀ ਪਛਾਣ ਅਤੇ ਪ੍ਰਭਾਵ ਨੂੰ ਕਾਇਮ ਰੱਖਣਾ ਚਾਹੁੰਦਾ ਹੈ।

ਦੋਵਾਂ ਪਾਰਟੀਆਂ ਦੇ ਆਗੂਆਂ ਅਤੇ ਵਰਕਰਾਂ ਨੂੰ ਗੱਠਜੋੜ ਲਈ ਤਿਆਰ ਕਰਨਾ ਵੀ ਇੱਕ ਚੁਣੌਤੀ ਹੋ ਸਕਦਾ ਹੈ।

### ਨਸ਼ਿਆਂ ਦਾ ਮੁੱਦਾ ਬਣੇਗਾ ਚੋਣਾਂ ਦਾ ਕੇਂਦਰ?

ਪੰਜਾਬ ਵਿੱਚ ਨਸ਼ਿਆਂ ਦੀ ਸਮੱਸਿਆ ਲੰਮੇ ਸਮੇਂ ਤੋਂ ਇੱਕ ਵੱਡਾ ਸਮਾਜਿਕ ਅਤੇ ਸਿਆਸੀ ਮੁੱਦਾ ਰਹੀ ਹੈ।

ਭਾਜਪਾ ਨੇ ਸਤੰਬਰ ਵਿੱਚ ਨਸ਼ਿਆਂ ਵਿਰੁੱਧ ਯਾਤਰਾ ਸ਼ੁਰੂ ਕਰਨ ਦਾ ਐਲਾਨ ਕੀਤਾ ਹੈ। ਇਸ ਰਾਹੀਂ ਪਾਰਟੀ ਨਸ਼ਿਆਂ ਦੀ ਸਮੱਸਿਆ ਨੂੰ ਉਭਾਰਨ ਅਤੇ ਲੋਕਾਂ ਨਾਲ ਸੰਪਰਕ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਪਰ ਜੇਕਰ ਭਾਜਪਾ ਅਕਾਲੀ ਦਲ ਨਾਲ ਗੱਠਜੋੜ ਕਰਦੀ ਹੈ ਤਾਂ ਵਿਰੋਧੀ ਪਾਰਟੀਆਂ ਪਿਛਲੀ ਅਕਾਲੀ-ਭਾਜਪਾ ਸਰਕਾਰ ਦੇ ਕਾਰਜਕਾਲ ਦੌਰਾਨ ਨਸ਼ਿਆਂ ਨਾਲ ਜੁੜੇ ਵਿਵਾਦਾਂ ਨੂੰ ਮੁੜ ਉਠਾ ਸਕਦੀਆਂ ਹਨ।

ਇਸ ਲਈ ਨਸ਼ਿਆਂ ਦਾ ਮੁੱਦਾ ਭਾਜਪਾ ਅਤੇ ਅਕਾਲੀ ਦਲ ਦੋਵਾਂ ਲਈ ਚੋਣ ਪ੍ਰਚਾਰ ਦੌਰਾਨ ਮਹੱਤਵ ਰੱਖੇਗਾ।

### ਅੰਮ੍ਰਿਤਪਾਲ ਸਿੰਘ ਦੀ ਸਿਆਸੀ ਭੂਮਿਕਾ

ਪੰਜਾਬ ਦੀਆਂ ਆਉਣ ਵਾਲੀਆਂ ਚੋਣਾਂ ਵਿੱਚ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਸਿਆਸੀ ਧਿਰ ਦੀ ਭੂਮਿਕਾ ਵੀ ਚਰਚਾ ਦਾ ਵਿਸ਼ਾ ਹੈ।

ਅੰਮ੍ਰਿਤਪਾਲ ਸਿੰਘ 2023 ਤੋਂ ਹਿਰਾਸਤ ਵਿੱਚ ਹਨ। ਉਨ੍ਹਾਂ ਦੀ ਸਿਆਸੀ ਧਿਰ ਦੇ ਚੋਣ ਮੈਦਾਨ ਵਿੱਚ ਉਤਰਨ ਨਾਲ ਕੁਝ ਹਲਕਿਆਂ ਵਿੱਚ ਉਮੀਦਵਾਰਾਂ ਅਤੇ ਵੋਟਾਂ ਦੇ ਸਮੀਕਰਨ ਬਦਲ ਸਕਦੇ ਹਨ।

ਖ਼ਾਸ ਕਰਕੇ ਪੰਥਕ ਸਿਆਸਤ ਵਿੱਚ ਸ਼੍ਰੋਮਣੀ ਅਕਾਲੀ ਦਲ ਅਤੇ ਅੰਮ੍ਰਿਤਪਾਲ ਸਿੰਘ ਨਾਲ ਜੁੜੀ ਧਿਰ ਵਿਚਕਾਰ ਸਿਆਸੀ ਮੁਕਾਬਲਾ ਇੱਕ ਅਹਿਮ ਪਹਿਲੂ ਹੋ ਸਕਦਾ ਹੈ।

ਹਾਲਾਂਕਿ, ਇਸ ਦਾ ਅਸਲ ਪ੍ਰਭਾਵ ਉਮੀਦਵਾਰਾਂ, ਗੱਠਜੋੜਾਂ ਅਤੇ ਵੋਟਰਾਂ ਦੇ ਫ਼ੈਸਲਿਆਂ ਤੋਂ ਬਾਅਦ ਹੀ ਸਪੱਸ਼ਟ ਹੋਵੇਗਾ।

ਉੱਤਰ ਪ੍ਰਦੇਸ਼ ਦੀਆਂ ਚੋਣਾਂ ਦਾ ਕੌਮੀ ਮਹੱਤਵ

ਪੰਜਾਬ ਤੋਂ ਇਲਾਵਾ ਉੱਤਰ ਪ੍ਰਦੇਸ਼ ਦੀਆਂ ਚੋਣਾਂ ਵੀ ਕੌਮੀ ਸਿਆਸਤ ਲਈ ਅਹਿਮ ਹਨ। ਦੇਸ਼ ਦੀਆਂ 80 ਲੋਕ ਸਭਾ ਸੀਟਾਂ ਇਸੇ ਰਾਜ ਵਿੱਚ ਹਨ।

ਭਾਜਪਾ ਨੇ 2014 ਦੀਆਂ ਲੋਕ ਸਭਾ ਚੋਣਾਂ ਵਿੱਚ ਉੱਤਰ ਪ੍ਰਦੇਸ਼ ਤੋਂ 71 ਅਤੇ 2019 ਵਿੱਚ 62 ਸੀਟਾਂ ਜਿੱਤੀਆਂ ਸਨ। ਇਸੇ ਕਰਕੇ ਉੱਤਰ ਪ੍ਰਦੇਸ਼ ਦੀ ਸਿਆਸਤ ਦਾ ਕੌਮੀ ਪੱਧਰ 'ਤੇ ਵਿਸ਼ੇਸ਼ ਮਹੱਤਵ ਹੈ।

ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਲਈ ਵੀ 2027 ਦੀਆਂ ਚੋਣਾਂ ਮਹੱਤਵਪੂਰਨ ਹੋਣਗੀਆਂ। ਉਹ

**ਨਸ਼ਿਆਂ ਦਾ ਮੁੱਦਾ, ਕਾਂਗਰਸ ਦੀ ਧੜੇਬੰਦੀ ਅਤੇ ਅੰਮ੍ਰਿਤਪਾਲ ਸਿੰਘ ਦੀ ਸਿਆਸਤ ਬਦਲ ਸਕਦੀ ਹੈ ਚੋਣ ਸਮੀਕਰਨ**

ਲਗਾਤਾਰ ਤੀਜੀ ਵਾਰ ਸਰਕਾਰ ਬਣਾਉਣ ਲਈ ਚੋਣ ਮੈਦਾਨ ਵਿੱਚ ਹੋਣਗੇ।

ਕੌਮੀ ਸਿਆਸਤ ਵਿੱਚ ਉਨ੍ਹਾਂ ਦੀ ਭਵਿੱਖੀ ਭੂਮਿਕਾ ਬਾਰੇ ਵੀ ਚਰਚਾ ਹੁੰਦੀ ਰਹਿੰਦੀ ਹੈ।

### ਗੋਆ ਵਿੱਚ ਗੱਠਜੋੜਾਂ ਦੀ ਸਿਆਸਤ

ਗੋਆ ਵਿੱਚ ਭਾਜਪਾ 2012 ਤੋਂ ਸੱਤਾ ਵਿੱਚ ਹੈ। ਲੰਮੇ ਸਮੇਂ ਤੋਂ ਸਰਕਾਰ ਵਿੱਚ ਰਹਿਣ ਕਾਰਨ ਉਸ ਨੂੰ ਸੱਤਾ ਵਿਰੋਧੀ ਭਾਵਨਾਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

ਕਾਂਗਰਸ ਲਈ ਇੱਕ ਅਹਿਮ ਸਵਾਲ ਇਹ ਹੈ ਕਿ ਉਹ ਭਾਜਪਾ ਵਿਰੋਧੀ ਪਾਰਟੀਆਂ ਨਾਲ ਕਿਸ ਤਰ੍ਹਾਂ ਦਾ ਚੋਣ ਸਮਝੌਤਾ ਕਰਦੀ ਹੈ।

ਗੋਆ ਫਾਰਵਰਡ ਪਾਰਟੀ, ਆਮ ਆਦਮੀ ਪਾਰਟੀ ਅਤੇ ਰੈਵੋਲਿਊਸ਼ਨਰੀ ਗੋਆਨਜ਼ ਪਾਰਟੀ ਵਰਗੀਆਂ ਧਿਰਾਂ ਦੀ ਭੂਮਿਕਾ ਵੀ ਚੋਣ ਸਮੀਕਰਨਾਂ ਨੂੰ ਪ੍ਰਭਾਵਿਤ ਕਰ ਸਕਦੀ ਹੈ।

### 2027 ਦੀਆਂ ਚੋਣਾਂ ਤੋਂ 2029 ਦੀ ਤਿਆਰੀ

ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਵਿੱਚ ਹਰ ਰਾਜ ਦੇ ਆਪਣੇ ਮੁੱਦੇ ਹੋਣਗੇ। ਪੰਜਾਬ ਵਿੱਚ ਨਸ਼ੇ, ਰੁਜ਼ਗਾਰ, ਕਿਸਾਨੀ, ਸਰਕਾਰ ਦੀ ਕਾਰਗੁਜ਼ਾਰੀ ਅਤੇ ਸਿਆਸੀ ਗੱਠਜੋੜ ਚਰਚਾ ਵਿੱਚ ਰਹਿਣਗੇ। ਉੱਤਰ ਪ੍ਰਦੇਸ਼ ਵਿੱਚ ਸਰਕਾਰ ਦੀ ਕਾਰਗੁਜ਼ਾਰੀ ਅਤੇ ਵਿਰੋਧੀ ਪਾਰਟੀਆਂ ਦੀ ਰਣਨੀਤੀ ਮਹੱਤਵ ਰੱਖੇਗੀ।

ਇਨ੍ਹਾਂ ਚੋਣਾਂ ਦੇ ਨਤੀਜੇ ਸੂਬਿਆਂ ਦੀ ਸਿਆਸਤ ਦੇ ਨਾਲ-ਨਾਲ ਕੌਮੀ ਪਾਰਟੀਆਂ ਦੀਆਂ 2029 ਦੀਆਂ ਲੋਕ ਸਭਾ ਚੋਣਾਂ ਲਈ ਤਿਆਰੀਆਂ ਨੂੰ ਵੀ ਪ੍ਰਭਾਵਿਤ ਕਰਨਗੇ।

ਪੰਜਾਬ ਵਿੱਚ ਖ਼ਾਸ ਤੌਰ 'ਤੇ ਇਹ ਦੇਖਣਾ ਮਹੱਤਵਪੂਰਨ ਹੋਵੇਗਾ ਕਿ ਭਾਜਪਾ ਅਤੇ ਅਕਾਲੀ ਦਲ ਮੁੜ ਇਕੱਠੇ ਹੁੰਦੇ ਹਨ ਜਾਂ ਵੱਖ-ਵੱਖ ਚੋਣ ਲੜਦੇ ਹਨ। ਇਸੇ ਤਰ੍ਹਾਂ ਕਾਂਗਰਸ ਦੀ ਅੰਦਰੂਨੀ ਸਥਿਤੀ, ਆਮ ਆਦਮੀ ਪਾਰਟੀ ਦੀ ਸਰਕਾਰੀ ਕਾਰਗੁਜ਼ਾਰੀ ਅਤੇ ਨਵੀਆਂ ਸਿਆਸੀ ਧਿਰਾਂ ਦੀ ਭੂਮਿਕਾ ਵੀ ਚੋਣ ਮੁਕਾਬਲੇ ਦਾ ਰੂਪ ਤੈਅ ਕਰਨ ਵਿੱਚ ਅਹਿਮ ਹੋਵੇਗੀ।

ਨੋਟ: ਇਹ ਨੀਰਜਾ ਚੌਧਰੀ ਦੇ ਦਿੱਤੇ ਗਏ ਕਾਲਮ ਦਾ ਸਰਲ ਪੰਜਾਬੀ ਰੂਪ ਹੈ। ਇਸ ਵਿੱਚ ਦਰਜ ਸਿਆਸੀ ਸੰਭਾਵਨਾਵਾਂ ਲੇਖਕ ਦੇ ਵਿਸ਼ਲੇਸ਼ਣ 'ਤੇ ਆਧਾਰਿਤ ਹਨ, ਪੁਸ਼ਟੀਸ਼ੁਦਾ ਚੋਣ ਨਤੀਜੇ ਜਾਂ ਭਵਿੱਖਬਾਣੀਆਂ ਨਹੀਂ।

# ਜੰਮੂ-ਕਸ਼ਮੀਰ ਦੇ ਪੂਰਨ ਰਾਜ ਦਰਜੇ ਦੀ ਬਹਾਲੀ ਲਈ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਿਧਾਨ ਸਭਾ 'ਚ ਪੇਸ਼ ਕੀਤਾ ਮਤਾ

**ਕੌਮੀ ਪਤ੍ਰਿਕਾ**

ਸ਼ਰੀਨਗਰ 30 ਸਤੰਬਰ। ਮੁੱਖ ਮੰਤਰੀ ਉਮਰ ਅਬਦੁੱਲਾ ਨੇ ਵਿਧਾਨਸਭਾ ਵਿਚ ਇਕ ਮਤਾ ਪੇਸ਼ ਕੀਤਾ, ਜਿਸ ਵਿਚ ਜੰਮੂ-ਕਸ਼ਮੀਰ ਦੇ ਪੂਰਨ ਰਾਜ ਦਾ ਦਰਜਾ ਤੁਰੰਤ ਬਹਾਲ ਕਰਨ ਦੀ ਮੰਗ ਕੀਤੀ ਗਈ। ਇਸ ਮਤੇ ਦੇ ਪੇਸ਼ ਕਰਦੇ ਸਾਰ ਹੀ ਹੰਗਾਮਾ ਹੋਣਾ ਸ਼ੁਰੂ ਹੋ ਗਿਆ, ਕਿਉਂਕਿ ਇਸ ਵਿਚ ਜੂਸ 2000 ਵਿਚ ਤਤਕਾਲੀ ਜੰਮੂ-ਕਸ਼ਮੀਰ ਰਾਜ ਦੀ ਨੈਸ਼ਨਲ ਕਾਨਫਰੰਸ ਸਰਕਾਰ ਦੁਆਰਾ ਪਾਸ ਕੀਤੇ ਗਏ ਖੁਦਮੁਖਤਿਆਰੀ ਮਤੇ ਦਾ ਹਲਾਵਾ ਦਿੱਤਾ ਗਿਆ ਸੀ। ਪ੍ਰਸਤਾਵ ਵਿਚ ਕਿਹਾ ਗਿਆ ਕਿ 26 ਜੂਨ 2000 ਅਤੇ 6 ਨਵੰਬਰ 2024 ਨੂੰ ਸਦਨ ਦੁਆਰਾ ਪਾਸ ਕੀਤੇ ਗਏ ਮਤਿਆਂ ਤੋਂ ਇਲਾਵਾ ਸਦਨ ਭਾਰਤ ਸਰਕਾਰ ਦੁਆਰਾ ਜੰਮੂ-ਕਸ਼ਮੀਰ ਨੂੰ ਪੂਰਨ ਰਾਜ ਦਾ ਦਰਜਾ ਤੁਰੰਤ ਅਤੇ ਜਲਦੀ ਬਹਾਲ ਕਰਨ ਦੀ ਮੰਗ ਕਰਦਾ ਹੈ। ਨਾਲ ਹੀ ਇਸ ਮਤੇ ਨੂੰ ਭਾਰਤ ਸਰਕਾਰ ਨੂੰ ਭੇਜਣ ਦਾ ਸੰਕਲਪ ਲੈਂਦਾ ਹੈ। ਦਰਅਸਲ ਫਾਰੂਕ ਅਬਦੁੱਲਾ ਦੀ ਅਗਵਾਈ ਵਾਲੀ ਸਰਕਾਰ ਨੇ 26 ਜੂਨ, 2000 ਨੂੰ ਇਕ ਮਤਾ ਪਾਸ ਕੀਤਾ ਸੀ, ਜਿਸ ਵਿਚ 9 ਅਗਸਤ, 1953 ਤੋਂ ਪਹਿਲਾਂ ਮੌਜੂਦ ਪ੍ਰਣਾਲੀ ਦੇ ਅਨੁਸਾਰ ਵਧੇਰੇ ਖੁਦਮੁਖਤਿਆਰੀ ਦੀ ਬਹਾਲੀ ਦੀ ਮੰਗ ਕੀਤੀ ਗਈ ਸੀ। 6 ਨਵੰਬਰ, 2024 ਨੂੰ ਵਿਧਾਨ ਸਭਾ ਨੇ ਜੰਮੂ-ਕਸ਼ਮੀਰ ਦੇ ਵਿਸ਼ੇਸ਼ ਦਰਜੇ ਦੀ ਬਹਾਲੀ ਦੀ ਮੰਗ ਕਰਦੇ ਹੋਏ ਇਕ ਮਤਾ ਪਾਸ ਕੀਤਾ। ਇਸ ਦੌਰਾਨ ਜਦੋਂ ਮੁੱਖ ਮੰਤਰੀ ਨੇ ਸਦਨ ਵਿਚ ਮਤਾ ਪੇਸ਼ ਕੀਤਾ ਤਾਂ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਮੇਜ਼ ਥਪਥਪਾਉਂਦੇ ਹੋਏ ਇਸ ਦਾ ਸਵਾਗਤ ਕੀਤਾ। ਹਾਲਾਂਕਿ ਸਾਲ 2000 ਦੇ ਖੁਦਮੁਖਤਿਆਰੀ ਮਤੇ ਦੇ ਹਵਾਲੇ ਨੂੰ ਲੈ ਕੇ ਭਾਜਪਾ ਮੈਂਬਰਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤੀ ਸੀ। ਉਨ੍ਹਾਂ ਕਿਹਾ ਕਿ ਉਹ ਸਦਨ ਵਿਚ ਖੁਦਮੁਖਤਿਆਰੀ ਦੇ ਮੁੱਦੇ 'ਤੇ ਚਰਚਾ ਨਹੀਂ ਹੋਣ ਦੇਣਗੇ। ਭਾਜਪਾ ਵਿਧਾਇਕ ਸਪੀਕਰ ਦੇ ਪੋਡੀਅਮ ਨੇੜੇ ਚਲੇ ਗਏ ਅਤੇ ਮਤੇ ਦੀਆਂ ਕਾਪੀਆਂ ਪਾੜ ਦਿੱਤੀਆਂ। ਭਾਜਪਾ ਵਿਧਾਇਕ ਆਰ.ਐਸ. ਪਠਾਨੀਆ ਨੇ ਕਿਹਾ, ਅਸੀਂ ਸਦਨ ਵਿੱਚ ਖੁਦਮੁਖਤਿਆਰੀ ਦੇ ਮੁੱਦੇ 'ਤੇ ਚਰਚਾ ਨਹੀਂ ਹੋਣ ਦੇਵਾਂਗੇ। ਹੰਗਾਮੇ ਦੌਰਾਨ ਕਈ ਵਿਧਾਇਕਾਂ ਵਿਚਕਾਰ ਗਰਮਾ-ਗਰਮ ਬਹਿਸ ਹੋਈ ਅਤੇ ਸਦਨ ਵਿੱਚ ਹਫੜਾ-ਦਫੜੀ ਦਾ ਮਾਹੌਲ ਬਣ ਗਿਆ।



## ਆਜ਼ਮਗੜ੍ਹ 'ਚ ਪਤਨੀ, ਬੱਚੇ ਅਤੇ 2 ਪੁਜਾਰੀਆਂ ਦੇ ਕਤਲ ਦਾ ਮੁਲਜ਼ਮ ਪੁਲਸ ਮੁਕਾਬਲੇ 'ਚ ਢੇਰ

ਨੈਸ਼ਨਲ ਡੈਸਕ 30 ਸਤੰਬਰ। ਉੱਤਰ ਪ੍ਰਦੇਸ਼ ਦੇ ਆਜ਼ਮਗੜ੍ਹ ਜ਼ਿਲ੍ਹੇ ਦੇ ਅਹਰੌਲਾ ਥਾਣਾ ਖੇਤਰ ਵਿਚ ਪਤਨੀ ਅਤੇ 2 ਪੁਜਾਰੀਆਂ ਦੇ ਕਤਲ ਦੇ ਮੁਲਜ਼ਮ ਅਰਵਿੰਦ ਕੁਮਾਰ ਦੀ ਪੁਲਸ ਮੁਕਾਬਲੇ ਵਿਚ ਮੌਤ ਹੋ ਗਈ। ਘਟਨਾ ਵਿਚ ਉਸ ਦੇ 9 ਸਾਲਾ ਪੁੱਤਰ ਸ਼ੌਰਿਆ ਦੀ ਵੀ ਗੋਲੀ ਲੱਗਣ ਨਾਲ ਮੌਤ ਹੋ ਗਈ। ਇਕ ਹੀ ਪਿੰਡ ਵਿਚ 5 ਮੌਤਾਂ ਨਾਲ ਇਲਾਕੇ ਵਿਚ ਦਹਿਸ਼ਤ ਫੈਲ ਗਈ। ਪੁਲਸ ਮੁਤਾਬਕ, ਸ਼ੰਭੂਪੁਰ ਗਹਿਜੀ ਪਿੰਡ ਨਿਵਾਸੀ ਅਰਵਿੰਦ ਨੇ ਮੰਗਲਵਾਰ ਨੂੰ ਆਪਣੀ ਪਤਨੀ ਬਬੀਤਾ ਸਿੰਘ ਅਤੇ ਧਾਰਮਿਕ ਪ੍ਰੋਗਰਾਮ ਵਿਚ ਸ਼ਾਮਲ ਪੁਜਾਰੀਆਂ ਅਖਿਲੇਸ਼ ਮਿਸ਼ਰਾ ਅਤੇ ਮਹਿੰਦਰ ਪਾਠਕ ਨੂੰ ਗੋਲੀ ਮਾਰ ਦਿੱਤੀ। ਇਸ ਤੋਂ ਬਾਅਦ ਉਹ ਆਪਣੇ 3 ਬੱਚਿਆਂ ਅਤੇ ਲਾਇਸੈਂਸੀ ਹਥਿਆਰ ਨਾਲ ਕਮਰੇ ਵਿਚ ਬੰਦ ਹੋ ਗਿਆ। ਪੁਲਸ ਅਤੇ ਪਰਿਵਾਰ ਵਾਲਿਆਂ ਨੇ ਉਸ ਨੂੰ ਆਤਮਸਮਰਪਣ ਲਈ ਕਾਫ਼ੀ ਦੇਰ ਤੱਕ ਸਮਝਾਇਆ, ਪਰ ਉਹ ਬਾਹਰ ਨਹੀਂ ਆਇਆ। ਵਾਰਾਨਸੀ ਦੇ ਏ. ਡੀ. ਜੀ. ਨਵੀਨ ਅਰੋੜਾ ਅਨੁਸਾਰ ਕਮਰੇ ਵਿਚੋਂ ਗੋਲੀ ਚੱਲਣ ਦੀ ਆਵਾਜ਼ ਆਉਣ ਤੋਂ ਬਾਅਦ ਪੁਲਸ ਨੇ ਸਟਨ ਅਤੇ ਟਿਅਰ ਗੈਸ ਗ੍ਰੇਨੇਡ ਦੀ ਵਰਤੋਂ ਕਰ ਕੇ ਦਰਵਾਜ਼ਾ ਤੋੜਿਆ। ਅੰਦਰ ਦਾਖਲ ਹੁੰਦੇ ਹੀ ਅਰਵਿੰਦ ਨੇ ਪੁਲਸ ਟੀਮ 'ਤੇ 5 ਗੋਲੀਆਂ ਚਲਾਈਆਂ। ਜਵਾਬੀ ਕਾਰਵਾਈ ਵਿਚ ਗੋਲੀ ਲੱਗਣ ਨਾਲ ਉਹ ਜ਼ਖਮੀ ਹੋ ਗਿਆ ਅਤੇ ਹਸਪਤਾਲ ਵਿਚ ਉਸ ਦੀ ਮੌਤ ਹੋ ਗਈ। ਉੱਥੇ ਹੀ, ਗੰਭੀਰ ਰੂਪ ਵਿਚ ਜ਼ਖਮੀ ਸ਼ੌਰਿਆ ਨੇ ਵੀ ਇਲਾਜ ਦੌਰਾਨ ਦਮ ਤੋੜ ਦਿੱਤਾ। ਪੁਲਸ ਨੇ ਮੁਲਜ਼ਮ ਦੀ 10 ਸਾਲਾ ਧੀ ਪਰੀ ਅਤੇ 6 ਮਹੀਨੇ ਦੀ ਬੱਚੀ ਨੂੰ ਸੁਰੱਖਿਅਤ ਬਾਹਰ ਕੱਢ ਲਿਆ। ਮਾਮਲੇ ਵਿਚ ਅੱਗੇ ਦੀ ਕਾਰਵਾਈ ਕੀਤੀ ਜਾ ਰਹੀ ਹੈ।

## ਕੇਨਰਾ ਬੈਂਕ 'ਚੋਂ 43 ਲੱਖ ਤੋਂ ਵੱਧ ਦੀ ਨਕਦੀ ਤੇ ਸੋਨਾ ਲੁੱਟਿਆ

ਰਾਂਚੀ 30 ਸਤੰਬਰ। ਝਾਰਖੰਡ ਦੇ ਪੂਰਬੀ ਸਿੰਘਭੂਮ ਜ਼ਿਲੇ ਦੇ ਗੋਲਮੁਰੀ ਸਥਿਤ ਕੇਨਰਾ ਬੈਂਕ ਵਿਚ ਵੀਰਵਾਰ ਸਵੇਰੇ ਹਥਿਆਰਬੰਦ ਅਪਰਾਧੀਆਂ ਨੇ ਚਿੱਟੇ ਦਿਨ ਵੱਡੀ ਲੁੱਟ ਦੀ ਵਾਰਦਾਤ ਨੂੰ ਅੰਜ਼ਾਮ ਦਿੱਤਾ। ਲੱਗਭਗ 5 ਦੀ ਗਿਣਤੀ ਵਿਚ ਰੇਨਕੋਟ ਪਾਏ ਅਪਰਾਧੀਆਂ ਨੇ ਬੈਂਕ ਵਿਚ ਦਾਖ਼ਲ ਹੋ ਕੇ ਕਰਮਚਾਰੀਆਂ ਅਤੇ ਗਾਹਕਾਂ ਨੂੰ ਹਥਿਆਰਾਂ ਦੇ ਜ਼ੋਰ 'ਤੇ ਬੰਧਕ ਬਣਾ ਲਿਆ। ਇਸ ਤੋਂ ਬਾਅਦ ਬੈਂਕ ਦੇ ਚੈਸਟ 'ਚੋਂ 43 ਲੱਖ ਰੁਪਏ ਤੋਂ ਵੱਧ ਨਕਦ ਅਤੇ ਲਾਕਰ ਵਿਚ ਰੱਖੋ ਵੱਡੀ ਮਾਤਰਾ ਵਿਚ ਸੋਨੇ ਦੇ ਗਹਿਣੇ ਲੁੱਟ ਕੇ 2 ਬਾਈਕਾਂ 'ਤੇ ਫ਼ਰਾਰ ਹੋ ਗਏ। ਘਟਨਾ ਸਵੇਰੇ ਲੱਗਭਗ 10 ਵਜੇ ਦੀ ਦੱਸੀ ਜਾ ਰਹੀ ਹੈ। ਉਸ ਸਮੇਂ ਬੈਂਕ ਖੁੱਲ੍ਹ ਚੁੱਕਾ ਸੀ ਅਤੇ ਅੰਦਰ ਸਫ਼ਾਈ ਦਾ ਕੰਮ ਚੱਲ ਰਿਹਾ ਸੀ। ਇਸੇ ਦੌਰਾਨ ਅਪਰਾਧੀ ਬੈਂਕ ਵਿਚ ਦਾਖ਼ਲ ਹੋਏ ਅਤੇ ਹਥਿਆਰ ਦਿਖਾ ਕੇ ਕਰਮਚਾਰੀਆਂ ਤੇ ਗਾਹਕਾਂ ਨੂੰ ਆਪਣੇ ਕਬਜ਼ੇ ਵਿਚ ਲੈ ਲਿਆ। ਬੈਂਕ ਗਾਰਡ ਸੰਤੋਸ਼ ਕੁਮਾਰ ਨੇ ਅਪਰਾਧੀਆਂ ਦਾ ਵਿਰੋਧ ਕਰਨ ਦੀ ਕੋਸ਼ਿਸ਼ ਕੀਤੀ, ਤਾਂ ਬਦਮਾਸ਼ਾਂ ਨੇ ਬੰਦੂਕ ਦਾ ਬੱਟ ਮਾਰ ਕੇ ਉਸ ਨੂੰ ਜ਼ਖ਼ਮੀ ਕਰ ਦਿੱਤਾ। ਗਾਰਡ ਅਨੁਸਾਰ ਮੀਂਹ ਕਾਰਨ ਸਾਰੇ ਅਪਰਾਧੀ ਰੇਨਕੋਟ ਪਾ ਕੇ ਬੈਂਕ ਵਿਚ ਆਏ ਸਨ। ਇਸ ਨਾਲ ਉਨ੍ਹਾਂ ਦੇ ਚਿਹਰੇ ਕਾਫ਼ੀ ਹੱਦ ਤੱਕ ਢੱਕੇ ਹੋਏ ਸਨ। ਬੈਂਕ ਵਿਚ ਵੜਨ ਤੋਂ ਬਾਅਦ ਅਪਰਾਧੀ ਸਿੱਧੇ ਮੈਨੇਜਰ ਅਜੀਤ ਕੁਮਾਰ ਦੇ ਚੈਂਬਰ ਵਿਚ ਪਹੁੰਚੇ ਅਤੇ ਉਨ੍ਹਾਂ ਨੂੰ ਗੰਨ ਪੁਆਇੰਟ 'ਤੇ ਲੈ ਕੇ ਚੈਸਟ ਖੁੱਲ੍ਹਵਾਈ।

## ਤੇਜ਼ ਰਫਤਾਰ ਬਣੀ 'ਕਾਲ' ! 2 ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਟੱਕਰ 'ਚ 3 ਲੋਕਾਂ ਦੀ ਮੌਤ

ਨੈਸ਼ਨਲ ਡੈਸਕ 30 ਸਤੰਬਰ। ਹਰਿਆਣਾ ਦੇ ਹਾਂਸੀ ਜ਼ਿਲ੍ਹੇ 'ਚ ਬਰਵਾਲਾ-ਜੀਂਦ ਸੜਕ 'ਤੇ ਮਿਰਚਪੁਰ ਪਿੰਡ ਨੇੜੇ ਦੋ ਮੋਟਰਸਾਈਕਲਾਂ ਦੀ ਆਹਮੋ-ਸਾਹਮਣੇ ਟੱਕਰ 'ਚ ਤਿੰਨ ਲੋਕਾਂ ਦੀ ਮੌਤ ਹੋ ਗਈ। ਜਾਣਕਾਰੀ ਦਿੰਦਿਆਂ ਪੁਲਸ ਨੇ ਦੱਸਿਆ ਕਿ ਇਹ ਹਾਦਸਾ ਬੁੱਧਵਾਰ ਦੇਰ ਸ਼ਾਮ ਨਾਰਨੌਂਦ ਥਾਣਾ ਖੇਤਰ 'ਚ ਵਾਪਰਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ ਮਿਰਚਪੁਰ ਪੁਲਸ ਸਟੇਸ਼ਨ ਦੀ ਇੱਕ ਟੀਮ ਮੌਕੇ 'ਤੇ ਪਹੁੰਚੀ। ਪੁਲਸ ਅਨੁਸਾਰ ਖੇੜੀ ਜਲਾਬ ਦੇ ਰਹਿਣ ਵਾਲੇ ਕਪਿਲ (33) ਤੇ ਖੇੜੀ ਲੋਹਛਾਬ ਦੇ ਰਹਿਣ ਵਾਲੇ ਮੋਹਿਤ (33) ਬੁੱਧਵਾਰ ਨੂੰ ਕਿਸੇ ਕੰਮ ਲਈ ਜੀਂਦ ਗਏ ਸਨ।

# ਸਕੂਲਾਂ ਦੇ ਆਲੇ-ਦੁਆਲੇ ਜੰਕ ਫੂਡ 'ਤੇ ਲੱਗੇਗੀ ਰੋਕ ! ਕੇਂਦਰ ਸਰਕਾਰ ਕਰ ਰਹੀ ਤਿਆਰੀ

ਨੈਸ਼ਨਲ ਡੈਸਕ 30 ਸਤੰਬਰ। ਬੱਚਿਆਂ ਦੀ ਸਿਹਤ ਨੂੰ ਲੈ ਕੇ ਕੇਂਦਰ ਸਰਕਾਰ ਹੁਣ ਸਕੂਲਾਂ ਦੇ ਆਲੇ-ਦੁਆਲੇ ਉਪਲਬਧ ਖਾਣ-ਪੀਣ ਦੀਆਂ ਚੀਜ਼ਾਂ ਦੀ ਨਿਗਰਾਨੀ ਵਧਾਉਣ ਦੀ ਤਿਆਰੀ ਕਰ ਰਹੀ ਹੈ। ਸਕੂਲਾਂ ਦੇ 50 ਮੀਟਰ ਦੇ ਦਾਇਰੇ 'ਚ ਹਾਈ ਫੈਟ, ਸ਼ੂਗਰ ਅਤੇ ਪੈਕੇਜ਼ਡ ਸਨੈਕਸ ਦੀ ਵਿਕਰੀ ਅਤੇ ਵਿਗਿਆਪਨਾਂ 'ਤੇ ਪੂਰੀ ਤਰ੍ਹਾਂ ਰੋਕ ਲਗਾਈ ਜਾਵੇਗੀ। ਫੂਡ ਸੇਫਟੀ ਐਂਡ ਸਟੈਂਡਰਡ ਅਥਾਰਟੀ ਆਫ ਇੰਡੀਆ ਨੇ ਸਕੂਲ ਕੰਪਲੈਕਸ ਦੇ 50 ਮੀਟਰ ਦੇ ਘੇਰੇ 'ਚ ਚਰਬੀ, ਨਮਕ ਅਤੇ ਖੰਡ ਵਾਲੇ ਭੋਜਨਾਂ ਦੀ ਵਿਕਰੀ ਅਤੇ ਇਸ਼ਤਿਹਾਰਬਾਜ਼ੀ ਨੂੰ ਨਿਯਮਿਤ ਕਰਨ ਦਾ ਪ੍ਰਸਤਾਵ ਰੱਖਿਆ ਹੈ। ਇਸ ਦਾ ਮਤਲਬ ਹੈ ਕਿ ਚਿਪਸ, ਮਠਿਆਈਆਂ, ਕੋਲਡ ਡਰਿੰਕਸ ਅਤੇ ਮਿੱਠੇ ਬਿਸਕੁਟ ਤੋਂ ਲੈ ਕੇ ਸਮੋਸਾ, ਪੀਜ਼ਾ ਅਤੇ ਬਰਗਰ ਵਰਗੇ ਭੋਜਨ ਵੀ ਪ੍ਰਸਤਾਵਿਤ ਨਿਯਮਾਂ ਦੇ ਅਧੀਨ ਆ ਸਕਦੇ ਹਨ। ਹਾਲਾਂਕਿ, ਇਸ ਨੂੰ ਅਜੇ ਅੰਤਿਮ ਨਿਯਮ ਨਹੀਂ ਮੰਨਿਆ ਜਾ ਸਕਦਾ। FSSAI ਦਾ 2026 ਲਈ ਸੋਧ ਫਿਲਹਾਲ ਡਰਾਫਟ ਪੜਾਅ 'ਚ ਹੈ। ਇਸ ਦੇ ਲਾਗੂ ਕਰਨ ਲਈ ਅਜੇ ਤੱਕ ਕੋਈ ਖਾਸ ਤਾਰੀਖ ਦਾ ਐਲਾਨ ਨਹੀਂ ਕੀਤਾ ਗਿਆ ਹੈ। ਜੇਕਰ ਲਾਗੂ ਕੀਤਾ ਜਾਂਦਾ ਹੈ, ਤਾਂ ਇਹ ਪ੍ਰਸਤਾਵ ਦੇਸ਼ ਭਰ ਦੇ ਲਗਭਗ 1.5 ਮਿਲੀਅਨ ਸਕੂਲਾਂ ਦੇ ਨੇੜੇ ਸਥਿਤ ਛੋਟੀਆਂ ਦੁਕਾਨਾਂ, ਰੈਸਟੋਰੈਂਟਾਂ ਅਤੇ ਫੂਡ ਸਟਾਲਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ। ਵੱਡੀਆਂ ਅਤੇ ਪ੍ਰਸਿੱਧ ਫੂਡ ਕੰਪਨੀਆਂ ਦੇ ਉਤਪਾਦ ਵੀ ਪ੍ਰਭਾਵਿਤ ਹੋ ਸਕਦੇ ਹਨ। ਇਸ ਪ੍ਰਸਤਾਵ ਦੇ ਪਿੱਛੇ ਬੱਚਿਆਂ 'ਚ ਵਧਦੀ ਮੋਟਾਪੇ ਦੀ ਸਮੱਸਿਆ ਨੂੰ ਇਕ ਵੱਡਾ ਕਾਰਨ ਮੰਨਿਆ ਜਾ ਰਿਹਾ ਹੈ। ਵਰਲਡ ਓਬੇਸਿਟੀ ਫੈਡਰੇਸ਼ਨ ਦੇ ਅੰਕੜਿਆਂ ਅਨੁਸਾਰ, 2015 'ਚ ਭਾਰਤ 'ਚ 5 ਤੋਂ 19 ਸਾਲ ਦੀ ਉਮਰ ਦੇ ਜ਼ਿਆਦਾ ਭਾਰ ਵਾਲੇ ਜਾਂ ਮੋਟੇ ਬੱਚਿਆਂ ਦੀ ਗਿਣਤੀ 2.8 ਕਰੋੜ ਸੀ। ਇਹ ਅੰਕੜਾ 2025 ਤੱਕ ਵਧ ਕੇ 4.1 ਕਰੋੜ ਹੋ ਗਿਆ। ਅੰਦਾਜ਼ਾ ਲਗਾਇਆ ਗਿਆ ਹੈ ਕਿ 2040 ਤੱਕ ਅਜਿਹੇ ਬੱਚਿਆਂ ਦੀ ਗਿਣਤੀ 5.6 ਕਰੋੜ ਤੱਕ ਪਹੁੰਚ ਸਕਦੀ ਹੈ। FSSAI ਦੇ ਮੁੱਖ ਕਾਰਜਕਾਰੀ ਅਧਿਕਾਰੀ ਰਜਿਤ ਪੁੰਹਾਨੀ ਦੇ ਅਨੁਸਾਰ, ਇਸ ਕਦਮ ਦਾ ਉਦੇਸ਼ ਕਿਸੇ ਖਾਸ ਕੰਪਨੀ ਨੂੰ ਬੰਦ ਕਰਨਾ ਨਹੀਂ ਹੈ; ਇਸ ਦਾ ਉਦੇਸ਼ ਛੋਟੀ ਉਮਰ ਤੋਂ ਹੀ ਬੱਚਿਆਂ 'ਚ ਬਿਹਤਰ ਅਤੇ ਸਿਹਤਮੰਦ ਖਾਣ-ਪੀਣ ਦੀਆਂ ਆਦਤਾਂ ਪੈਦਾ ਕਰਨਾ ਹੈ। ਉਨ੍ਹਾਂ ਕਿਹਾ ਕਿ ਦੁਕਾਨਦਾਰ ਸਕੂਲਾਂ ਦੇ ਨੇੜੇ HFSS ਸ਼੍ਰੇਣੀ ਦੇ ਅਧੀਨ ਨਾ ਆਉਣ ਵਾਲੇ ਭੋਜਨ ਵੇਚ ਸਕਣਗੇ।



# ਪੜ੍ਹਾਈ ਦਾ ਤਣਾਅ, ਜੰਕ ਫੂਡ ਤੇ ਮੋਬਾਈਲ ਵਧਾ ਰਹੇ ਨੇ ਨਾਬਾਲਗ ਕੁੜੀਆਂ 'ਚ ਹਾਰਮੋਨ ਅਸੰਤੁਲਨ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਸਤੰਬਰ। ਮੋਬਾਈਲ ਸਕ੍ਰੀਨ 'ਤੇ ਦੇਰ ਤੱਕ ਸਰਗਰਮ ਰਹਿਣਾ, ਪੜ੍ਹਾਈ ਦਾ ਵਧਦਾ ਤਣਾਅ, ਪੂਰੀ ਨੀਂਦ ਨਾ ਲੈਣਾ, ਜੰਕ ਫੂਡ ਦੀ ਬਹੁਤੀ ਵਰਤੋਂ ਅਤੇ ਮੋਟਾਪਾ ਛੋਟੀ ਉਮਰ ਦੀਆਂ ਕੁੜੀਆਂ ਦੀ ਸਿਹਤ 'ਤੇ ਭਾਰੂ ਪੈ ਰਿਹਾ ਹੈ। ਇਨ੍ਹਾਂ ਕਾਰਨਾਂ ਕਰ ਕੇ ਹਾਰਮੋਨਾਂ ਵਿਚ ਅਸੰਤੁਲਨ ਵਧ ਰਿਹਾ ਹੈ ਅਤੇ ਪੋਲੀਸਿਸਟਿਕ ਓਵਰੀਅਨ ਸਿੰਡਰੋਮ (ਪੀ. ਸੀ. ਓ. ਐੱਸ.) ਦਾ ਖ਼ਤਰਾ ਵੀ ਵਧ ਰਿਹਾ ਹੈ। ਏਮਜ਼ ਦੇ ਮਾਹਰਾਂ ਅਨੁਸਾਰ ਦਿੱਲੀ ਵਿਚ 19 ਸਾਲ ਤੋਂ ਘੱਟ ਉਮਰ ਦੀਆਂ ਕਰੀਬ 5 ਤੋਂ 8 ਫ਼ੀਸਦੀ ਕੁੜੀਆਂ ਪੀ. ਸੀ. ਓ. ਐੱਸ. ਤੋਂ ਪੀੜਤ ਹਨ। ਸਮਾਂ ਰਹਿੰਦਿਆਂ ਧਿਆਨ ਨਾ ਦਿੱਤਾ ਗਿਆ ਤਾਂ ਅੱਗੇ ਚੱਲ ਕੇ ਬਾਂਝਪਨ ਦੇ ਨਾਲ-ਨਾਲ ਹਾਈਪਰਟੈਨਸ਼ਨ, ਕੋਲੇਸਟ?ਰੋਲ, ਸ਼ੂਗਰ ਅਤੇ ਦਿਲ ਦੇ ਰੋਗਾਂ ਦਾ ਖ਼ਤਰਾ ਵਧ ਸਕਦਾ ਹੈ। ਪੀਡੀਆਟ੍ਰਿਕ ਐਂਡੋਕ੍ਰਿਨੋਲੋਜੀ ਮਾਹਰ ਡਾ. ਰਜਨੀ ਸ਼ਰਮਾ ਦੇ ਹਵਾਲੇ ਨਾਲ ਇਕ ਰਿਪੋਰਟ ਵਿਚ ਦੱਸਿਆ ਗਿਆ ਹੈ ਕਿ ਆਮ ਤੌਰ 'ਤੇ ਪੀ. ਸੀ. ਓ. ਐੱਸ. ਦੇ ਲੱਛਣ ਅੱਲੜ੍ਹ ਉਮਰ ਦੀ ਅਵਸਥਾ ਵਿਚ ਹੀ ਸ਼ੁਰੂ ਹੋ ਜਾਂਦੇ ਹਨ। ਇਕ ਗੈਰ-ਸਰਕਾਰੀ ਸੰਸਥਾ ਦੇ ਸਹਿਯੋਗ ਨਾਲ ਦਿੱਲੀ ਦੇ 6-7 ਸਕੂਲਾਂ ਦੀਆਂ ਕਰੀਬ 4000 ਕੁੜੀਆਂ 'ਤੇ ਪਿਛਲੇ ਤਿੰਨ ਸਾਲਾਂ ਤੋਂ ਅਧਿਐਨ ਕੀਤਾ ਜਾ ਰਹਾ ਹੈ। ਇਸ ਦੀ ਫਾਈਨਲ ਰਿਪੋਰਟ ਦਸੰਬਰ ਵਿਚ ਆਉਣ ਦੀ ਉਮੀਦ ਹੈ। ਹੁਣ ਤੱਕ ਦੀ ਜਾਂਚ ਵਿਚ ਕਰੀਬ 20 ਫ਼ੀਸਦੀ ਕੁੜੀਆਂ ਵਿਚ ਅਨਿਯਮਿਤ ਮਾਹਵਾਰੀ ਦੀ ਸਮੱਸਿਆ ਮਿਲੀ ਹੈ, ਹਾਲਾਂਕਿ ਹਰ ਕੁੜੀ ਵਿਚ ਅਨਿਯਮਿਤ ਮਾਹਵਾਰੀ ਦਾ ਮਤਲਬ ਪੀ. ਸੀ. ਓ. ਐੱਸ. ਨਹੀਂ ਹੈ। ਅਧਿਐਨ ਵਿਚ 5 ਤੋਂ 8 ਫ਼ੀਸਦੀ ਕੁੜੀਆਂ ਵਿਚ ਪੀ. ਸੀ. ਓ. ਐੱਸ. ਪਾਇਆ ਗਿਆ ਹੈ। ਪ੍ਰੋਫ਼ੈਸਰ ਡਾ. ਵੰਦਨਾ ਜੈਨ ਨੇ ਦੱਸਿਆ ਕਿ ਜਨਮ ਦੇ ਸਮੇਂ ਵਜ਼ਨ ਆਮ ਨਾਲੋਂ ਘੱਟ ਹੋਣਾ ਅਤੇ ਬਾਅਦ ਵਿਚ ਤੇਜ਼ੀ ਨਾਲ ਵਜ਼ਨ ਵਧਣਾ ਵੀ ਪੀ. ਸੀ. ਓ. ਐੱਸ. ਦੇ ਖ਼ਤਰੇ ਨੂੰ ਵਧਾ ਸਕਦਾ ਹੈ। ਮਾਹਰਾਂ ਅਨੁਸਾਰ ਦੇਰ ਤੱਕ ਸਕ੍ਰੀਨ 'ਤੇ ਸਰਗਰਮ ਰਹਿਣ, ਜੰਕ ਫੂਡ ਖਾਣ ਅਤੇ ਸਰੀਰਕ ਗਤੀਵਿਧੀਆਂ ਘੱਟ ਹੋਣ ਨਾਲ ਮੋਟਾਪਾ ਵਧ ਰਿਹਾ ਹੈ, ਜਿਸ ਦਾ ਸਿੱਧਾ ਅਸਰ ਹਾਰਮੋਨਲ ਸੰਤੁਲਨ 'ਤੇ ਪੈਂਦਾ ਹੈ। ਏਮਜ਼ ਦੇ ਐਨਾਟੋਮੀ ਵਿਭਾਗ ਦੀ ਪ੍ਰੋਫ਼ੈਸਰ ਡਾ. ਰੀਮਾ ਦਾਦਾ ਨੇ ਦੱਸਿਆ ਕਿ ਏਮਜ਼ ਵਿਚ ਹੋਈ ਖੋਜ ਵਿਚ ਸੂਰਜ ਨਮਸਕਾਰ ਸਮੇਤ ਯੋਗਾਸਨਾਂ ਨਾਲ ਤਣਾਅ ਘੱਟ ਹੋਣ ਦੇ ਸੰਕੇਤ ਮਿਲੇ ਹਨ। ਮਾਹਰਾਂ ਅਨੁਸਾਰ ਪੀ. ਸੀ. ਓ. ਐੱਸ. ਤੋਂ ਬਚਾਅ ਅਤੇ ਸ਼ੁਰੂਆਤੀ ਪੱਧਰ 'ਤੇ ਇਸ ਦੇ ਕੰਟਰੋਲ ਲਈ ਕੁੜੀਆਂ ਨੂੰ ਰੋਜ਼ਾਨਾ ਕਰੀਬ ਇਕ ਘੰਟਾ ਖੇਡਣਾ ਜਾਂ ਕਸਰਤ ਕਰਨੀ ਚਾਹੀਦੀ ਹੈ। ਅਨਿਯਮਿਤ ਮਾਹਵਾਰੀ ਅਤੇ ਐਂਡਰੋਜਨ ਹਾਰਮੋਨ ਵਧਣ ਕਰ ਕੇ ਚਿਹਰੇ 'ਤੇ ਵਾਲ ਆਉਣਾ ਸ਼ੁਰੂਆਤੀ ਸੰਕੇਤ ਹੋ ਸਕਦੇ ਹਨ। ਮਾਹਰਾਂ ਅਨੁਸਾਰ ਛੋਟੀ ਉਮਰੇ ਇਕ ਸਾਲ ਵਿਚ ਅਨਿਯਮਿਤ ਮਾਹਵਾਰੀ ਨੂੰ ਇਕੱਲੇ ਪੀ. ਸੀ. ਓ. ਐੱਸ. ਦਾ ਲੱਛਣ ਨਹੀਂ ਮੰਨਿਆ ਜਾਂਦਾ। ਹਾਲਾਂਕਿ ਇਕ ਸਾਲ ਬਾਅਦ ਜੇਕਰ ਲਗਾਤਾਰ ਤਿੰਨ ਮਹੀਨਿਆਂ ਤੱਕ ਮਾਹਵਾਰੀ ਅਨਿਯਮਿਤ ਰਹੇ ਤਾਂ ਡਾਕਟਰੀ ਸਲਾਹ ਲੈਣਾ ਜ਼ਰੂਰੀ ਹੈ। ਏਮਜ਼ ਦੇ ਪੀਡੀਆਟ੍ਰਿਕ ਵਿਭਾਗ ਵਿਚ ਪੀ. ਸੀ. ਓ. ਐੱਸ. ਲਈ ਹਰ ਮੰਗਲਵਾਰ ਅਤੇ ਸ਼ੁੱਕਰਵਾਰ ਨੂੰ ਵਿਸ਼ੇਸ਼ ਕਲੀਨਿਕ ਚਲਾਇਆ ਜਾਂਦਾ ਹੈ।

## ਨਾਂਦੇੜ 'ਚ 2.9 ਲੱਖ ਦੇ 675 ਕਿਲੋਗ੍ਰਾਮ ਖੁਰਾਕੀ ਉਤਪਾਦ ਕੀਤੇ ਜ਼ਬਤ

ਨਾਂਦੇੜ 30 ਸਤੰਬਰ। ਮਹਾਰਾਸ਼ਟਰ ਫੂਡ ਐਂਡ ਡਰੱਗ ਐਡਮਿਨਿਸਟਰੇਸ਼ਨ ਨੇ ਤਿਉਹਾਰਾਂ ਦੇ ਸੀਜ਼ਨ ਦੌਰਾਨ ਭੋਜਨ ਨਿਰੀਖਣ ਦੌਰਾਨ ਨਾਂਦੇੜ ਜ਼ਿਲ੍ਹੇ ਦੇ ਛੇ ਅਦਾਰਿਆਂ ਤੋਂ ਲਗਭਗ ?2.9 ਲੱਖ ਦੇ 675 ਕਿਲੋਗ੍ਰਾਮ ਭੋਜਨ ਉਤਪਾਦ ਜ਼ਬਤ ਕੀਤੇ ਹਨ। ਅਧਿਕਾਰੀਆਂ ਨੇ ਇਸ ਦੀ ਜਾਣਕਾਰੀ ਦਿੱਤੀ। ਉਨ੍ਹਾਂ ਦੱਸਿਆ ਕਿ ਇਹ ਕਾਰਵਾਈ ਰਾਜ ਵਿਆਪੀ ਸੁਰੱਖਿਅਤ ਭੋਜਨ, ਸੁਰੱਖਿਅਤ ਮਹਾਰਾਸ਼ਟਰ ਮੁਹਿੰਮ ਤਹਿਤ ਕੀਤੀ ਗਈ ਹੈ। ਇਸ ਮੁਹਿੰਮ ਦਾ ਉਦੇਸ਼ ਤਿਉਹਾਰਾਂ ਦੌਰਾਨ ਸੁਰੱਖਿਅਤ ਅਤੇ ਗੁਣਵੱਤਾ ਵਾਲੀਆਂ ਮਠਿਆਈਆਂ, ਖੋਆ, ਦੁੱਧ ਅਤੇ ਡੇਅਰੀ ਉਤਪਾਦਾਂ ਅਤੇ ਹੋਰ ਖਾਣ-ਪੀਣ ਦੀਆਂ ਵਸਤਾਂ ਦੀ ਉਪਲਬਧਤਾ ਨੂੰ ਯਕੀਨੀ ਬਣਾਉਣਾ ਹੈ। ਅਧਿਕਾਰੀਆਂ ਦੇ ਅਨੁਸਾਰ ਛੇ ਅਦਾਰਿਆਂ ਦੇ ਨਿਰੀਖਣ ਦੌਰਾਨ 8 ਭੋਜਨ ਨਮੂਨੇ ਵਿਸ਼ਲੇਸ਼ਣ ਲਈ ਲਏ ਗਏ ਅਤੇ 675 ਕਿਲੋਗ੍ਰਾਮ ਭੋਜਨ ਪਦਾਰਥ ਜ਼ਬਤ ਕੀਤੇ ਗਏ। ਜ਼ਬਤ ਕੀਤੀ ਗਈ ਸਮੱਗਰੀ ਵਿੱਚ ਘਿਓ, ਖੋਆ, ਦੁੱਧ ਅਤੇ ਡੇਅਰੀ ਉਤਪਾਦ ਅਤੇ ਹੋਰ ਖਾਣ-ਪੀਣ ਦੀਆਂ ਚੀਜ਼ਾਂ ਸ਼ਾਮਲ ਹਨ। ਅਧਿਕਾਰੀਆਂ ਨੇ ਨਾਂਦੇੜ ਦੇ ਡੇਗਲੂਰ ਨਾਕਾ ਵਿਖੇ ਸਥਿਤ ਸ਼ਿਵਕਰੂਪਾ ਮਿਲਕ ਸਟੋਰ ਤੋਂ 88 ਕਿਲੋ ਘਿਓ ਅਤੇ 49 ਕਿਲੋ ਖੋਆ ਜ਼ਬਤ ਕੀਤਾ। ਮਾਲੇਗਾਓਂ ਰੋਡ 'ਤੇ ਸਥਿਤ ਸ਼੍ਰੀਸਾਈ ਖੋਆ ਸੈਂਟਰ ਤੋਂ 99 ਕਿਲੋਗ੍ਰਾਮ ਅਤੇ ਐਮਆਈਡੀਸੀ ਖੇਤਰ ਦੇ ਖੰਡੇਲਵਾਲ ਸਵੀਟਸ ਤੋਂ 99 ਕਿਲੋਗ੍ਰਾਮ ਖੋਆ ਜ਼ਬਤ ਕੀਤਾ ਗਿਆ। ਭੋਕਰ ਤਹਿਸੀਲ ਦੇ ਪਲਾਜ ਪਿੰਡ ਤੋਂ 38 ਕਿਲੋਗ੍ਰਾਮ ਕੁੰਡਾ ਪੇੜਾ ਅਤੇ 78 ਕਿਲੋਗ੍ਰਾਮ ਮੀਠਾ ਪੇੜਾ ਜ਼ਬਤ ਕੀਤਾ ਗਿਆ। ਅਧਿਕਾਰੀਆਂ ਨੇ ਦੱਸਿਆ ਕਿ ਬਿਲੋਲੀ ਤਹਿਸੀਲ ਦੇ ਕੁੰਡਲਵਾੜੀ ਦੇ ਕਾਸ਼ੀਰਾਮ ਡਾਚਵਰ ਤੋਂ 146 ਲੀਟਰ ਰਿਫਾਇੰਡ ਸੋਇਆਬੀਨ ਤੇਲ ਅਤੇ ਮਾਹੂਰ ਤਹਿਸੀਲ ਦੇ ਵਾਈ ਬਾਜ਼ਾਰ ਦੇ ਜਗਦੰਬਾ ਬੀਕਾਨੇਰ ਤੋਂ 78 ਕਿਲੋ ਮਾਵਾ ਪੇੜਾ ਜ਼ਬਤ ਕੀਤਾ ਗਿਆ। ਇਨ੍ਹਾਂ ਛੇ ਸੰਸਥਾਵਾਂ ਤੋਂ ਇਲਾਵਾ, ਐਫਡੀਏ ਨੇ ਜ਼ਿਲ੍ਹੇ ਵਿੱਚ 28 ਹੋਰ ਭੋਜਨ ਸੰਸਥਾਵਾਂ ਦਾ ਨਿਰੀਖਣ ਕੀਤਾ ਅਤੇ ਵਿਸ਼ਲੇਸ਼ਣ ਲਈ 26 ਨਮੂਨੇ ਇਕੱਠੇ ਕੀਤੇ। ਅਧਿਕਾਰੀਆਂ ਨੇ ਕਿਹਾ ਕਿ ਜਾਂਚ ਰਿਪੋਰਟ ਦੇ ਆਧਾਰ 'ਤੇ ਅੱਗੇ ਦੀ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭੋਜਨ ਵਿੱਚ ਮਿਲਾਵਟ ਜਾਂ ਅਸੁਰੱਖਿਅਤ ਭੋਜਨ ਪਦਾਰਥਾਂ ਦੀ ਵਿਕਰੀ ਦਾ ਸ਼ੱਕ ਹੋਣ 'ਤੇ ਖਪਤਕਾਰ ਨਾਂਦੇੜ ਸਥਿਤ 641 ਦਫ਼ਤਰ ਨਾਲ ਸੰਪਰਕ ਕਰ ਸਕਦੇ ਹਨ ਜਾਂ FOSCOS ਆਨਲਾਈਨ ਪੋਰਟਲ ਜਾਂ ਵਿਭਾਗ ਦੇ ਸ਼ਿਕਾਇਤ ਪੋਰਟਲ ਰਾਹੀਂ ਸ਼ਿਕਾਇਤ ਦਰਜ ਕਰਵਾ ਸਕਦੇ ਹਨ।



# ਪ੍ਰਧਾਨ ਮੰਤਰੀ ਮੋਦੀ ਨਾਲ ਔਰਤ ਦੀ 'ਛੇੜਛਾੜ ਕੀਤੀ ਗਈ' ਤਸਵੀਰ ਤੁਰੰਤ ਹਟਾਏ ਮੇਟਾ : ਹਾਈ ਕੋਰਟ

**ਕੌਮੀ ਪਤ੍ਰਿਕਾ**

ਨਵੀਂ ਦਿੱਲੀ 30 ਸਤੰਬਰ। ਦਿੱਲੀ ਹਾਈ ਕੋਰਟ ਨੇਮੇਟਾ ਪਲੇਟਫਾਰਮਾਂ ਨੂੰ ਨਿਰਦੇਸ਼ ਦਿੱਤਾ ਕਿ ਉਹ ਸੋਸ਼ਲ ਮੀਡੀਆ 'ਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਇਕ ਔਰਤ ਦੀ 'ਛੇੜਛਾੜ ਕਰ ਕੇ ਬਣਾਈ ਗਈ ਤਸਵੀਰ' (ਮੋਰਫਡ ਫੋਟੋ) ਨਾਲ ਸੰਬੰਧਤ ਇਤਰਾਜ਼ਯੋਗ ਸਮੱਗਰੀ ਤੁਰੰਤ ਹਟਾ ਦੇਣ। ਜਸਟਿਸ ਗਿਰੀਸ਼ ਕਠਪਾਲੀਆ ਨੇ ਕਿਹਾ ਕਿ ਇਹ ਇਕ ਅਸਾਧਾਰਨ ਸਥਿਤੀ ਹੈ, ਜਿਸ 'ਚ ਮਾਮਲਾ ਸਿਰਫ਼ ਇਕ ਔਰਤ ਦਾ ਨਹੀਂ, ਸਗੋਂ ਦੇਸ਼ ਦੇ ਪ੍ਰਧਾਨ ਮੰਤਰੀ ਦਾ ਵੀ ਹੈ। ਉਨ੍ਹਾਂ ਕਿਹਾ ਕਿ ਜੇਕਰ ਦਿੱਲੀ ਪੁਲਸ ਇਸ ਮਾਮਲੇ ਪ੍ਰਤੀ ਸੰਵੇਦਨਸ਼ੀਲ ਨਹੀਂ ਹੈ, ਤਾਂ ਅਦਾਲਤ ਇਹ ਯਕੀਨੀ ਬਣਾਏਗੀ ਕਿ ਉਗ ਸੰਵੇਦਨਸ਼ੀਲ ਬਣੇ। ਹਾਈ ਕੋਰਟ ਨੇ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਆਗੂਆਂ ਸੌਰਵ ਦਾਸ, ਅਭਿਜੀਤ ਦੀਪਕੇ, ਆਸ਼ੁਤੋਸ਼ ਰੰਕਾ ਅਤੇ ਰਤਨਾ ਸਿੰਘ ਨੂੰ ਵੀ ਨੋਟਿਸ ਜਾਰੀ ਕੀਤਾ। ਔਰਤ ਨੇ ਦੋਸ਼ ਲਗਾਇਆ ਸੀ ਕਿ ਇਨ੍ਹਾਂ ਲੋਕਾਂ ਨੇ ਉਸ ਦੀ ਫੋਟੋ ਨਾਲ ਛੇੜਛਾੜ ਕੀਤੀ ਅਤੇ ਇਸ ਨੂੰ ਪ੍ਰਧਾਨ ਮੰਤਰੀ ਦੀ ਫੋਟੋ ਨਾਲ ਜੋੜ ਕੇ ਸਾਂਝਾ ਕੀਤਾ ਹੈ। ਅਦਾਲਤ ਨੇ ਮਾਮਲੇ ਦੀ ਅਗਲੀ ਸੁਣਵਾਈ 14 ਅਕਤੂਬਰ ਨੂੰ ਤੈਅ ਕੀਤੀ ਅਤੇ ਪੁਲਸ ਨੂੰ ਔਰਤ ਨੂੰ ਪੂਰੀ ਸੁਰੱਖਿਆ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ, ਜਿਸ ਨੇ ਕਿਹਾ ਹੈ ਕਿ ਉਸ ਨੂੰ ਜਾਨੋਂ ਮਾਰਨ ਦੀਆਂ ਧਮਕੀਆਂ ਮਿਲ ਰਹੀਆਂ ਹਨ। ਔਰਤ ਦੀ ਪਟੀਸ਼ਨ 'ਚ ਸੀਜੇਪੀ ਆਗੂਆਂ 'ਤੇ ਪ੍ਰਧਾਨ ਮੰਤਰੀ ਮੋਦੀ ਨਾਲ ਉਸ ਦੀਆਂ 'ਡੀਪਫੇਕ ਅਸ਼ਲੀਲ ਤਸਵੀਰਾਂ' ਪ੍ਰਸਾਰਿਤ ਕਰਨ ਦਾ ਦੋਸ਼ ਲਗਾਇਆ ਗਿਆ ਸੀ। ਇਸ ਪਟੀਸ਼ਨ 'ਚ ਕੁਝ ਅਜਿਹੀਆਂ ਡੀਪਫੇਕ ਤਸਵੀਰਾਂ ਨੂੰ ਹਟਾਉਣ ਦੀ ਮੰਗ ਕੀਤੀ ਗਈ ਹੈ, ਜਿਨ੍ਹਾਂ 'ਚ ਪ੍ਰਧਾਨ ਮੰਤਰੀ ਨਾਲ ਅਜਿਹੀਆਂ ਤਸਵੀਰਾਂ ਪ੍ਰਸਾਰਿਤ ਕੀਤੀਆਂ ਗਈਆਂ ਹਨ, ਜਿਨ੍ਹਾਂ 'ਚ ਔਰਤ ਦੇ ਚਿਹਰੇ ਨਾਲ ਛੇੜਛਾੜ ਕੀਤੀ ਗਈ ਸੀ। ਔਰਤ ਦੇ ਵਕੀਲ ਨੇ ਕਿਹਾ ਕਿ ਇਸ ਮਾਮਲੇ 'ਚ ਪਹਿਲਾਂ ਹੀ ਐੱਫਆਈਆਰ ਦਰਜ ਕੀਤੀ ਜਾ ਚੁੱਕੀ ਹੈ। ਹਾਲਾਂਕਿ, ਉਸ ਨੇ ਦਲੀਲ ਦਿੱਤੀ ਕਿ ਜ਼ਿੰਮੇਵਾਰ ਲੋਕਾਂ ਨੂੰ ਫੜਨ ਜਾਂ ਵਾਇਰਲ ਡੀਪਫੇਕ ਲਿੰਕਾਂ ਨੂੰ ਤੁਰੰਤ ਹਟਾਉਣ ਜਾਂ ਬਲਾਕ ਕਰਨ ਲਈ ਕੋਈ ਠੋਸ ਕਦਮ ਨਹੀਂ ਚੁੱਕੇ ਗਏ ਹਨ। ਪਟੀਸ਼ਨ 'ਚ ਕਿਹਾ ਗਿਆ ਹੈ,ਨਵੀਂ ਦਿੱਲੀ ਦੇ ਜੰਤਰ-ਮੰਤਰ 'ਤੇ ਹਾਲ ਹੀ 'ਚ ਕਾਕਰੋਚ ਜਨਤਾ ਪਾਰਟੀ (ਸੀਜੇਪੀ) ਦੇ ਵਿਰੋਧ ਪ੍ਰਦਰਸ਼ਨ ਦੌਰਾਨ, ਉੱਤਰਦਾਤਾ ਨੰਬਰ 2 ਤੋਂ 5 (ਸੀਜੇਪੀ ਆਗੂ) ਅਤੇ ਉਨ੍ਹਾਂ ਦੇ ਸਰਗਰਮ ਸਹਿਯੋਗੀਆਂ ਨੇ ਪਟੀਸ਼ਨਰ ਦੀ ਨਿੱਜੀ ਫੋਟੋ ਉਸ ਦੀ ਸਹਿਮਤੀ ਤੋਂ ਬਿਨਾਂ ਪ੍ਰਾਪਤ ਕੀਤੀ ਅਤੇ ਇੱਕ ਆਰਟੀਫੀਸ਼ੀਅਲ ਇੰਟੈਲੀਜੈਂਸ (ਏਆਈ) ਫੇਸ-ਸਵੈਪਿੰਗ ਟੂਲ ਦੀ ਵਰਤੋਂ ਕਰਕੇ, ਉਸ ਦੇ ਚਿਹਰੇ ਨੂੰ ਭਾਰਤ ਦੇ ਪ੍ਰਧਾਨ ਮੰਤਰੀ ਨਾਲ ਇਕ ਬਹੁਤ ਹੀ ਅਸ਼ਲੀਲ ਅਤੇ ਇਤਰਾਜ਼ਯੋਗ ਤਸਵੀਰ ਤਿਆਰ ਕਰ ਕੇ ਜੋੜ ਦਿੱਤਾ ਗਿਆ।



## ਸਰਕਾਰੀ ਸਕੂਲ ਦੇ ਖਾਣੇ 'ਚੋਂ ਨਿਗਲੀ ਮਰੀ ਹੋਈ ਛਿਪਕਲੀ, 40 ਬੱਚੇ ਬੀਮਾਰ, ਪਈਆਂ ਭਾਜੜਾਂ

ਨਵੀਂ ਦਿੱਲੀ 30 ਸਤੰਬਰ। ਤਾਮਿਲਨਾਡੂ ਦੇ ਤਿਰੂਵੱਲੂਰ ਜ਼ਿਲ੍ਹੇ ਤੋਂ ਸਕੂਲੀ ਬੱਚਿਆਂ ਦੀ ਸੁਰੱਖਿਆ ਅਤੇ ਭੋਜਨ ਦੀ ਗੁਣਵੱਤਾ ਨੂੰ ਲੈ ਕੇ ਇੱਕ ਗੰਭੀਰ ਮਾਮਲਾ ਸਾਹਮਣੇ ਆਇਆ ਹੈ। ਇੱਕ ਸਰਕਾਰੀ ਸਕੂਲ ਵਿੱਚ ਵਿਦਿਆਰਥੀਆਂ ਨੂੰ ਪਰੋਸੇ ਜਾਣ ਵਾਲੇ ਸਾਂਬਰ ਵਿੱਚੋਂ ਕਥਿਤ ਤੌਰ 'ਤੇ ਇੱਕ ਮਰੀ ਹੋਈ ਛਿਪਕਲੀ ਬਰਾਮਦ ਹੋਈ, ਜਿਸ ਨੂੰ ਦੇਖ ਸਕੂਲ ਵਾਲਿਆਂ ਦੇ ਹੋਸ਼ ਉੱਡ ਗਏ। ਰਿਪੋਰਟਾਂ ਦੇ ਅਨੁਸਾਰ ਇਹ ਘਟਨਾ ਤਿਰੂਵੱਲੂਰ ਜ਼ਿਲ੍ਹੇ ਦੇ ਇੱਕ ਪਿੰਡ ਦੇ ਇੱਕ ਸਰਕਾਰੀ ਸਕੂਲ ਵਿੱਚ ਵਾਪਰੀ, ਜਿੱਥੇ ਲਗਭਗ 50 ਵਿਦਿਆਰਥੀ ਪੜ੍ਹਦੇ ਹਨ। ਸ਼ੁੱਕਰਵਾਰ ਸਵੇਰੇ ਸਕੂਲ ਵਿੱਚ ਲਗਭਗ 40 ਬੱਚਿਆਂ ਨੂੰ ਆਮ ਵਾਂਗ ਨਾਸ਼ਤਾ ਦਿੱਤਾ ਗਿਆ। ਖਾਣਾ ਖਾਣ ਤੋਂ ਥੋੜ੍ਹੀ ਦੇਰ ਬਾਅਦ ਜਦੋਂ ਭਾਂਡਿਆਂ ਦੀ ਜਾਂਚ ਕੀਤੀ ਗਈ, ਤਾਂ ਸਾਂਬਰ ਦੇ ਅੰਦਰ ਇੱਕ ਮਰੀ ਹੋਈ ਕਿਰਲੀ ਤੈਰਦੀ ਹੋਈ ਮਿਲੀ। ਜਿਵੇਂ ਹੀ ਸਾਂਭਰ ਵਿੱਚ ਮਰੀ ਹੋਈ ਕਿਰਲੀ ਦੇ ਮਿਲਣ ਦੀ ਖ਼ਬਰ ਫੈਲੀ, ਸਕੂਲ ਵਿਚ ਦਹਿਸ਼ਤ ਫੈਲ ਗਈ। ਇਸ ਘਟਨਾ ਤੋਂ ਥੋੜ੍ਹੀ ਦੇਰ ਬਾਅਦ ਬਹੁਤ ਸਾਰੇ ਬੱਚਿਆਂ ਨੇ ਪੇਟ ਦਰਦ, ਉਲਟੀਆਂ ਅਤੇ ਚੱਕਰ ਆਉਣ ਦੀ ਸ਼ਿਕਾਇਤ ਕਰਨੀ ਸ਼ੁਰੂ ਕਰ ਦਿੱਤੀ।

## ਭੈਣ ਦੇ ਇਲਾਜ ਦੇ ਨਾਂ 'ਤੇ 'ਐਕਸ' 'ਤੇ ਅਪੀਲ ਕਰ ਕੇ 1.58 ਲੱਖ ਜੁਟਾਏ, ਨੌਜਵਾਨ ਗ੍ਰਿਫ਼ਤਾਰ

ਆਗਰਾ, 30 ਸਤੰਬਰ। ਭੈਣ ਦੀਆਂ ਅੱਖਾਂ ਦੇ ਇਲਾਜ ਦੇ ਨਾਂ 'ਤੇ ਸੋਸ਼ਲ ਮੀਡੀਆ ਪਲੇਟਫਾਰਮ 'ਐਕਸ' 'ਤੇ ਭਾਵੁਕ ਅਪੀਲ ਕਰ ਕੇ 1.58 ਲੱਖ ਰੁਪਏ ਇਕੱਠੇ ਕਰਨ ਦੇ ਦੋਸ਼ ਵਿਚ ਪੁਲਸ ਨੇ ਬਾਹ ਦੇ ਰਹਿਣ ਵਾਲੇ ਜੈ ਸਿੰਘ ਰਾਠੌਰ ਉਰਫ਼ ਅਜੇਵੀਰ ਸਿੰਘ ਨੂੰ ਗ੍ਰਿਫ਼ਤਾਰ ਕੀਤਾ ਹੈ। ਦੋਸ਼ ਹੈ ਕਿ ਉਸ ਨੇ ਦਿੱਲੀ ਦੇ ਸ਼੍ਰਾਫ਼ ਆਈ ਸੈਂਟਰ ਦੇ ਨਾਂ 'ਤੇ ਕਥਿਤ ਫ਼ਰਜ਼ੀ ਡਾਕਟਰੀ ਦਸਤਾਵੇਜ਼ਾਂ ਦੀ ਵਰਤੋਂ ਕਰ ਕੇ ਲੋਕਾਂ ਤੋਂ ਵਿੱਤੀ ਮਦਦ ਮੰਗੀ ਸੀ। ਰਕਾਬਗੰਜ ਦੇ ਰਹਿਣ ਵਾਲੇ ਮਦਨ ਮੋਹਨ ਸੋਨੀ ਅਨੁਸਾਰ, ਜੈ ਸਿੰਘ ਨੇ 'ਐਕਸ' 'ਤੇ ਪੋਸਟ ਕਰ ਕੇ ਆਪਣੀ 12 ਸਾਲਾ ਭੈਣ ਨੂੰ ਗਲੂਕੋਮਾ ਅਤੇ ਵਿਟ?ਰੀਅਸ ਹੈਮਰੇਜ ਤੋਂ ਪੀੜਤ ਦੱਸਿਆ ਸੀ।

# ਸੋਕਾ ਪ੍ਰਭਾਵਿਤ ਕਿਸਾਨਾਂ ਨੂੰ ਮਿਲੇਗੀ 2500 ਰੁਪਏ ਦੀ ਇਨਪੁੱਟ ਸਬਸਿਡੀ, ਕਰਨਾਟਕ ਸਰਕਾਰ ਦਾ ਵੱਡਾ ਐਲਾਨ

**ਕੌਮੀ ਪਤ੍ਰਿਕਾ**

ਬੰਗਲੁਰੂ 30 ਸਤੰਬਰ। ਕਰਨਾਟਕ ਦੇ ਉਪ ਮੁੱਖ ਮੰਤਰੀ ਜੀ. ਪਰਮੇਸ਼ਵਰ ਨੇ ਐਲਾਨ ਕੀਤਾ ਕਿ ਰਾਜ ਸਰਕਾਰ ਸੋਕਾ ਪ੍ਰਭਾਵਿਤ ਕਿਸਾਨਾਂ ਨੂੰ 2,500 ਰੁਪਏ ਦੀ ਇਨਪੁੱਟ ਸਬਸਿਡੀ ਪ੍ਰਦਾਨ ਕਰੇਗੀ, ਜਦੋਂ ਕਿ ਉਹ ਰਾਸ਼ਟਰੀ ਆਫ਼ਤ ਪ੍ਰਤੀਕਿਰਿਆ ਬਲ ਤੋਂ ਸਹਾਇਤਾ ਦੀ ਉਡੀਕ ਕਰ ਰਹੇ ਹਨ। ਵਿਧਾਨ ਸਭਾ ਵਿੱਚ ਸੋਕੇ ਦੀ ਸਥਿਤੀ 'ਤੇ ਚਰਚਾ ਦਾ ਜਵਾਬ ਦਿੰਦੇ ਹੋਏ ਪਰਮੇਸ਼ਵਰ ਨੇ ਕਿਹਾ ਕਿ ਸਹਾਇਤਾ ਦੇ ਪਹਿਲੇ ਪੜਾਅ ਵਿਚ ਸਰਕਾਰੀ ਖਜ਼ਾਨੇ 'ਤੇ ਲਗਭਗ 1,250 ਕਰੋੜ ਰੁਪਏ ਦਾ ਬੋਝ ਪਵੇਗਾ ਅਤੇ ਇਸ ਨਾਲ ਅੰਦਾਜ਼ਨ 45-50 ਲੱਖ ਕਿਸਾਨਾਂ ਨੂੰ ਲਾਭ ਹੋਵੇਗਾ। ਉਨ੍ਹਾਂ ਕਿਹਾ, ਕਿਸਾਨ ਅੱਜ ਮੁਸੀਬਤ ਵਿੱਚ ਹਨ। ਇਸ ਲਈ NDRF ਵਲੋਂ ਕੀਤੀ ਜਾਣ ਵਾਲੀ ਸਹਾਇਤਾ ਦੀ ਉਡੀਕ ਕਰਦੇ ਹੋਏ, ਅਸੀਂ ਰਾਜ ਸਰਕਾਰ ਵੱਲੋਂ ਹਰੇਕ ਕਿਸਾਨ ਨੂੰ ?2,500 ਦੀ ਇਨਪੁੱਟ ਸਬਸਿਡੀ ਦੇਣ ਦਾ ਫੈਸਲਾ ਕੀਤਾ ਹੈ। ਅਸੀਂ ਪਹਿਲੇ ਪੜਾਅ ਵਿੱਚ ਹੀ ਆਪਣੇ ਕਿਸਾਨਾਂ ਨੂੰ 1,250 ਕਰੋੜ ਦੇਵਾਂਗੇ। ਇਹ ਕੋਈ ਛੋਟੀ ਰਕਮ ਨਹੀਂ ਹੈ। ਇਸ ਨਾਲ ਅੰਦਾਜ਼ਨ 45 ਤੋਂ 50 ਲੱਖ ਕਿਸਾਨਾਂ ਨੂੰ ਲਾਭ ਹੋਵੇਗਾ। ਇਸ ਦੇ ਨਾਲ ਹੀ, ਸਰਕਾਰ ਕਿਸਾਨਾਂ ਦੀ ਹਰ ਸੰਭਵ ਮਦਦ ਕਰੇਗੀ। ਪਰਮੇਸ਼ਵਰ ਨੇ ਕੇਂਦਰ ਸਰਕਾਰ ਤੋਂ ਮੰਗ ਕੀਤੀ ਕਿ ਉਹ ਕਰਨਾਟਕ ਦੀ ਤੁਰੰਤ ਮਦਦ ਕਰੇ ਅਤੇ ਸੋਕੇ ਦੀ ਸਥਿਤੀ ਨੂੰ ਰਾਸ਼ਟਰੀ ਆਫ਼ਤ ਐਲਾਨੇ। ਉਨ੍ਹਾਂ ਕਿਹਾ ਕਿ ਰਾਜ ਦਾ ਅਨੁਮਾਨ ਹੈ ਕਿ 100-101 ਤਾਲੁਕਾਵਾਂ ਵਿੱਚ ਲਗਭਗ 18,000 ਕਰੋੜ ਰੁਪਏ ਦਾ ਨੁਕਸਾਨ ਹੋਵੇਗਾ ਅਤੇ ਉਨ੍ਹਾਂ ਨੇ ਰਾਹਤ ਵਜੋਂ 3,800 ਕਰੋੜ ਰੁਪਏ ਦੀ ਮੰਗ ਕੀਤੀ ਹੈ, ਜਦੋਂ ਕਿ ਲਗਭਗ 120 ਹੋਰ ਤਾਲੁਕਾਵਾਂ ਨੂੰ ਸੋਕਾ ਪ੍ਰਭਾਵਿਤ ਐਲਾਨੇ ਜਾਣ ਦੀ ਉਮੀਦ ਹੈ। ਉਨ੍ਹਾਂ ਕਿਹਾ ਕਿ ਸੋਕਾ ਪ੍ਰਭਾਵਿਤ ਸੂਚੀ ਵਿੱਚ ਸ਼ਾਮਲ ਤਾਲੁਕਾਵਾਂ ਦੀ ਗਿਣਤੀ ਅਤੇ NDRF ਦਿਸ਼ਾ-ਨਿਰਦੇਸ਼ਾਂ ਤਹਿਤ ਪ੍ਰਾਪਤ ਸਹਾਇਤਾ ਦੇ ਆਧਾਰ 'ਤੇ ਰਾਜ ਨੂੰ ਅੰਤ ਵਿੱਚ ਲਗਭਗ ?40,000 ਕਰੋੜ ਦੇ ਅਨੁਮਾਨਿਤ ਨੁਕਸਾਨ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਉਨ੍ਹਾਂ ਕਿਹਾ, ਇਨ੍ਹਾਂ ਮਾਪਦੰਡਾਂ ਵਿੱਚ ਬਾਰਿਸ਼ ਦਾ ਪੱਧਰ, ਫਸਲ ਅਤੇ ਬਿਜਾਈ ਦੀਆਂ ਸਥਿਤੀਆਂ, ਸੈਟੇਲਾਈਟ ਡੇਟਾ, ਮਿੱਟੀ ਦੀ ਨਮੀ ਅਤੇ ਪਾਣੀ ਦਾ ਭੰਡਾਰਨ ਸ਼ਾਮਲ ਹੈ, ਜਿਸ ਤੋਂ ਬਾਅਦ ਜ਼ਮੀਨੀ ਸੱਚਾਈ ਦੀ ਜਾਂਚ ਕੀਤੀ ਜਾਂਦੀ ਹੈ।



## ਮਨੀਪੁਰ ਦੇ ਕਾਮਜੋਂਗ 'ਚ ਖੂਨੀ ਖੇਡ ! 4 ਲੋਕਾਂ ਦੀਆਂ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮਿਲੀਆਂ

ਇੰਫਾਲ 30 ਸਤੰਬਰ। ਮਨੀਪੁਰ ਦੇ ਕਾਮਜੋਂਗ ਜ਼ਿਲ੍ਹੇ ਵਿੱਚ ਵੀਰਵਾਰ ਦੇਰ ਰਾਤ ਸ਼ੱਕੀ ਅੱਤਵਾਦੀਆਂ ਦੁਆਰਾ ਗੋਲੀ ਮਾਰ ਕੇ ਮਾਰੇ ਗਏ ਚਾਰ ਲੋਕਾਂ ਦੀਆਂ ਲਾਸ਼ਾਂ ਮਿਲੀਆਂ। ਪੁਲਸ ਦੇ ਅਨੁਸਾਰ ਜ਼ਿਲ੍ਹਾ ਹੈੱਡਕੁਆਰਟਰ ਤੋਂ ਲਗਭਗ 34 ਕਿਲੋਮੀਟਰ ਦੂਰ ਮਿਆਂਮਾਰ ਸਰਹੱਦ ਦੇ ਨੇੜੇ ਇੱਕ ਦੂਰ-ਦੁਰਾਡੇ ਪਿੰਡ ਪਿਲੋਂਗ ਦੇ ਇੱਕ ਸੁੰਨਸਾਨ ਖੇਤਰ ਵਿੱਚ ਗੋਲੀਆਂ ਨਾਲ ਵਿੰਨ੍ਹੀਆਂ ਲਾਸ਼ਾਂ ਮਿਲੀਆਂ। ਪੁਲਸ ਅਤੇ ਸਥਾਨਕ ਲੋਕਾਂ ਦੁਆਰਾ ਲੰਬੀ ਭਾਲ ਤੋਂ ਬਾਅਦ ਇਹ ਲਾਸ਼ਾਂ ਸਵੇਰੇ 1:30 ਵਜੇ ਦੇ ਕਰੀਬ ਬਰਾਮਦ ਕੀਤੀਆਂ ਗਈਆਂ। ਮ੍ਰਿਤਕਾਂ ਦੀ ਪਛਾਣ ਵਾਰੇਸ਼ੀਮ ਜਾਜੋ, ਫਾਮੀ ਜਾਜੋ, ਬੇਟਰਸਨ ਜਾਜੋ ਅਤੇ ਨਿੰਗਥੇਮ ਕਸ਼ੱਕ ਵਜੋਂ ਹੋਈ ਹੈ, ਜੋ ਸਾਰੇ ਤਾਂਗਖੁਲ ਨਾਗਾ ਭਾਈਚਾਰੇ ਨਾਲ ਸਬੰਧਤ ਹਨ। ਪੁਲਸ ਨੇ ਕਿਹਾ ਕਿ ਲਾਸ਼ਾਂ ਨੂੰ ਪੋਸਟਮਾਰਟਮ ਲਈ ਕਾਮਜੋਂਗ ਜ਼ਿਲ੍ਹਾ ਹਸਪਤਾਲ ਲਿਜਾਇਆ ਜਾ ਰਿਹਾ ਹੈ। ਸਥਾਨਕ ਲੋਕਾਂ ਨੇ ਦੋਸ਼ ਲਗਾਇਆ ਕਿ ਗੁਆਂਢੀ ਮਿਆਂਮਾਰ ਦੇ ਅੱਤਵਾਦੀ ਵੀਰਵਾਰ ਨੂੰ ਭਾਰਤੀ ਸਰਹੱਦ ਵਿੱਚ ਦਾਖਲ ਹੋਏ ਅਤੇ ਪੰਜ ਪਿੰਡ ਵਾਸੀਆਂ ਦੇ ਇੱਕ ਸਮੂਹ 'ਤੇ ਹਮਲਾ ਕੀਤਾ। ਉਨ੍ਹਾਂ ਵਿੱਚੋਂ ਇੱਕ ਭੱਜਣ ਵਿੱਚ ਕਾਮਯਾਬ ਹੋ ਗਿਆ ਅਤੇ ਘਟਨਾ ਦੀ ਜਾਣਕਾਰੀ ਸਥਾਨਕ ਅਧਿਕਾਰੀਆਂ ਨੂੰ ਦਿੱਤੀ।